ਐਮ.ਏ. (ਸਿੱਖ ਅਧਿਐਨ) ਭਾਗ ਪਹਿਲਾ — ਪਰਚਾ ਦੂਜਾ

ਸਮੈਸਟਰ-ਪਹਿਲਾ — ਸਿੱਖ ਧਰਮ ਅਤੇ ਇਤਿਹਾਸ-I

ਯੂਨਿਟ ਨੰਬਰ : 2

ਪਾਠ ਨੰਬਰ :


2.1 : ਖਾਲਸੇ ਦੀ ਸਿਰਜਨਾ

2.2 : ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ

2.3 : ਉਦਾਸੀ ਸੰਪ੍ਰਦਾਇ ਦਾ ਆਰੰਭ, ਵਿਕਾਸ ਅਤੇ ਵਿਸ਼ੇਸ਼ ਸਿਧਾਂਤ

2.4 : ਸੇਵਾਪੰਥੀ ਸੰਪ੍ਰਦਾਇ ਦਾ ਆਰੰਭ, ਵਿਕਾਸ ਅਤੇ ਵਿਸ਼ੇਸ਼ ਸਿਧਾਂਤ

2.5 : ਨਿਰਮਲਾ ਸੰਪ੍ਰਦਾਇ ਦਾ ਆਰੰਭ, ਵਿਕਾਸ ਅਤੇ ਵਿਸ਼ੇਸ਼ ਸਿਧਾਂਤ

2.6 : ਬੰਦਾ ਸਿੰਘ ਬਹਾਦਰ


ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ **www.dccpbi.com** ਤੋਂ ਡਾਊਨਲੋਡ ਕਰਨ।


ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ


(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ : 2.1**

## ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਦੀ ਸਾਜਣਾ ਅਤੇ ਮਹੱਤਵ

ਸਿੱਖ ਇਤਿਹਾਸ ਦੀ ਸਭ ਤੋਂ ਮਹੱਤਵਪੂਰਣ ਘਟਨਾ ਖਾਲਸੇ ਦੀ ਸਾਜਣਾ ਹੈ। ਇਸ ਨੇ ਇਕ ਅਜਿਹੀ ਸ਼ਕਤੀ ਨੂੰ ਜਨਮ ਦਿੱਤਾ ਜਿਸ ਨੇ ਇਕ ਸ਼ਾਨਦਾਰ ਇਤਿਹਾਸ ਦਾ ਨਿਰਮਾਣ ਕੀਤਾ। ਬਹੁਤ ਹੀ ਗੰਭੀਰ ਪ੍ਰਸਥਿਤੀਆਂ ਦੇ ਸਾਹਮਣੇ ਅਤੇ ਇਕ ਨਿਸ਼ਚਿਤ ਉਦੇਸ਼ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਇਹ ਮਹਾਨ ਕਾਰਜ ਸਿਰੇ ਚੜ੍ਹਾਇਆ। ਹੇਠ ਲਿਖੇ ਕਾਰਣਾਂ ਨੇ ਖਾਲਸਾ ਦੀ ਸਾਜਣਾ ਨੂੰ ਲਾਜ਼ਮੀ ਬਣਾਇਆ: □

### ਮੁਗਲ ਸਰਕਾਰ ਦੀ ਧਾਰਮਿਕ ਨੀਤੀ

ਭਾਰਤ ਉਸ ਸਮੇਂ ਔਰੰਗਜੇਬ ਦੇ ਅਧੀਨ ਸੀ ਤੇ ਉਹ ਇਸ ਨੂੰ ਇਸਲਾਮੀ ਰਾਜ ਬਣਾ ਦੇਣਾ ਚਾਹੁੰਦਾ ਸੀ। ਔਰੰਗਜੇਬ ਦੀ ਧਾਰਮਿਕ ਨੀਤੀ ਦੇ ਸਿੱਟੇ ਵਜੋਂ ਗੁਰੂ ਤੇਗ ਬਹਾਦੁਰ ਜੀ ਨੂੰ ਸ਼ਹੀਦੀ ਦੇਣੀ ਪਈ। ਮੁਗਲ ਬਾਦਸ਼ਾਹ ਨੇ ਆਪਣੇ ਸੂਬਾਈ ਗਵਰਨਰਾਂ ਨੂੰ ਹੁਕਮ ਦਿੱਤੇ ਕਿ ਉਹ ਮੰਦਿਰ ਤੇ ਗੁਰਦਵਾਰੇ ਢਾਹ ਦੇਣ ਤੇ ਇਨ੍ਹਾਂ ਦੀਆਂ ਧਾਰਮਿਕ ਤੇ ਵਿੱਦਿਅਕ ਗਤੀਵਿਧੀਆਂ ਨੂੰ ਬੰਦ ਕਰਵਾ ਦੇਣ। ਖਾਫੀ ਖਾਨ, ਜੋ ਇੱਕ ਸਮਕਾਲੀ ਇਤਿਹਾਸਕਾਰ ਸੀ ਦੇ ਕਥਨ ਅਨੁਸਾਰ ਔਰੰਗਜੇਬ ਨੇ ਹੁਕਮ ਦਿੱਤਾ ਸੀ ਕਿ ਸਿੱਖ ਗੁਰਦਵਾਰੇ ਢਾਹ ਦਿੱਤੇ ਜਾਣ ਅਤੇ ਮਸੰਦਾਂ ਤੋਂ ਦਸਵੰਧ ਇਕੱਠਾ ਕਰਨ ਦਾ ਦੋਸ਼ ਲਗਾ ਕੇ ਇਨ੍ਹਾਂ ਨੂੰ ਪਿੰਡਾਂ ਤੇ ਸ਼ਹਿਰਾਂ ਤੋਂ ਬਾਹਰ ਕੱਢ ਦਿੱਤਾ ਜਾਵੇ ਤਾਂ ਕਿ ਹਿੰਦੂਆਂ ਨੂੰ ਇਸਲਾਮ ਕਬੂਲਣ ਲਈ ਮਜ਼ਬੂਰ ਕੀਤਾ ਜਾ ਸਕੇ ਤੇ ਇਹ ਭਾਰਤ ਦਾ ਇਕੋ-ਇਕ ਧਰਮ ਬਣ ਜਾਵੇ ।

ਇਹ ਇਤਿਹਾਸਕ ਸੱਚ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਨਸ਼ਾ ਕਦੀ ਵੀ ਇਲਾਕਾ ਹਥਿਆਉਣ ਦੀ ਨਹੀਂ ਸੀ। ਉਹ ਚਾਹੁੰਦੇ ਸਨ ਕਿ ਗੈਰ ਮੁਸਲਮਾਨਾਂ ਨੂੰ ਆਪਣੇ ਧਾਰਮਿਕ ਵਿਚਾਰ ਤੇ ਮਨ ਮਰਜ਼ੀ ਦੇ ਢੰਗ ਨਾਲ ਪੂਜਾ ਕਰਨ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ। ਗੁਰੂ ਜੀ ਚਾਹੁੰਦੇ ਸਨ ਕਿ ਸਰਕਾਰ ਆਪਣੀ ਹਰ ਪਰਜਾ ਨੂੰ ਬਰਾਬਰ ਸਮਝੇ ਭਾਵੇਂ ਉਸ ਦਾ ਧਾਰਮਿਕ ਵਿਸ਼ਵਾਸ ਕੋਈ ਵੀ ਕਿਉਂ ਨਾ ਹੋਵੇ। ਜ਼ਬਰਦਸਤੀ ਧਰਮ-ਬਦਲੀ ਨਹੀਂ ਹੋਣੀ ਚਾਹੀਦੀ। ਸਰਕਾਰ ਦੀ ਜ਼ਬਰ ਵਾਲੀ ਨੀਤੀ ਤੋਂ ਆਪਣੀ ਸੁਰੱਖਿਆ ਲਈ ਅਤੇ ਆਪਣੇ ਕਮਜ਼ੋਰ ਤੇ ਬੇਸਹਾਰਾ ਬੇਦੋਸ਼ੇ ਲੋਕਾਂ ਦੀ ਸਹਾਇਤਾ ਲਈ ਉਨ੍ਹਾਂ ਨੇ ਹਰ ਸਿੱਖ ਨੂੰ ਤੇਜ਼ ਫੌਲਾਦ ਦਿੱਤਾ ਭਾਵ ਤਲਵਾਰ ਹੱਥ ਵਿਚ ਫੜਾਈ ।

### ਪਹਾੜੀ ਰਾਜੇ ਭਰੋਸੇਯੋਗ ਨਹੀਂ ਸਨ-

ਗੁਰੂ ਜੀ ਪਹਾੜੀ ਰਾਜਿਆਂ ਵੱਲੋਂ ਵੀ ਸੁਰੱਖਿਅਤ ਨਹੀਂ ਸਨ। ਉਨ੍ਹਾਂ ਦੇ ਮਨਾਂ ਵਿਚ ਇਹ ਭਾਵਨਾ ਘਰ ਕਰ ਗਈ ਸੀ ਕਿ ਜਦੋ ਵੀ ਗੁਰੂ ਦੀ ਸ਼ਕਤੀ ਵਧ ਗਈ ਤਾਂ ਉਹ ਉਨ੍ਹਾਂ ਦੇ ਇਲਾਕੇ ਹਥਿਆ ਲੈਣਗੇ। ਇਸ ਲਈ ਉਹ ਹਮੇਸ਼ਾ ਗੁਰੂ ਜੀ ਨੂੰ ਪਹਾੜੀ ਇਲਾਕੇ ਵਿੱਚੋਂ ਕੱਢ ਦੇਣ ਦੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਸਨ। *1690* ਈਸਵੀ ਤਕ ਜਿੰਨੇ ਵੀ ਹਮਲੇ ਗੁਰੂ ਜੀ ਤੇ ਹੋਏ, ਭਾਵੇਂ ਆਨੰਦਪੁਰ ਜਾਂ ਕਿਤੇ ਹੋਰ, ਪਹਾੜੀ ਰਾਜੇ ਉਨ੍ਹਾਂ ਦੇ ਖਿਲਾਫ ਇਕੱਠੇ ਹੋ ਜਾਂਦੇ ਸਨ। ਗੁਰੂ ਜੀ ਵਲੋਂ ਕੀਤੇ ਕਈ ਸੁਧਾਰਾਂ ਕਾਰਣ ਹਿੰਦੂ ਪੁਜਾਰੀਆਂ ਦੀ ਆਮਦਨ ਘੱਟ ਗਈ ਸੀ, ਸੋ ਉਹ ਵੀ ਗੁਰੂ ਜੀ ਤੇ ਉਸ ਦੇ ਸਿੱਖਾਂ ਦੇ ਕੱਟੜ ਵਿਰੋਧੀ ਹੋ ਗਏ ਸਨ। ਉਹ ਗੁਰੂ ਜੀ ਦੇ ਵਿਰੁੱਧ ਤੇ ਪਹਾੜੀਆਂ ਵਿਚ ਗੁਰੂ ਜੀ ਦੀ ਵੱਧ ਰਹੀ ਸ਼ਕਤੀ ਦੇ ਵਿਰੁੱਧ ਪਹਾੜੀ ਰਾਜਿਆਂ ਨੂੰ ਭੜਕਾਉਂਦੇ ਰਹਿੰਦੇ ਸਨ ।

## ਮਸੰਦ ਪ੍ਰਥਾ ਦਾ ਖਾਤਮਾ

ਮਸੰਦ ਪ੍ਰਥਾ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਵੱਡੇ ਪੈਮਾਨੇ ਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਕੇਂਦਰ ਤੋਂ ਦੂਰ ਦੇ ਇਲਾਕਿਆਂ ਵਿੱਚ ਪਹੁੰਚਾਣ ਲਈ ਜਥੇਬੰਦ ਕੀਤਾ ਗਿਆ ਸੀ। ਗੁਰੂ ਆਪਣੇ ਸ਼ਗਿਰਦਾਂ ਨਾਲ ਹਰ ਥਾਂ ਨਿੱਜੀ ਸੰਪਰਕ ਕਾਇਮ ਨਹੀਂ ਰੱਖ ਸਕਦੇ ਸਨ ਤੇ ਨਾ ਹੀ ਨਿੱਜੀ ਤੌਰ ਤੇ ਉਨ੍ਹਾਂ ਕੋਲ ਜਾ ਸਕਦੇ ਸਨ। ਗੁਰੂ ਸਾਹਿਬ ਨੂੰ ਆਪਣੇ ਸ਼ੁਰੂ ਕੀਤੇ ਕੰਮਾਂ ਦੀ ਪੂਰਤੀ ਲਈ ਆਪਣੇ ਸਿੱਖਾਂ ਕੋਲੋ ਧਨ ਇਕੱਠਾ ਕਰਨ ਦੀ ਵੀ ਲੋੜ ਸੀ। ਆਪਣੇ ਮੁੱਢਲੇ ਸਮੇਂ ਵਿਚ ਮਸੰਦ ਪ੍ਰਥਾ ਨੇ ਬੜੇ ਸ਼ਾਨਦਾਰ ਤੇ ਹੈਰਾਨੀਜਨਕ ਢੰਗ ਨਾਲ ਕੰਮ ਕੀਤਾ ਪਰੰਤੂ ਸਮੇਂ ਦੇ ਬੀਤਣ ਨਾਲ ਇਸ ਜਥੇਬੰਦੀ ਵਿਚ ਭ੍ਰਿਸ਼ਟਾਚਾਰ ਆ ਵੜਿਆ। ਪਰ ਗੁਰੂ ਗੋਬਿੰਦ ਸਿੰਘ ਦੇ ਸਮੇਂ ਮਸੰਦ ਪ੍ਰਥਾ ਦੀ ਸਥਿਤੀ ਅਜਿਹੀ ਹੋ ਗਈ ਸੀ ਕਿ ਇਸ ਦਾ ਖਾਤਮਾ ਹੋ ਗਿਆ ਤੇ ਉਸ ਦੀ ਥਾਂ ਨਵਾਂ ਪ੍ਰਬੰਧ ਕੀਤਾ ਜਾਣਾ ਵੀ ਲਾਜ਼ਮੀ ਹੋ ਗਿਆ ਸੀ। ਖਾਲਸਾ ਦੀ ਸਿਰਜਣਾ ਤੋਂ ਪਹਿਲਾਂ ਗੁਰੂ ਜੀ ਨੇ ਮਸੰਦ ਪ੍ਰਥਾ ਦਾ ਖਾਤਮਾ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਇਕ ਵੱਖਰੀ ਕੌਮ ਦੀ ਸਿਰਜਨਾ ਕਰਨਾ ਚਾਹੁੰਦੇ ਸਨ :□ਗੋਕਲ ਚੰਦ ਨਾਰੰਗ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਕੰਮ ਸ਼ੁਰੂ ਕੀਤਾ ਤਾਂ ਹਿੰਦੂ ਕੌਮ ਨਾਂ ਦੀ ਕੋਈ ਚੀਜ਼ ਮੌਜੂਦ ਨਹੀਂ ਸੀ। ਅਨੰਗਪਾਲ ਦੇ ਪਤਨ ਤੋਂ ਬਾਅਦ ਪੰਜਾਬ ਵਿੱਚ ਕੋਈ ਨੇਤਾ ਨਹੀਂ ਹੋਇਆ ਸੀ ।ਪਰ ਕੁੱਝ ਹਿੰਦੂ ਜਿੰਮੀਦਾਰ ਜੋ ਆਪਣੇ ਆਪ ਨੂੰ ਰਾਜਾ ਕਹਿੰਦੇ ਸਨ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਲੁਕ ਛਿਪ ਕੇ ਜੀ ਰਹੇ ਸਨ। ਪੰਜਾਬ ਦੇ ਹਿੰਦੂਆਂ ਵਿੱਚ ਹੁਣ ਰਾਜਨੀਤਿਕ ਸ਼ਕਤੀ ਨਹੀਂ ਰਹੀ। ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਹਿੰਦੂਆਂ ਦਾ ਸਿਰ ਚੁੱਕਣ ਦੀ ਕੋਸ਼ਿਸ਼ ਕੀਤੀ ਸੀ ਪਰੰਤੂ ਉਨ੍ਹਾਂ ਵਿੱਚੋਂ ਇੱਕ ਨਵੀਂ ਕੌਮ ਸਿਰਜਣ ਦਾ ਕੰਮ ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਿੰਮੇ ਸੀ। ਇਸ ਕੰਮ ਲਈ ਜੋ ਢੰਗ ਉਨ੍ਹਾਂ ਨੇ ਅਪਨਾਇਆ ਉਹ ਪਰਿਸਥਿਤੀਆਂ ਦੇ ਅਨੁਸਾਰ ਬਹੁਤ ਹੀ ਪ੍ਰਭਾਵੀ ਸੀ। ਉਨ੍ਹਾਂ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਹਿੰਦੂ ਕੌਮ ਦੇ ਤੌਰ ਤੇ ਕਮਜ਼ੋਰ ਹਨ ਅਤੇ ਸਬਰ ਹੀ ਉਨ੍ਹਾਂ ਦੀ ਇੱਛਾ - ਪੂਰਤੀ ਹੈ, ਉਨ੍ਹਾਂ ਦੀਆਂ ਉਮੰਗਾਂ ਬਹੁਤ ਛੋਟੀਆਂ ਹਨ ਅਤੇ ਸਰੀਰਕ ਵਿਰੋਧ ਲਈ ਅਯੋਗ ਹਨ, ਦੂਜਿਆਂ ਨੂੰ ਦੁੱਖ ਦੇਣ ਤੋਂ ਕਤਰਾਉਂਦੇ ਹਨ ਤੇ ਇੱਥੋ ਤੱਕ ਆਪਣੇ ਦੁਸ਼ਮਣਾ ਨੂੰ ਵੀ। ਇਸ ਲਈ ਉਨ੍ਹਾਂ ਵਿੱਚ ਫੌਜੀ ਪ੍ਰਵਿਰਤੀ ਪੈਦਾ ਕਰਨੀ ਜਰੂਰੀ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਕ ਕੌਮ ਦੀ ਭਾਵਨਾ ਪ੍ਰਦਾਨ ਕੀਤੀ ਤੇ ਜਿਸਦਾ ਪਹਿਲਾ ਤੱਤ ਏਕਤਾ ਸੀ। ਜਾਤੀ ਪ੍ਰਥਾ ਏਕਤਾ ਵਿੱਚ ਵੱਡੀ ਰੁਕਾਵਟ ਸੀ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦੱਸਿਆਂ ਕਿ ਜਾਤੀ ਪ੍ਰਥਾ ਹਿੰਦੂ ਸਮਾਜ ਵਿੱਚ ਬਾਅਦ ਦੀ ਉਪਜ ਹੈ ਤੇ ਕੋਈ ਵੀ ਉਨੀ ਦੇਰ ਸੱਚਾ ਸਿੱਖ ਨਹੀਂ ਹੋ ਸਕਦਾ ਜਿੰਨੀ ਦੇਰ ਉਹ ਜਾਤ-ਪਾਤ ਤੋਂ ਉੱਪਰ ਉੱਠ ਕੇ ਆਪਣੇ ਸਾਥੀਆਂ ਨੂੰ ਆਪਣਾ ਭਰਾ ਨਹੀਂ ਸਮਝਦਾ। ਗੁਰੂ ਗੋਬਿੰਦ ਸਿੰਘ ਜੀ ਚਾਰ ਜਾਤਾਂ ਨੂੰ ਇੱਕ ਲੜੀ ਵਿੱਚ ਪਰੋਣਾ ਨਹੀਂ ਸਨ ਚਾਹੁੰਦੇ ਸਗੋਂ ਸਮਾਜ ਦੀਆਂ ਕੁਝ ਸ਼੍ਰੇਣੀਆਂ ਤੇ ਧਾਰਮਿਕ ਵਿਸ਼ੇਸ਼ਾਧਿਕਾਰ ਨੂੰ ਖਤਮ ਕਰਕੇ ਇਕ ਧਰਮ ਨਿਰਪੱਖ ਲੋਕਤੰਤਰ ਪੈਦਾ ਕਰਨਾ ਚਾਹੁੰਦੇ ਸਨ। ਖਾਲਸਾ ਦੀ ਸਿਰਜਣਾ ਨਾਲ ਉਹ ਇਕ ਅਜਿਹਾ ਭਾਈਚਾਰਾ ਬਣਾਉਣਾ ਚਾਹੁੰਦੇ ਸਨ ਜਿਸ ਵਿੱਚ ਸਭ ਤੋਂ ਨੀਵਾਂ ਸਭ ਤੋਂ ਉੱਚੇ ਦੇ ਬਰਾਬਰ ਹੋਵੇ ।

## ਖਾਲਸੇ ਦੀ ਸਿਰਜਨਾ

ਗੁਰੂ ਗੋਬਿੰਦ ਸਿੰਘ ਜੀ ਨੇ ***1699*** ਈ ਦੀ ਵਿਸਾਖੀ ਵਾਲੇ ਦਿਨ ਆਨੰਦਪੁਰ ਵਿਖੇ ਸਿੱਖਾਂ ਦਾ ਇੱਕ ਭਾਰੀ ਇਕੱਠ ਬੁਲਾਇਆ। ਸਾਰੇ ਭਾਰਤ ਅਤੇ ਭਾਰਤ ਦੇ ਨਾਲ ਲੱਗਦੇ ਗੁਆਂਢੀ ਦੇਸ਼ਾਂ, ਜਿਨ੍ਹਾਂ ਵਿੱਚ ਅਫਗਾਨਿਸਤਾਨ ਵੀ ਸ਼ਾਮਿਲ ਸੀ, ਦੇ ਸਿੱਖਾਂ ਨੂੰ ਸੁਨੇਹੇ ਭੇਜੇ ਗਏ ਅਤੇ ਉਨ੍ਹਾਂ ਨੂੰ ਆਨੰਦਪੁਰ ਆਉਣ ਲਈ ਕਿਹਾ। ਨੀਯਤ ਮਿਤੀ ਤੇ ਕੇਸਗੜ੍ਹ ਦੇ ਸਥਾਨ ਤੇ ਲਗਭਗ ਇੱਕ ਲੱਖ ਲੋਕ ਇਕੱਠੇ ਹੋਏ।

ਜਦੋਂ ਸਾਰੇ ਬੈਠ ਗਏ ਤਾਂ ਗੁਰੂ ਜੀ ਨੇ ਤਲਵਾਰ ਮਿਆਨ ਵਿੱਚੋਂ ਕੱਢ ਲਈ ਅਤੇ ਕਿਹਾ, 'ਕਿ ਕੋਈ ਅਜਿਹਾ ਮਨੁੱਖ ਹੈ ਜੋ ਧਰਮ ਲਈ ਸਿਰ ਦੇਣ ਲਈ ਤਿਆਰ ਹੈ' ਤੀਸਰੀ ਅਜਿਹੀ ਪੁਕਾਰ ਤੇ ਲਾਹੌਰ ਨਿਵਾਸੀ ਇਕ ਖੱਤਰੀ ਦਇਆ ਰਾਮ ਉੱਠਿਆ ਅਤੇ ਉਸਨੇ ਆਪਣਾ ਸਿਰ ਭੇਟ ਕਰ ਦਿੱਤਾ। ਉਸ ਨੂੰ ਨਜ਼ਦੀਕ ਦੇ ਇੱਕ ਤੰਬੂ ਵਿੱਚ ਲਿਜਾਇਆ ਗਿਆ। ਗੁਰੂ ਜੀ ਸਭਾ ਵਿੱਚ ਵਾਪਸ ਆਏ ਤੇ ਇੱਕ ਹੋਰ ਮਨੁੱਖ ਦੀ ਮੰਗ ਕੀਤੀ ਜੋ ਆਪਨੀ ਬਲੀ ਦੇਣ ਲਈ ਤਿਆਰ ਹੋਵੇ। ਇਸੇ ਤਰ੍ਹਾਂ ਉਨ੍ਹਾਂ ਨੇ ਕਈ ਵਾਰ ਪੁਕਾਰਿਆ ਤੇ ਆਪਣੇ ਮੰਤਵ ਲਈ ਪੰਜ ਵਿਅਕਤੀ ਚੁਣੇ ਉਹ ਸਨ ਦਇਆ ਰਾਮ , ਲਾਹੌਰ ਦਾ ਖੱਤਰੀ, ਦਿੱਲੀ ਦਾ ਜੱਟ ਧਰਮ ਦਾਸ, ਦਵਾਰਕਾ ਦਾ ਛੀਬਾ ਮੁਹਕਮ ਚੰਦ, ਜਗਨਨਾਥ ਦਾ ਇਕ ਝਿਉਰ ਹਿੰਮਤ ਰਾਏ ਅਤੇ ਬਿਦਰ ਦਾ ਇਕ ਨਾਈ ਸਾਹਿਬ ਚੰਦ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕੇਸਰੀ ਰੰਗ ਦੇ ਇੱਕੋ ਜਿਹੇ ਕੱਪੜੇ (ਬਾਣਾ) ਪੁਆ ਕੇ ਉਨ੍ਹਾਂ ਨੂੰ ਦੀਵਾਨ ਦੇ ਸਾਹਮਣੇ ਲਿਆਂਦਾ। ਗੁਰੂ ਜੀ ਨੇ ਉਨ੍ਹਾਂ ਨੂੰ ਖੰਡੇ (ਦੋ ਧਾਰੀ ਤਲਵਾਰ) ਨਾਲ ਤਿਆਰ ਕੀਤਾ ਅੰਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਆਪਣੇ **ਪੰਜ ਪਿਆਰੇ** ਕਿਹਾ। ਹਰ ਇਕ ਦੇ ਨਾਂ ਦਾ ਆਖਰੀ ਭਾਗ ਛੱਡ ਦਿੱਤਾ ਗਿਆ ਤੇ ਉਸ ਦੀ ਬਜਾਏ ਉਸ ਦੇ ਨਾਲ **ਸਿੰਘ** ਸ਼ਬਦ ਜੋੜ ਦਿੱਤਾ ਗਿਆ ।

ਫਿਰ ਗੁਰੂ ਜੀ ਨੇ ਦੀਵਾਨ ਵਿੱਚ ਇਕ ਲੰਮਾ ਤੇ ਜੋਸ਼ੀਲਾ ਭਾਸ਼ਣ ਦਿੱਤਾ। ਬੂਟੇ ਸ਼ਾਹ ਤੇ ਅਹਿਮਦ ਸ਼ਾਹ ਅਨੁਸਾਰ ਹੋਰ ਗੱਲਾਂ ਤੋਂ ਇਲਾਵਾ ਗੁਰੂ ਜੀ ਨੇ ਹੇਠ ਲਿਖੀਆਂ ਗੱਲਾਂ ਕਹੀਆਂ :□

"ਮੈਂ ਤੁਹਾਨੂੰ ਧਰਮਾਂ ਦੀ ਵਿਰੋਧਤਾਈਆਂ ਛੱਡ ਕੇ ਇਕ ਨਸਲ ਤੇ ਇਕ ਰਸਤਾ ਅਪਨਾਉਣ ਲਈ ਕਹਿੰਦਾ ਹਾਂ , ਚਾਰ ਹਿੰਦੂ ਜਾਤਾਂ ਜਿਨ੍ਹਾਂ ਲਈ ਵੱਖਰੇ-ਵੱਖਰੇ ਨਿਯਮ ਬਣਾਏ ਗਏ ਹਨ, ਉਨ੍ਹਾਂ ਨੂੰ ਛੱਡ ਕੇ ਮਿਲਵਰਤਨ ਦਾ ਰਸਤਾ ਫੜੋ। ਆਜ਼ਾਦ ਹੋ ਕੇ ਇਕ ਦੂਜੇ ਨਾਲ ਘੁਲ-ਮਿਲ ਜਾਵੋ। ਕੋਈ ਆਪਣੇ ਆਪ ਨੂੰ ਦੂਜੇ ਤੋਂ ਵਧੀਆ ਨਾ ਸਮਝੇ। ਚਾਰੋ ਜਾਤਾਂ ਦੇ ਲੋਕ ਅੰਮ੍ਰਿਤ ਛੱਕਣ ਅਤੇ ਇਕੋ ਭਾਂਡੇ ਵਿੱਚੋ ਖਾਣ ਅਤੇ ਇੱਕ ਦੂਜੇ ਪ੍ਰਤੀ ਘ੍ਰਿਣਾ ਅਤੇ ਈਰਖਾ ਛੱਡ ਦੇਣ।' ਸਰਕਾਰੀ ਸੂਹੀਆਂ ਨੇ ਔਰੰਗਜੇਬ ਨੂੰ ਆਨੰਦਪੁਰ ਤੋਂ ਖਬਰ ਦਿੱਤੀ ਕਿ ਜਦੋਂ ਮੁੱਢਲੀ ਰਸਮ ਤੋਂ ਬਾਅਦ ਗੁਰੂ ਜੀ ਨੇ ਦੀਵਾਨ ਨੂੰ ਸੰਬੋਧਨ ਕੀਤਾ ਤਾਂ ਬਹੁਤ ਸਾਰੇ ਬ੍ਰਾਹਮਣਾਂ ਤੇ ਖਤਰੀਆਂ ਨੇ ਕਿਹਾ ਕਿ ਉਹ ਗੁਰੂ ਨਾਨਕ ਦੇ ਧਰਮ ਵਿੱਚ ਵਿਸ਼ਵਾਸ ਰੱਖਦੇ ਹਨ ਪਰ ਆਪਣੇ ਸਨਾਤਨ ਬਾਹਮਣੀ ਧਰਮ ਨੂੰ ਨਹੀਂ ਛੱਡ ਸਕਦੇ ਤੇ ਅੰਮ੍ਰਿਤ ਨਹੀਂ ਛੱਕ ਸਕਦੇ ਕਿਉਂਕਿ ਗੁਰੂ ਦੁਆਰਾ ਲਗਾਈਆਂ ਗਈਆਂ ਸ਼ਰਤਾਂ ਉਨ੍ਹਾਂ ਨੂੰ ਕਬੂਲ ਨਹੀਂ। ਪਰੰਤੂ ਫਿਰ ਵੀ ਵੀਹ ਹਜ਼ਾਰ ਲੋਕ ਉੱਠ ਖੜੇ ਹੋਏ ਤੇ ਅੰਮ੍ਰਿਤ ਛੱਕਣ ਲਈ ਆਪਣੀ ਰਜਾਮੰਦੀ ਦੇ ਦਿੱਤੀ ਤੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ ।

ਜਦੋਂ ਗੁਰੂ ਜੀ ਨੇ ਪੰਜ ਪਿਆਰਿਆ ਨੂੰ ਅੰਮ੍ਰਿਤ ਛਕਾ ਦਿੱਤਾ ਤਾਂ ਗੁਰੂ ਜੀ ਨੇ ਕਿਹਾ ਤੁਸੀਂ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸਾ ਪੰਥ ਵਿੱਚ ਸ਼ਾਮਿਲ ਕਰੋ ਮੈਂ ਵੀ ਤੁਹਾਡੇ ਵਿੱਚੋਂ ਹੀ ਇੱਕ ਬਣਨਾ ਚਾਹੁੰਦਾ ਹਾਂ।ਇਸ ਲਈ ਪੰਜ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਉਸੇ ਤਰੀਕੇ ਨਾਲ ਅੰਮ੍ਰਿਤ ਛਕਾਇਆ ਜਿਵੇਂ ਉਨ੍ਹਾਂ ਨੂੰ ਗੁਰੂ ਸਾਹਿਬ ਨੇ ਛਕਾਇਆ ਸੀ।ਇਸ ਤੋਂ ਬਾਅਦ ਗੁਰੂ ਜੀ ਤੇ ਉਨ੍ਹਾਂ ਵੱਲੋਂ ਅੰਮ੍ਰਿਤ ਛਕਾਏ ਸਿੱਖਾਂ ਵਿੱਚ ਕੋਈ ਫਰਕ ਨਾ ਰਿਹਾ। ਗੁਰੂ ਸਾਹਿਬ ਨੇ ਉਸ ਨੂੰ ਆਪਣਾ ਖਾਲਸਾ ਕਿਹਾ , ਉਨ੍ਹਾਂ ਨੇ ਇਸਨੂੰ ਆਪਣੇ ਆਪ ਨਾਲੋਂ ਵੀ (ਗੁਰੂ) ਦਾ ਸਾਕਾਰ ਰੂਪ ਕਿਹਾ। ਇਹ ਹੀ ਉਹਨਾਂ ਦਾ ਪਿਆਰਾ ਆਦਰਸ਼ ਸੀ ਤੇ ਉਹਨਾਂ ਤੋਂ ਬਾਅਦ ਉਹਨਾਂ ਦੀ ਥਾਂ ਲੈਣ ਦੇ ਯੋਗ ਸੀ। ਭਵਿੱਖ ਵਿੱਚ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਦਾ ਕੰਮ ਵੀ ਪੰਜ ਪਿਆਰਿਆ (ਸਿੰਘਾਂ) ਨੂੰ ਸੌਂਪਿਆ ਗਿਆ ।

ਅਗਲੇ ਕੁਝ ਦਿਨਾਂ ਦੇ ਅੰਦਰ ਅੱਸੀ ਹਜਾਰ ਲੋਕਾਂ ਨੇ ਅੰਮ੍ਰਿਤ ਛਕਿਆ। ਜਿਹੜੇ ਆਪਣੇ ਆਪ ਨੂੰ ਸਿੱਖ ਕਹਿੰਦੇ ਸਨ ਉਹਨਾਂ ਨੂੰ ਵੀ ਇਸ ਗੱਲ ਦੀ ਪ੍ਰੌੜਤਾ ਲਈ ਨਵੇ ਢੰਗ ਨਾਲ ਅੰਮ੍ਰਿਤ ਛਕਾਉਣ ਲਈ ਕਿਹਾ ਗਿਆ। ਜਿਨ੍ਹਾਂ ਨੇ ਰੀਤੀ ਦੇ ਨਾਲ ਅੰਮ੍ਰਿਤ ਛਕਿਆ ਉਹਨਾਂ ਨੂੰ ਸਿੱਖਿਆ ਦਿੱਤੀ ਗਈ

ਅਕਾਲ ਪੁਰਖ ਪਰਮਾਤਮਾ ਵਿੱਚ ਭਰੋਸਾ ਰੱਖਣ ਤੇ ਦਸਾਂ ਗੁਰੂਆਂ ਦੀ ਸਿੱਖਿਆ ਨੂੰ ਯਾਦ ਰੱਖਣ। ਉਨ੍ਹਾਂ ਨੂੰ ਆਪਣੇ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਤਲਵਾਰ ਰੱਖਣ ਦੀ ਹਦਾਇਤ ਕੀਤੀ ਗਈ। ਉਹਨਾਂ ਨੂੰ ਸਾਦਾ ਪਵਿੱਤਰ ਤੇ ਈਮਾਨਦਾਰੀ ਦੀ ਜਿੰਦਗੀ ਬਿਤਾਉਣ ਤੇ ਸ਼ਰਾਬ ਤੇ ਤੰਬਾਕੂ ਦੀ ਵਰਤੋਂ ਦੀ ਮਨਾਹੀ ਕੀਤੀ ਗਈ। ਸਿੱਖਾਂ ਨੂੰ ਪੰਜ **ਕਕਾਰਾਂ** ਜੋ **ਕ** ਅੱਖਰ ਨਾਲ ਸ਼ੁਰੂ ਹੁੰਦੀਆਂ ਪੰਜ ਵਸਤਾਂ ਕੇਸ, ਕੰਘਾ, ਕੱਛਾ, ਕੜਾ ਤੇ ਕਿਰਪਾਨ ਧਾਰਨ ਕਰਨ ਦਾ ਹੁਕਮ ਦਿੱਤਾ ਗਿਆ ।

ਬਹੁਤ ਗਿਣਤੀ ਵਿਚ ਲੋਕ ਖੰਡੇ ਦੀ ਪਾਹੁਲ ਨਾਲ ਤਿਆਰ ਕੀਤਾ ਅੰਮ੍ਰਿਤ ਛੱਕ ਕੇ ਚਲੇ ਗਏ। ਉਨ੍ਹਾਂ ਨੂੰ ਪਕਿਆਈ ਨਾਲ ਸਿੱਖ ਰਹਿਤ ਅਨੁਸਾਰ ਰਹਿਣ ਦਾ ਹੁਕਮ ਦਿੱਤਾ ਗਿਆ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ, ਸਿੱਖ ਰਹਿਤ, ਸਿੱਖਾਂ ਨੂੰ ਹੋਰਨਾਂ ਤੋਂ ਵੱਖਰਾ ਜਾਂ ਅੱਡ ਕਰਨ ਲਈ ਨਹੀਂ ਸੀ ਰੱਖੀ ਗਈ ਸਗੋਂ ਸਿੱਖ ਕੌਮ ਨੂੰ ਆਤਮਿਕ ਤੌਰ ਤੇ ਉੱਚਾ ਚੁੱਕਣ ਲਈ ਕੀਤੀ ਗਈ ਸੀ। ਇਹ ਰਹਿਤ ਸਿੱਖਾਂ ਦੇ ਜਥੇਬੰਦਕ ਜੀਵਨ ਦੀ ਸੁਰੱਖਿਆ ਲਈ ਦਿੱਤੀ ਗਈ ਸੀ, ਗੁਰੂ ਸਾਹਿਬ ਸਿੱਖਾਂ ਨੂੰ ਇਕੋ ਸ਼ਕਲ ਪ੍ਰਦਾਨ ਕਰਨਾ ਚਾਹੁੰਦੇ ਸਨ ਤਾਂ ਕਿ ਉਹਨਾਂ ਨੂੰ ਬਿਨਾਂ ਕਿਸੇ ਔਖ ਦੇ ਪਛਾਣਿਆ ਜਾ ਸਕੇ। ਉਹ ਚਾਹੁੰਦੇ ਸਨ ਕਿ ਉਹਨਾਂ ਦੇ ਸਿੱਖ ਸੰਤ-ਸਿਪਾਹੀ ਬਣਨ ਅਤੇ ਸੰਤ ਸਿਪਾਹੀ ਦਿੱਸਣ। ਉਹ ਤਲਵਾਰ ਨੂੰ ਪਰਮਾਤਮਾ ਦਾ ਹਥਿਆਰ ਸਮਝਦੇ ਸਨ ਜਿਸ ਨਾਲ ਜ਼ੁਲਮ ਕਰਨ ਵਾਲੇ ਨੂੰ ਤਬਾਹ ਕੀਤਾ ਜਾਂਦਾ ਹੈ। ਅਣ-ਕੱਟੇ ਵਾਲ ਸਦਾ ਹੀ ਮਹਾਤਮਾ ਲੋਕਾਂ ਨਾਲ ਜੁੜੇ ਰਹੇ ਹਨ। ਲੰਬੇ ਵਾਲਾਂ ਨੂੰ ਸਾਫ ਰੱਖਣ ਲਈ ਕੰਘੇ ਦੀ ਲੋੜ ਸੀ ਬਲਕਿ ਇਹ ਵਾਲਾਂ ਦਾ ਅਟੁੱਟ ਭਾਗ ਹੈ ਤੇ ਲੋਹੇ ਦਾ ਕੜਾ ਹੱਥ ਦੀ ਸੁਰੱਖਿਆ ਦਾ ਸਾਧਨ ਹ□ ਦੁਸ਼ਮਣ ਦੇ ਵਾਰ ਕਰਨ ਸਮੇਂ ਹੱਥ ਦੀ ਰਾਖੀ ਕਰਦਾ ਹੈ ਤੇ ਕਛਹਿਰਾ ਇਕ ਚੁਸਤ ਤੇ ਲਾਭਦਾਇਕ ਪੁਸ਼ਾਕ ਸੀ ।

## ਖਾਲਸੇ ਦੀ ਸਥਾਪਨਾ ਦਾ ਮਹੱਤਵ

ਖਾਲਸਾ ਦੀ ਸਿਰਜਣਾ ਤੋਂ ਬਾਅਦ ਗੁਰੂ ਜੀ ਨੇ ਆਪਣੇ ਆਪ ਨੂੰ ਖਾਲਸੇ ਵਿਚ ਅਭੇਦ ਕਰ ਦਿੱਤਾ। ਜਿਸ ਢੰਗ ਨਾਲ ਉਨ੍ਹਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਫਿਰ ਉਸੇ ਢੰਗ ਨਾਲ ਉਹਨਾਂ ਅੰਮ੍ਰਿਤ ਛੱਕ ਕੇ ਆਪਣੇ ਆਪ ਨੂੰ ਆਪਣੀ ਕਿਰਤ ਵਿੱਚ ਅਭੇਦ ਕਰ ਦਿੱਤਾ ਤੇ ਖਾਲਸਾ ਨੂੰ ਗੁਰੂ ਤੋਂ ਵੀ ਮਹਾਨ ਹੋਣ ਦੀ ਪਦਵੀ ਦਿੱਤੀ ।

## ਸਮਾਜਿਕ ਸਮਾਨਤਾ

ਗੋਕਲ ਚੰਦ ਨਾਰੰਗ ਅਨੁਸਾਰ, ਜਾਤੀ ਪ੍ਰਥਾ ਦਾ ਖਾਤਮਾ ਪਰਸਪਰ ਬਰਾਬਰੀ, ਸਾਂਝੀ ਪੂਜਾ, ਸਾਂਝੇ ਤੀਰਥ ਸਥਾਨ, ਸਾਰੀਆਂ ਸ਼੍ਰੇਣੀਆਂ ਲਈ ਇਕੋ ਬਾਹਰੀ ਪਹਿਰਾਵਾ ਅਜਿਹੇ ਸਾਧਨ ਸਨ, ਜਿਨ੍ਹਾਂ ਰਾਹੀਂ ਗੁਰੂ ਜੀ ਨੇ ਕੇਂਦਰੀ ਲੀਡਰਸ਼ਿਪ ਤੇ ਆਪਣੇ ਸਿੱਖਾਂ ਵਿਚ ਏਕਤਾ ਦਾ ਅਜਿਹਾ ਸੂਤਰ ਪਰੋ ਦਿੱਤਾ ਕਿ ਸਿੱਖ ਆਪਣੇ ਇਸ ਇਕੱਠ ਸਦਕਾ ਮੁਗਲਾਂ ਦੀਆਂ ਵੱਡੀਆਂ ਫੌਜਾਂ ਨਾਲ ਵੀ ਭਿੜ ਗਏ।

ਆਪਣੇ ਸਿੱਖਾਂ ਵਿਚੋਂ ਜਾਤ-ਪਾਤ ਨੂੰ ਖਤਮ ਕਰਕੇ ਉਹਨਾਂ ਨੇ ਸਮਾਜ ਵਿਚ ਇਕ ਇਨਕਲਾਬ ਲਿਆਂਦਾ। ਸਾਂਝੇ ਲੰਗਰ ਵਿਚ ਇਕੋ ਪੰਗਤ ਵਿਚ ਬੈਠ ਕੇ ਖਾਣਾ ਖਾਣ ਨਾਲ ਸਮਾਜਿਕ ਸਮਾਨਤਾ ਦਾ ਵਿਕਾਸ ਹੋਇਆ। ਅਜਿਹੇ ਯਤਨ ਪਹਿਲੇ ਗੁਰੂ ਸਾਹਿਬਾਨ ਵਲੋਂ ਵੀ ਸਫਲਤਾ ਨਾਲ ਕੀਤੇ ਗਏ ਸਨ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਹੋਰ ਅੱਗੇ ਵਧਾਇਆ। ਉਹਨਾਂ ਨੇ ਸ਼ੂਦਰ ਨੂੰ ਵੀ ਬੇਟਾ ਕਹਿ ਕੇ ਗਲ ਨਾਲ ਲਾਇਆ ਜਿਵੇਂ **ਰੰਗਰੇਟਾ ਗੁਰੂ ਕਾ ਬੇਟਾ।** ਉਹਨਾਂ ਨੇ ਬ੍ਰਾਹਮਣਾਂ, ਖਤਰੀਆਂ, ਨਾਈਆਂ, ਜੱਟਾਂ, ਧੋਬੀਆਂ, ਛੀਬਿਆਂ ਤੇ ਕਹਾਰਾਂ, ਸਭ ਨੂੰ ਇਕੋ ਬਾਟੇ (ਭਾਂਡੇ) ਵਿਚ ਅੰਮ੍ਰਿਤ ਛਕਾਇਆ।

ਉਹਨਾਂ ਨੂੰ ਛੂਤ-ਛਾਤ ਤੇ ਜਾਤ ਦੇ ਆਧਾਰ ਤੇ ਪਵਿੱਤਰ ਅਤੇ ਅਪਵਿੱਤਰ ਭੇਦਾਂ ਨੂੰ ਮਿਟਾ ਦਿੱਤਾ ਤੇ

ਸਮਾਜ ਦੀਆਂ ਭਿੰਨ-ਭਿੰਨ ਸ਼੍ਰੇਣੀਆਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ।

ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਦੀ ਸਾਜਨਾ ਦੇ ਪਿੱਛੇ ਇਕ ਵੱਡਾ ਉਦੇਸ਼ ਇਹ ਵੀ ਸੀ ਕਿ ਲਤਾੜਿਆਂ ਤੇ ਕੁਚਲਿਆਂ ਤੇ ਸਮਾਜ ਵੱਲੋਂ ਛੇਕੀਆਂ ਹੋਈਆਂ ਨਵੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਮਨੁੱਖਤਾ ਦੇ ਬਰਾਬਰ ਦੇ ਪੱਧਰ ਤੇ ਲਿਆਉਣਾ ਸੀ। ਜਿਸ ਗੱਲ ਨੂੰ ਮੱਧ-ਯੁੱਗ ਦੇ ਸੰਤ ਤੇ ਮਹਾਤਮਾ ਨਾ ਕਰ ਸਕੇ ਤੇ ਨਾ ਹੀ ਵੱਡੇ-ਵੱਡੇ ਸੁਧਾਰਕ ਕਰ ਸਕੇ ਉਹ ਕੰਮ ਗੁਰੂ ਜੀ ਨੇ ਕਰ ਕੇ ਵਿਖਾਇਆ। ਇਸ ਤੋਂ ਪਹਿਲਾਂ ਮਨੁੱਖ ਦਾ ਸਮਾਜਿਕ ਮਾਨ ਤੇ ਰੁਤਬਾ ਇਸ ਗੱਲ ਤੇ ਨਿਸ਼ਚਿਤ ਹੁੰਦਾ ਸੀ ਕਿ ਉਸਨੇ ਕਿਸ ਪਰਿਵਾਰ ਵਿੱਚ ਜਨਮ ਲਿਆ ਸੀ। ਇਹ ਸਿਧਾਂਤ ਸਦੀਆਂ ਤੋਂ ਸਾਰੇ ਦੇਸ਼ ਵਿੱਚ ਮੰਨਿਆ ਜਾਂਦਾ ਸੀ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਧਾਂਤ ਨੂੰ ਦ੍ਰਿੜਤਾ ਨਾਲ ਰੱਦ ਕਰ ਦਿੱਤਾ ਸੀ ਕਿਉਂਕਿ ਇਹ ਸਿਧਾਂਤ ਮਨੁੱਖ ਦੀ ਸਮਾਜਿਕ ਏਕਤਾ, ਆਪਸੀ ਪਿਆਰ ਤੇ ਹਮਦਰਦੀ ਦਾ ਵੈਰੀ ਸੀ। ਸਿੱਖਾਂ ਨੂੰ ਦੱਸਿਆ ਗਿਆ ਕਿ ਅੰਮ੍ਰਿਤ ਛਕਣ ਨਾਲ ਉਨ੍ਹਾਂ ਦੀ ਕੁੱਲ, ਕਿਰਤ, ਕਰਮ ਨਾਸ਼ ਹੋ ਜਾਂਦਾ ਹੈ ਜਿਸ ਦਾ ਭਾਵ ਕਿ ਹੁਣ ਸਮਾਜ ਵਿਚ ਉਨ੍ਹਾਂ ਦੇ ਸਥਾਨ ਉਨ੍ਹਾਂ ਦੇ ਕਿੱਤੇ, ਪਰਿਵਾਰ, ਧਰਮ ਤੇ ਨਿਰਭਰ ਨਹੀਂ ਸੀ ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਖਾਲਸੇ ਦੀ ਸਾਜਣਾ ਨੇ ਸਮਾਜਿਕ ਭਿੰਨਤਾਵਾਂ ਨੂੰ ਖਤਮ ਕਰਨ ਵਿੱਚ ਇਕ ਚਮਤਕਾਰੀ ਕਿਰਦਾਰ ਅਦਾ ਕੀਤਾ। ਅੰਮ੍ਰਿਤ ਛੱਕਣ ਤੋਂ ਬਾਅਦ ਹਰ ਵਿਅਕਤੀ ਨੂੰ ਸਿੱਖ ਧਰਮ (ਪੰਥ) ਵਿੱਚ ਦੂਜਿਆਂ ਦੇ ਬਰਾਬਰ ਦਾ ਦਰਜਾ ਦਿੱਤਾ ਜਾਂਦਾ ਸੀ, ਇੱਥੋਂ ਤੱਕ ਕਿ ਜਿਨ੍ਹਾਂ ਵਿਅਕਤੀਆਂ ਨੂੰ ਸਮਾਜ ਵਿੱਚ ਬਿਲਕੁਲ ਨਖਿਧ ਤੇ ਮਨੁੱਖਤਾ ਦਾ ਰਹਿੰਦ-ਖੂੰਹਦ ਸਮਝਿਆ ਜਾਂਦਾ ਸੀ, ਕਿਸੇ ਜਾਦੂ ਸ਼ਕਤੀ ਨਾਲ ਬਦਲ ਦਿੱਤੇ ਗਏ ਤੇ ਉਹ ਉੱਚੇ ਤੇ ਅਦਭੁੱਤ ਬਣਾ ਦਿੱਤੇ ਗਏ। ਚੂਹੜੇ, ਚਮਿਆਰ, ਨਾਈ, ਤੇ ਛੀਬੇ ਅਤੇ ਹਟਵਾਣੀਏ ਜਿਨ੍ਹਾਂ ਨੇ ਕਦੀ ਤਲਵਾਰ ਨੂੰ ਛੂਹਿਆ ਤੱਕ ਨਹੀਂ ਸੀ ਤੇ ਕਈ ਪੀੜ੍ਹੀਆਂ ਤੋਂ ਸਮਾਜ ਵਿਚ ਉੱਚੀਆਂ ਕਹੀਆਂ ਜਾਂਦੀਆਂ ਸ਼੍ਰੇਣੀਆਂ ਦੀ ਘ੍ਰਿਣਤ ਗੁਲਾਮੀ ਵਿੱਚ ਰਹਿੰਦੇ ਆ ਰਹੇ ਸਨ, ਗੁਰੂ ਗੋਬਿੰਦ ਸਿੰਘ ਜੀ ਦੀ ਜਾਦੂਈ ਲੀਡਰਸ਼ਿਪ ਅਧੀਨ ਉਹ ਬਲਵਾਨ ਯੋਧੇ ਬਣ ਗਏ ਤੇ ਡਰ ਨਾਲ ਫੇਰ ਉਹ ਕਦੀ ਵੀ ਨਹੀਂ ਕੰਬੇ ਤੇ ਗੁਰੂ ਦੇ ਇਸ਼ਾਰੇ ਮਾਤਰ ਤੇ ਮੌਤ ਦੇ ਜਬਾੜਿਆਂ ਵਿੱਚ ਕੁੱਦਣ ਲਈ ਤਿਆਰ ਰਹਿੰਦੇ ਸਨ।

**ਧਾਰਮਿਕ ਮਹੱਤਤਾ :** ਭਿੰਨ-ਭਿੰਨ ਗੁਰੂਆਂ ਦੇ ਅਧੀਨ ਸਿੱਖ ਸਮਾਜ ਇਕ ਖਾਸ ਅਨੁਸ਼ਾਸਨ ਦੀ ਪਾਲਣਾ ਕਰਦਾ ਰਿਹਾ ਜਦੋਂ ਤੱਕ ਕਿ ਉਸਦਾ ਪੂਰਣ ਵਿਕਾਸ ਨਾ ਹੋ ਗਿਆ ਤੇ ਗੁਰੂ ਆਪ ਉਸ ਵਿੱਚ ਜਜ਼ਬ ਨਾ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਤੇ ਆਪਣੀ ਸ਼ਖਸੀਅਤ ਨੂੰ ਖਾਲਸਾ ਪੰਥ ਵਿਚ ਮਿਲਾ ਕੇ ਅਭੇਦ ਕਰ ਦਿੱਤਾ ਜਾਂ ਦੂਜੇ ਸ਼ਬਦਾਂ ਵਿਚ ਭਵਿੱਖ ਵਿੱਚ ਖਾਲਸਾ ਹੀ ਗੁਰੂ ਬਣਨਾ ਸੀ। ਗੁਰੂ ਗੋਬਿੰਦ ਸਿੰਘ ਨੇ ਆਪਣੀ ਮੌਤ ਤੋਂ ਥੋੜਾਂ ਪਹਿਲਾਂ ਆਪਣੇ ਸਿੱਖਾਂ ਨੂੰ ਦੱਸ ਦਿੱਤਾ ਸੀ ਕਿ ਉਹ ਆਪਣੇ ਉਤਰਾਧਿਕਾਰੀ ਵਜੋਂ ਕਿਸੇ ਜਿਉਂਦੇ ਮਨੁੱਖ ਨੂੰ ਨਾਮਜਦ ਨਹੀਂ ਕਰਨਗੇ। ਸਿੱਖਾਂ ਨੇ ਜਦੋਂ ਉਹਨਾਂ ਤੋਂ ਪੁੱਛਿਆ ਕਿ ਉਹ ਫਿਰ ਭਵਿੱਖ ਵਿੱਚ ਗੁਰੂ ਦੇ ਦਰਸ਼ਨ ਕਿਵੇਂ ਕਰਨਗੇ ? ਉਹਨਾਂ ਨੇ ਉੱਤਰ ਦਿੱਤਾ ਕਿ ਉਨ੍ਹਾਂ ਨੇ ਗੁਰੂ ਦੀ ਪਦਵੀ ਖਾਲਸਾ ਨੂੰ ਦੇ ਦਿੱਤੀ ਹੈ ਤੇ ਉਹ (ਗੁਰੂ) ਸਦਾ ਖਾਲਸਾ ਵਿੱਚ ਹੀ ਨਿਵਾਸ ਕਰੇਗਾ। ਇਸ ਤਰ੍ਹਾਂ ***1708*** ਵਿੱਚ ਅੰਤਲੇ ਸਮੇਂ ਗੁਰੂ ਨੇ ਸੰਸਾਰਕ ਲੀਡਰਸ਼ਿਪ ਪੱਕੇ ਤੌਰ ਤੇ ਸਿੱਖਾਂ ਦੇ ਹਵਾਲੇ ਕਰ ਦਿੱਤੀ।

ਗੁਰੂ ਗੋਬਿੰਦ ਸਿੰਘ ਨੇ ਗੁਰੂ ਦੀ ਪਦਵੀ ਨੂੰ ਸਿੱਖਾਂ ਦੀ ਪਦਵੀ ਦੇ ਬਰਾਬਰ ਕਰ ਦਿੱਤਾ ਭਾਵੇਂ ਕਿ ਖਾਲਸਾ ਗੁਰੂ ਦੀ ਆਪਣੀ ਕਿਰਤ ਸੀ ਪਰੰਤੂ ਗੁਰੂ ਨੂੰ ਆਪਣੀ ਕਿਰਤ ਐਨੀ ਚੰਗੀ ਤੇ ਆਪਣੇ ਆਦਰਸ਼ ਦੀ ਪੂਰਤੀ ਵਰਗੀ ਲੱਗੀ ਕਿ ਉਹਨਾਂ ਨੇ ਆਪ ਉਸ ਨੂੰ ਪ੍ਰਣਾਮ ਕੀਤਾ। ਇਹ ਧਾਰਮਿਕ ਖੇਤਰ ਵਿੱਚ ਆਤਮਿਕ ਸਮਾਜਵਾਦ ਦਾ ਆਰੰਭ ਸੀ ਉਹਨਾਂ ਦੀ ਸਿੱਖਾਂ ਪ੍ਰਤੀ ਤੀਬਰ ਇੱਛਾ ਸੀ ਕਿ ਉਹਨਾਂ ਦੇ ਸਿੱਖ

ਇੱਕ ਸੰਗਠਿਤ ਤੇ ਜਥੇਬੰਦ ਜ਼ਿੰਦਗੀ ਜਿਉਣ। ਗੁਰੂ ਦੀ ਪਦਵੀ ਨੂੰ ਜੋ ਮਹੱਤਤਾ ਦਿੱਤੀ ਗਈ ਉਸ ਨਾਲ ਸਮਾਜ ਕਦੇ ਵੀ ਨਿਰੰਕੁਸ਼ ਲੀਡਰਸ਼ਿਪ ਤੇ ਨਿਰਭਰ ਨਹੀਂ ਰਿਹਾ। ਖਾਲਸਾ ਕਾਮਨਵੈਲਥ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਸੀ ਨਾਲ ਹੀ ਖੁਦ ਇਸਦੇ ਕਰਤਾ, ਭਾਵ ਗੁਰੂ ਦੀ। ਪਰੰਤੂ ਇਹ ਤਾਂ ਉਨ੍ਹਾਂ ਸਾਰਿਆਂ ਦੀ ਸਾਂਝੀ ਸੀ ਜਿਨ੍ਹਾਂ ਨੂੰ ਮਿਲਾ ਕੇ ਇਹ ਬਣਦੀ ਸੀ ।

ਗੁਰੂ ਗੋਬਿੰਦ ਸਿੰਘ ਨੇ ਗੁਰੂ ਦੀ ਸੰਗਤ ਨੂੰ ਪਰਮ ਪਿਤਾ, ਪਰਮਾਤਮਾ, ਜਾਂ ਵਾਹਿਗੁਰੂ ਦਾ ਖਾਲਸਾ ਬਣਾ ਦਿੱਤਾ ਤੇ ਇਹ ਘੋਸ਼ਣਾ ਕੀਤੀ ਕਿ ਖਾਲਸਾ ਵਾਹਿਗੁਰੂ ਦਾ ਹੈ ਤੇ ਜਿੱਤ ਵੀ ਵਾਹਿਗੁਰੂ ਦੀ ਹੈ **(ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ)** ਤੇ ਕਰਤਾ ਨੇ ਆਪਣੀ ਕਿਰਤ ਨੂੰ ਆਪਣੇ ਆਪ ਤੋਂ ਉੱਤਮ ਕਰਾਰ ਦਿੱਤਾ ਜਦੋਂ ਉਨ੍ਹਾਂ ਨੇ ਫਰਮਾਇਆ।

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸ਼ਾਦਿ ਸੁ ਦਾਨ ਕਰੇ
ਅਘ ਅਉਧ ਟਰੇ ਇਨਹੀ ਕੇ ਪ੍ਰਸ਼ਾਦਿ
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ□□-
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀਂ ਮੋ ਸੇ ਗਰੀਬ ਕਰੋਰ ਪਰੇ ।

**ਇਖਲਾਕ ਤੇ ਆਧਾਰਿਤ ਮਰਿਯਾਦਾ :** ਖਾਲਸਾ ਦੇ ਲਈ ਜੋ ਮਰਿਯਾਦਾ ਨੀਯਤ ਕੀਤੀ ਗਈ ਉਸ ਦਾ ਉਦੇਸ਼ ਸੀ ਸਿੱਖਾਂ ਲਈ ਸਖਤ ਅਨੁਸ਼ਾਸਨ। ਉਹਨਾਂ ਨੇ ਸਿੱਖੀ ਅਸੂਲਾਂ ਤੇ ਦ੍ਰਿੜ ਰਹਿਣਾ ਸੀ। ਸੈਨਾਪਤੀ ਅਨੁਸਾਰ, ਗੁਰੂ ਗੋਬਿੰਦ ਸਿੰਘ ਦਾ ਖਾਲਸਾ ਸਾਜਣ ਦਾ ਉਦੇਸ਼ ਇਕ ਅਜਿਹੇ ਸਮਾਜ ਦਾ ਨਿਰਮਾਣ ਕਰਨਾ ਸੀ ਜੋ ਪਵਿੱਤਰ ਜੀਵਨ ਬਤੀਤ ਕਰੇ ਅਤੇ ਲੋਕਾਂ ਦੀ ਜ਼ਾਲਮਾਂ ਤੇ ਬੁਰਾ ਕਰਨ ਵਾਲਿਆਂ ਤੋਂ ਰੱਖਿਆ ਕਰ ਸਕੇ। ਚੰਗੇ ਤੇ ਨੇਕ ਬਣਨਾ ਸਿੱਖ-ਪੰਥ ਦਾ ਮੁੱਢਲਾ ਅਸੂਲ ਹੈ ਤੇ ਇਸ ਨੂੰ ਕਦੇ ਵੀ ਬਦਲਣ ਨਹੀਂ ਦਿੱਤਾ ਗਿਆ। ਇਕ ਵਾਰ ਸਿੱਖਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਸਿੱਖਾਂ ਲਈ ਇਹ ਮਰਿਯਾਦਾ ਕਿਉ ਨੀਯਤ ਕੀਤੀ ਗਈ ਕਿ ਮੁਸਲਿਮ ਔਰਤਾਂ ਨੂੰ ਬਦਲੇ ਦੇ ਕਰਮ ਦੇ ਤੌਰ ਤੇ ਬੰਦੀ ਨਹੀਂ ਬਣਾਉਣਾ। ਇਸਦਾ ਜਵਾਬ ਗੁਰੂ ਜੀ ਨੇ ਇਹ ਦਿੱਤਾ ਕਿ ਮੈਂ ਸਿੱਖ ਸਮਾਜ ਤੇ ਪੰਥ ਨੂੰ ਬਹੁਤ ਹੀ ਉੱਚਾ ਚੁੱਕਣਾ ਚਾਹੁੰਦਾ ਹਾਂ ਤੇ ਇਸਨੂੰ ਡੂੰਘਾਈਆਂ ਵਿਚ ਨਹੀਂ ਧੱਕਣਾ ਚਾਹੁੰਦਾ। ਖਾਲਸਾ ਨੇ ਗੁਰੂ ਦੇ ਇਸ ਉੱਚ-ਆਦਰਸ਼ ਨੂੰ ਸਦਾ ਹੀ ਕਾਇਮ ਰੱਖਿਆ। ਤਲਵਾਰ ਠੀਕ ਕੀਮਤਾਂ ਦੀ ਰਾਖੀ ਲਈ ਉਠਾਈ ਗਈ ਨਾ ਕਿ ਹਮਲੇ ਤੇ ਜ਼ਬਰ ਲਈ।

ਗੁਰੂ ਗੋਬਿੰਦ ਸਿੰਘ ਨੇ ਮਹਿਸੂਸ ਕਰ ਲਿਆ ਕਿ ਜ਼ਾਲਿਮ ਦੀ ਆਤਮਾ ਜਬਰ ਤੇ ਜ਼ੁਰਮ ਕਰ-ਕਰ ਏਨੀ ਮਰ ਜਾਂਦੀ ਹੈ ਕਿ ਨਿਮਰਤਾ ਤੇ ਹਲੀਮੀ ਦਾ ਉਹਨਾਂ ਤੇ ਕੋਈ ਅਸਰ ਨਹੀਂ ਹੁੰਦਾ ਤੇ ਉਹ ਸਿਰਫ਼ ਤਲਵਾਰ ਦੀ ਬੋਲੀ ਹੀ ਸਮਝਦੇ ਸਨ, ਤੇ ਉਨ੍ਹਾਂ ਨੂੰ ਇਹ ਯਕੀਨ ਹੋ ਗਿਆ ਸੀ ਕਿ ਤਾਕਤ ਦਾ ਮੁਕਾਬਲਾ ਤਾਕਤ ਨਾਲ ਹੀ ਕੀਤਾ ਜਾ ਸਕਦਾ ਸੀ। ਇਸੇ ਕਰਕੇ ਉਹਨਾਂ ਸਦਾ ਤਲਵਾਰ ਦਾ ਪੱਖ ਪੂਰਿਆ। ਉਹ ਤਲਵਾਰ ਨੂੰ ਪਰਮਾਤਮਾ ਦਾ ਹੱਥ ਜਾਂ ਹਥਿਆਰ ਸਮਝਦੇ ਸਨ ਜਿਸ ਨਾਲ ਕਿ ਉਹ ਜ਼ੁਰਮ ਕਰਨ ਵਾਲਿਆ ਨੂੰ ਸਜਾ ਦਿੰਦਾ ਹੈ:

ਤਲਵਾਰ, ਤੂੰ ਸੰਤਾਂ ਦੀ ਰਖਿਅਕ ਹੈ
ਤੂੰ ਜ਼ਾਲਮਾਂ ਲਈ ਭਖਿਅਕ ਹੈ
ਤੂੰ ਪਾਪੀਆਂ ਨੂੰ ਖਿੰਡਾਉਣ ਵਾਲੀ ਹੈ

ਮੈਂ ਤੇਰੀ ਸ਼ਰਨ ਲੈਂਦਾ ਹਾਂ ।

ਗੁਰੂ ਜੀ ਦੀ ਤਲਵਾਰ ਲਈ ਇੰਨੀ ਸ਼ਰਧਾ ਸੀ ਕਿ ਉਹਨਾਂ ਨੇ ਇਸ ਨੂੰ ਪੰਜ ਕੱਕਿਆਂ ਵਿਚ ਸ਼ਾਮਲ ਕੀਤਾ ਜਾਂ ਸਿੱਖਾਂ ਲਈ ਰੱਖੀ ਰਹਿਤ ਦਾ ਜ਼ਰੂਰੀ ਭਾਗ ਬਣਾ ਦਿੱਤਾ। ਪਰੰਤੂ ਇਸ ਦਾ ਇਹ ਅਰਥ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਗੁਰੂ ਜੀ ਦਾ **ਜਿਸ ਦੀ ਲਾਠੀ ਉਸ ਦੀ ਭੈਂਸ** ਵਾਲੀ ਗੱਲ ਵਿਚ ਵਿਸ਼ਵਾਸ ਸੀ। ਇਹ ਮੰਨਿਆ ਗਿਆ ਕਿ ਤਲਵਾਰ ਧਾਰਨ ਕਰਨ ਵਾਲਾ ਜ਼ਰੂਰ ਹੀ ਦੈਵੀ ਮਿਸ਼ਨ ਨਾਲ ਵੀ ਭਰਪੂਰ ਹੋਵੇਗਾ। ਇਹ ਨਿਤਾਣਿਆਂ ਦੀ ਰੱਖਿਆ ਲਈ ਤੇ ਉਚਿਤ ਕਾਰਜਾਂ ਲਈ ਵਰਤੀ ਜਾਣੀ ਸੀ। ਅਜਿਹੇ ਉਦੇਸ਼ ਲਈ ਵਰਤੀ ਗਈ ਤਲਵਾਰ ਰੱਬੀ ਅਮਾਨਤ ਹੋਣ ਦਾ ਪ੍ਰਭਾਵ ਦਿੰਦੀ ਹੈ। ਇਸ ਦੀ ਵਰਤੋਂ ਸਿਰਫ ਉਦੋਂ ਹੀ ਜਾਇਜ਼ ਹੈ ਜਦੋਂ ਹੋਰ ਹੀਲੇ ਵਸੀਲੇ ਬੇਕਾਰ ਹੋ ਜਾਣ। ਗੁਰੂ ਜੀ ਨੇ ਰੱਬ ਤੋਂ ਇਹ ਹੀ ਮੰਗਿਆ ਕਿ ਉਹ ਤਲਵਾਰ ਦੀ ਵਰਤੋਂ ਉਚਿਤ ਕਾਰਜਾਂ ਲਈ ਕਰ ਸਕਣ। ਗੁਰੂ ਜੀ ਦੀ ਤਲਵਾਰ ਤਾਂ ਸਰਜਨ ਦੇ ਚਾਕੂ ਵਾਂਗ ਸੀ ਜਿਸ ਦਾ ਮੰਤਵ ਖੂਨ ਵਹਾਉਣਾ ਨਹੀਂ ਸਗੋਂ ਮਨੁੱਖੀ ਸਰੀਰ ਦੇ ਬਿਮਾਰ ਅੰਗ ਨੂੰ ਚੰਗੇ ਅੰਗ ਦੀ ਰੱਖਿਆ ਲਈ ਪਾਸੇ ਹਟਾਉਣਾ ਸੀ।

ਖਾਲਸੇ ਦੀ ਸਿਰਜਨਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਾਈ ਅਤੇ ਨੇਕੀ ਦੇ ਦੁਸ਼ਮਣਾਂ ਵਿਰੁੱਧ ਧਰਮ ਯੁੱਧ ਆਰੰਭ ਕਰ ਦਿੱਤਾ।ਧਰਮ-ਯੁੱਧ ਦਾ ਅਰਥ ਸੀ ਜ਼ੁਲਮ ਤੇ ਕੂੜ ਦੇ ਵਿਰੁੱਧ ਲੜਾਈ ਤੇ ਪਵਿੱਤਰ ਕੀਮਤਾਂ ਦੀ ਰਾਖੀ ਲਈ ਲੜਾਈ। ਇਸ ਦਾ ਅਰਥ ਸ਼ਕਤੀ ਲਈ ਅੰਨ੍ਹਾਂ ਸੰਘਰਸ਼ ਨਹੀਂ ਸੀ। ਜਦੋਂ ਵਿਰੋਧੀ ਦੇ ਮਨ ਨੂੰ ਦਲੀਲ ਤੇ ਠੀਕ ਸਿਖਿਆ ਨਾਲ ਨਾ ਬਦਲਿਆ ਜਾ ਸਕਦਾ ਹੋਵੇ ਜਾਂ ਬਦਲਣ ਦੇ ਯਤਨ ਅਸਫਲ ਹੋ ਗਏ ਹੋਣ ਤਾਂ ਧਰਮ ਯੁੱਧ ਦਾ ਅਰਥ ਹੈ ਹਥਿਆਬੰਦ ਸੰਘਰਸ਼। ਇਸ ਲਈ ਖਾਲਸੇ ਨੂੰ ਸੱਚਾਈ ਤੇ ਨੇਕੀ ਨੂੰ ਉਭਾਰਨ ਹਿਤ ਜੇ ਲੋੜ ਪਵੇ ਤਾਂ ਸ਼ਕਤੀ ਵਰਤ ਕੇ ਵੀ ਪੂਰਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

## ਖਾਲਸਾ-ਸਿੱਖੀ ਦਾ ਨਿਰਣੇਜਨਕ ਪੜਾਅ

ਨਵੀਂ ਅੰਮ੍ਰਿਤ ਛਕਾਉਣ ਦੀ ਪ੍ਰਥਾ ਪੁਰਾਣੀ ਰਿਵਾਇਤ ਦੇ ਢੰਗ ਨਾਲੋ ਬਿਲਕੁਲ ਭਿੰਨ ਸੀ। ਗੁਰੂ ਅਰਜਨ ਜੀ ਦੇ ਸਮੇਂ ਤਕ ਇਹ ਚਰਨ ਪਾਹੁਲ *(ਗੁਰੂ ਦੇ ਪੈਰਾਂ ਨੂੰ ਪਾਣੀ ਛੂਹਾ ਕੇ)* ਦੇ ਰੂਪ ਵਿਚ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਤਿਆਰ ਕੀਤਾ ਅੰਮ੍ਰਿਤ ਸੰਗਤਾਂ ਗ੍ਰਹਿਣ ਕਰਦੀਆਂ ਸਨ ਤੇ ਇਹ ਪ੍ਰਥਾ *1699* ਈਸਵੀ ਤਕ ਜਾਰੀ ਰਹੀ।*1699* ਈਸਵੀ ਵਿਚ ਖੰਡੇ ਦੀ ਧਾਰ ਨਾਲ ਤਿਆਰ ਕੀਤਾ ਅੰਮ੍ਰਿਤ ਛਕਾਇਆ ਗਿਆ।

ਡਾਕਟਰ ਫੌਜਾ ਸਿੰਘ ਅਨੁਸਾਰ, ਵਿਚਾਰਧਾਰਕ ਤੌਰ ਤੇ ਖਾਲਸੇ ਦੀ ਸਿਰਜਨਾ ਭਗਤੀ ਤੇ ਸ਼ਕਤੀ ਭਾਵ ਵਿੱਚ ਆਤਮਕ ਸ਼ਕਤੀ ਤੇ ਸੈਨਿਕ ਸ਼ਕਤੀ ਦੇ ਸੁਮੇਲ ਵਿਚੋਂ ਕੀਤੀ ਗਈ। ਖੰਡੇ ਦੀ ਧਾਰ ਨਾਲ ਤਿਆਰ ਕੀਤਾ ਅੰਮ੍ਰਿਤ ਛਕਾਉਣਾ ਇਕ ਮਨੋਵਿਗਿਆਨ ਨੁੰਮਣਾ (ਸਹਾਰਾ) ਸੀ ਤੇ ਅੰਮ੍ਰਿਤ ਛਕਾਉਣ ਵੇਲੇ ਨਵਾਂ ਨਾਂ ਦਿੱਤਾ ਜਾਣਾ ਵੀ ਸਿੱਖਾਂ ਦੇ ਮਨੋਵਿਗਿਆਨ ਵਿਚ ਕਰਾਂਤੀ ਲਿਆਉਣਾ ਸੀ।

ਇਸ ਤੋਂ ਬਿਨਾਂ ਗੁਰੂ ਨੇ ਖਾਲਸੇ ਨੂੰ ਇਹ ਪ੍ਰਭਾਵ ਦਿੱਤਾ ਕਿ ਉਹ ਸਿੱਧੇ ਪਰਮਾਤਮਾ ਦੇ ਨਿਯੰਤਰਣ ਅਤੇ ਰੱਖਿਆ ਵਿਚ ਹੈ। ਇਹ ਵਿਸ਼ਵਾਸ ਉਹਨਾਂ ਦੇ ਮਨ ਵਿਚ ਪੱਕੇ ਤੌਰ ਤੇ ਬਿਠਾ ਦਿੱਤਾ ਕਿ ਸਮੂਹ ਖਾਲਸਾ ਵਿਚ ਪਰਮਾਤਮਾ ਨਿਵਾਸ ਕਰਦਾ ਹੈ, ਤੇ ਜਦੋਂ ਵੀ ਪੰਜ ਸਿੰਘ ਜੁੜ ਕੇ ਬੈਠਣਗੇ ਗੁਰੂ ਸਦਾ ਉਹਨਾਂ ਦੇ ਅੰਗ ਸੰਗ ਹੋਵੇਗਾ।

ਪਰੰਤੂ ਇਹ ਸਿੰਘ (ਸਿੱਖ) ਸਿਰਫ ਸਿਪਾਹੀ ਨਹੀਂ ਹੋਣਗੇ। ਉਸ ਸਮੇਂ ਉਹ ਸੰਤ ਵੀ ਹੋਣਗੇ ਤੇ ਪਰਮਾਤਮਾ ਦੀ ਡੂੰਘੀ ਭਗਤੀ ਵਿਚ ਲੱਗੇ ਹੋਏ ਉਹ ਗੁਰੂਆਂ ਦੁਆਰਾ ਰਚੀ ਬਾਣੀ ਗਾਉਂਦੇ ਹੋਏ, ਖਾਲਸਾ ਲਈ ਰਹਿਤ ਦਾ ਅਨੁਸ਼ਾਸਨ ਰੱਖਿਆ ਹੋਇਆ ਹੈ ਉਸ ਦੀ ਪਾਲਣਾ ਕਰਦੇ ਹੋਏ ਤੇ ਸੱਚਾ ਸੁੱਚਾ ਚਰਿੱਤਰ ਰੱਖਦੇ ਹੋਏ, ਜੀਣਗੇ। ਸੰਤ ਅਤੇ ਸੈਨਿਕ ਦੇ ਜੁੜਦੇ ਵਿਚਾਰਾਂ ਵਿਚ ਕੋਈ ਵਿਰੋਧ ਨਹੀਂ

ਹੈ। ਅਸਲ ਵਿਚ ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ। ਆਤਮਕ ਤੇ ਇਖਲਾਕੀ ਕੀਮਤਾਂ ਨੂੰ ਮਨੁੱਖਤਾ ਲਈ ਬਚਾ ਕੇ ਰੱਖਣਾ ਹੈ ਤਾਂ ਉਸ ਦੀ ਰਾਖੀ ਸੈਨਿਕ ਸ਼ਕਤੀ ਨਾਲ ਹੀ ਕੀਤੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਖਾਲਸਾ ਦੀ ਸਾਜਣਾ ਕਰਨ ਵੇਲੇ ਇਹ ਗੱਲ ਨਹੀਂ ਭੁੱਲੇ ਕਿ ਉਸ ਨੂੰ ਖਾਸ ਚਿੰਨ੍ਹ ਦੇਣਾ ਹੈ ਤੇ ਉਹ ਸੀ ਕੇਸ ਤੇ ਦਾੜ੍ਹੀ ਰੱਖਣਾ। ਇਸ ਕਦਮ ਨਾਲ ਸਿੱਖਾਂ ਨੂੰ ਬਿਨਾਂ ਕਿਸੇ ਕੀਮਤ ਦੇਣ ਤੋਂ ਉਹਨਾਂ ਦੇ ਆਦਰਸ਼ ਦੇ ਅਨੁਸਾਰ ਇਕ ਨਵੇਕਲੀ ਦਿੱਖ ਮਿਲੀ ਤੇ ਨਾਲ ਹੀ ਇਸ ਰੂਪ ਵਾਲਾ ਖਾਲਸਾ ਹੁਣ ਆਪਣੀ ਪਹਿਚਾਣ ਲੁਕੋ ਨਹੀਂ ਸਕਦਾ ਸੀ ਜਿਹਾ ਕਿ ਪਹਿਲਾਂ ਕੁਝ ਸਿੱਖ ਕਰ ਲੈਂਦੇ ਸਨ।

**ਰਾਜਨੀਤਿਕ ਮਹੱਤਤਾ :**

ਸਮੂਹ (ਸਰਬੱਤ) ਖਾਲਸਾ ਨੂੰ ਸਿੱਖਾਂ ਦੇ ਹਰ ਤਰ੍ਹਾਂ ਦੇ ਮਾਮਲਿਆਂ ਵਿਚ ਸਰਵਉੱਚ ਸ਼ਕਤੀ ਦਿੱਤੀ ਗਈ। ਕੋਈ ਨੇਤਾ ਭਾਵੇਂ ਕਿੰਨਾ ਹੀ ਵੱਡਾ ਕਿਉ ਨਾ ਹੋਵੇ ਉਹ ਖਾਲਸਾ ਦੀ ਸੱਤਾ ਨੂੰ ਵੰਗਾਰ ਨਹੀਂ ਸਕਦਾ ਤੇ ਨਾ ਹੀ ਸਿੱਖ ਪੰਥ ਦੇ ਨਿਯਮਾਂ ਤੇ ਵਿਧਾਨ ਵਿੱਚ ਤਬਦੀਲੀ ਕਰ ਸਕਦਾ ਹੈ।ਸਿੱਖ ਇਤਿਹਾਸ ਵਿੱਚ ਅਸੀਂ ਜਿੰਨੇ ਵੀ ਸ਼ਾਸਕਾਂ ਨੂੰ ਵੇਖਦੇ ਹਾਂ ਉਹ ਖਾਲਸਾ ਦਾ ਹੀ ਭਾਗ ਸਨ ਤੇ ਉਨ੍ਹਾਂ ਨੇ ਜੋ ਵੀ ਕੀਤਾ ਖਾਲਸਾ ਦੇ ਨਾਮ ਤੇ ਹੀ ਕੀਤਾ। ਇਸ ਤਰ੍ਹਾਂ ਅਸਲ ਵਿੱਚ ਇਹ ਸਰਬੱਤ ਖਾਲਸਾ ਸੀ ਜਿਸ ਨੇ ਸਦਾ ਸਿੱਖ ਭਾਈਚਾਰੇ ਦੀ ਅਗਵਾਈ ਕੀਤੀ ਨਾ ਕਿ ਸਿੱਖ ਨੇਤਾਵਾਂ ਨੇ ਭਾਵੇਂ ਉਨ੍ਹਾਂ ਦਾ ਨਿੱਜੀ ਦਰਜਾ ਕਿੱਡਾ ਵੱਡਾ ਕਿਉਂ ਨਹੀਂ ਸੀ ।

ਸੋ ਗੁਰੂ ਗੋਬਿੰਦ ਸਿੰਘ ਦਾ ਪੱਕਾ ਵਿਸ਼ਵਾਸ ਸੀ ਕਿ ਆਤਮਿਕ ਤੇ ਸਰੀਰਕ ਸ਼ਕਤੀ ਆਪਸ ਵਿੱਚ ਜੁੜਨੀਆਂ ਚਾਹੀਦੀਆਂ ਹਨ। ਇੱਕ ਤੋਂ ਬਿਨ੍ਹਾਂ ਦੂਜੀ, ਹੋ ਸਕਦਾ ਹੈ, ਜ਼ੁਲਮ ਦਾ ਸ਼ਿਕਾਰ ਤੇ ਬੇਬਸ ਹੋ ਕੇ ਰਹਿ ਜਾਵੇ। ਇਸ ਕਰਕੇ ਦਸਵੇਂ ਗੁਰੂ ਨੇ ਆਤਮਿਕ ਉੱਨਤੀ ਦੇ ਨਾਲ-ਨਾਲ ਬਹਾਦਰੀ ਵਾਲਾ ਸਾਹਿਤ ਰਚ ਕੇ , ਸੈਨਿਕ ਸਿਖਲਾਈ ਦੇ ਕੇ ਯੁੱਧ ਤੇ ਹਥਿਆਰਾਂ ਦੀ ਚਮਕ ਦਮਕ ਨਾਲ ਬਹਾਦਰੀ ਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨ ਦਾ ਯਤਨ ਵੀ ਕੀਤਾ। ਸਿੱਖਾਂ ਦੇ ਆਖਰੀ ਗੁਰੂ ਨੇ, ਕੰਨਿਘਮ ਦੇ ਸ਼ਬਦਾਂ ਅਨੁਸਾਰ, **ਦਬੇ ਕੁਚਲੇ ਲੋਕਾਂ ਦੀ ਸੁੱਤੀ ਸਕਤੀ ਨੂੰ ਜਗਾਇਆ ਤੇ ਉਹਨਾਂ ਵਿਚ ਸਮਾਜਿਕ ਆਜ਼ਾਦੀ ਦੀ ਤੀਬਰ ਇੱਛਾ ਤੇ ਕੌਮੀ ਸਾਸਨ ਦਾ ਜਜ਼ਬਾ, ਗੁਰੂ ਨਾਨਕ ਦੁਆਰਾ ਪ੍ਰਚਾਰਿਤ ਧਰਮ, ਤੇ ਸ਼ੁੱਧ ਭਗਤੀ ਦੇ ਅਸੂਲਾਂ ਨਾਲ ਜੋੜ ਦਿੱਤਾ** ।

ਖਾਲਸਾ ਦੀ ਸਿਰਜਨਾ ਨਾਲ, ਜਿਵੇਂ ਕਿ ਇੰਦੂ ਭੂਸ਼ਣ ਬੈਨਰਜੀ ਦਾ ਕਹਿਣਾ ਹੈ ਕਿ ਸੈਨਿਕ ਪਰਵਿਰਤੀ ਨੂੰ ਕੌਮ ਦੇ ਧਰਮ ਸਿਧਾਂਤ ਵਜੋਂ ਅਪਣਾ ਲਿਆ ਗਿਆ ਤੇ ਇਸ ਸਮਾਜ ਦੀ ਵਾਂਗ-ਡੋਰ ਖੁਦ ਇਸਦੇ ਹੱਥਾਂ ਵਿੱਚ ਦਿੱਤੀ ਗਈ ਤੇ ਇਸ ਤਰ੍ਹਾਂ ਇਕ ਸੈਨਿਕ ਕਾਮਨਵੈਲਥ ਹੋਂਦ ਵਿੱਚ ਆਈ ਜੋ ਲੋਕਤੰਤਰੀ ਆਜ਼ਾਦੀ ਨਾਲ ਭਰਪੂਰ ਸੀ। ਪੂਰੇ ਸਮੁਦਾਏ ਦੀ ਝਲਕ ਹੀ ਹੁਣ ਬਦਲ ਗਈ ਸੀ ਕਿਉਂਕਿ ਹੁਣ ਇਸ ਨੇ ਹਰ ਤਰ੍ਹਾਂ ਦੇ ਜਬਰ ਤੇ ਜ਼ੁਲਮ ਨਾਲ, ਲੋੜੀਂਦੀ ਸ਼ਕਤੀ ਤੇ ਹੌਂਸਲੇ ਨਾਲ ਲੜਨ ਦੀ ਜਿੰਮੇਵਾਰੀ ਆਪਣੇ ਮੋਢਿਆ ਤੇ ਲੈ ਲਈ ਸੀ। ਗੁਰੂ ਸਾਹਿਬ ਨੇ ਐਲਾਨ ਕੀਤਾ□ਸਰਕਾਰ ਜਾਂ ਕਿਸੇ ਵੀ ਹੋਰ ਦੇ ਅਨਿਆਂ ਤੇ ਜ਼ਬਰ ਨੂੰ ਹੁਣ ਚੁੱਪਚਾਪ ਨਹੀਂ ਸਹਿਆ ਜਾਵੇਗਾ ਤੇ ਇਸਦੇ ਲਈ ਉਹਨਾਂ ਨੇ ਹਥਿਆਰਾਂ ਦੀ ਸ਼ਕਤੀ ਤੇ ਭਰੋਸਾ ਕੀਤਾ ਸੋ ਗੁਰੂ ਦਾ ਖਾਲਸਾ ਪ੍ਰਤੀ ਨਜ਼ਰੀਆ ਸ਼ੁਰੂ ਤੋਂ ਹੀ ਇਹ ਸੀ ਕਿ ਪੂਰੀ ਤਰ੍ਹਾਂ ਲੋਕ ਰਾਜੀ ਤੇ ਪੂਰਨ ਸਮੁਦਾਏ ਜੋ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਹੋਵੇ, ਜੋ ਸੱਚ ਦੇ ਰਾਹ ਤੇ ਚੱਲਣ ਲਈ ਸੰਘਰਸ਼ ਕਰ ਸਕੇ ਅਨਿਆਇ ਤੇ ਜਬਰ ਜੋ ਭਾਵੇਂ ਕਿਸੇ ਵੀ ਰੂਪ ਵਿਚ ਕੀਤਾ ਜਾਵੇ ਉਸ ਦੇ ਵਿਰੁੱਧ ਸਿਰ ਧੜ ਦੀ ਬਾਜ਼ੀ ਲਾ ਸਕੇ।

ਗੁਰੂ ਜੀ ਨੇ ਆਪਣੇ ਆਪ ਨੂੰ ਕੋਈ ਦੈਵੀ ਸ਼ਕਤੀ ਨਹੀਂ ਕਿਹਾ। ਉਹਨਾਂ ਨੇ ਉਹਨਾਂ ਲੋਕਾਂ ਨੂੰ ਕੋਸਿਆ ਜੋ ਉਹਨਾਂ ਨੂੰ ਅਵਤਾਰ ਕਹਿੰਦੇ ਹਨ। ਉਹਨਾਂ ਨੇ ਲਿਖਿਆ ਹੈ□

ਜੋ ਹਮ ਕੋ ਪਰਮੇਸੁਰ ਉਚਰਿ ਹੈ।
ਤੇ ਸਭ ਨਰਕਿ ਕੁੰਡ ਮਹਿ ਪਰਿ ਹੈ ।
ਮੈ ਹੋ ਪਰਮ ਪੁਰਖ ਕੋ ਦਾਸਾ,
ਦੇਖਨਿ ਆਯੋ ਜਗਤ ਤਮਾਸਾ ।

ਉਹਨਾਂ ਨੇ ਜੋ ਕੁਝ ਵੀ ਕੀਤਾ ਕਦੇ ਉਸ ਦਾ ਮਾਣ ਨਹੀਂ ਮੰਗਿਆ। ਆਪਣੀਆਂ ਜਿੱਤਾਂ, ਆਪਣੀ ਇੱਜ਼ਤ ਤੇ ਆਪਣੀ ਸ਼ਕਤੀ ਸਭ ਕਾਸੇ ਨੂੰ ਉਹ ਖਾਲਸੇ ਦੀ ਇੱਜਤ, ਮਾਣ ਤੇ ਸ਼ਕਤੀ ਨਾਲ ਜੋੜ ਦਿੰਦੇ ਸਨ।

ਖਾਲਸੇ ਦੀ ਸਿਰਜਣਾ ਨੇ ਸਿੱਖ ਸਮਾਜ ਨੂੰ ਇਕ ਵਿਲੱਖਣ ਕੌਮੀ ਚਰਿੱਤਰ ਦਿੱਤਾ। ਦਬੇ ਕੁਚਲੇ ਕਿਸਾਨਾਂ ਦੀਆਂ ਸੁੱਕੀਆਂ ਹੱਡੀਆਂ ਵਿੱਚ ਮੁੜ ਜਾਨ ਪੈ ਗਈ ਤੇ ਸਿੱਖਾਂ ਦੀ ਗਿਣਤੀ ਵਿੱਚ ਬੇਸ਼ੁਮਾਰ ਵਾਧਾ ਹੋਇਆ ।

ਪਰੰਤੂ ਕੁਝ ਇਤਿਹਾਸਕਾਰ ਇਹੋ ਜਿਹੇ ਵੀ ਹਨ ਜਿਨ੍ਹਾਂ ਨੇ ਗੁਰੂ ਸਾਹਿਬ ਦੀ ਇਸ ਕਾਰਵਾਈ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ। ਮਿਸਾਲ ਵਜੋਂ ਜਾਦੂ ਨਾਥ ਸਰਕਾਰ ਦੀ ਇਹ ਟਿੱਪਣੀ ਕਿ ਗੁਰੂ ਸਾਹਿਬ ਨੇ ਸਿੱਖਾਂ ਦੀਆਂ ਮਨੁੱਖੀ ਸ਼ਕਤੀਆਂ ਨੂੰ ਹੋਰ ਪਾਸਿਆਂ ਤੋਂ ਹਟਾ ਕੇ ਕੇਵਲ ਇਕ ਵਿਸ਼ੇਸ਼ ਲੀਹ ਉੱਤੇ ਪਾ ਦਿੱਤਾ। ਸਿੱਖ ਸਰਬਗੁਣ ਭਰਪੂਰ ਨਾ ਰਹੇ। ਗੁਰੂ ਸਾਹਿਬ ਨੇ ਸਿੱਖਾਂ ਦੀ ਪਰਮਾਰਥਕ ਏਕਤਾ ਅਤੇ ਧਾਰਮਿਕ ਸੰਗਠਨ ਨੂੰ ਸੰਸਾਰਿਕ ਸਫਲਤਾ ਅਤੇ ਰਾਜਨੀਤਿਕ ਉੱਨਤੀ ਦਾ ਸਾਧਨ ਬਣਾ ਲਿਆ। ਇਸ ਦਾ ਸਿੱਟਾ ਇਹ ਹੋਇਆ ਕਿ ਸਿੱਖਾਂ ਦੀ ਸਦੀਆਂ ਤੋਂ ਹੋ ਰਹੀ ਸਦਾਚਾਰਕ ਤੇ ਆਤਮਿਕ ਉੱਨਤੀ ਇਕ ਦਮ ਰੁੱਕ ਗਈ ਤੇ ਉਹ ਕੇਵਲ ਸਿਪਾਹੀ ਬਣ ਗਏ, ਠੀਕ ਨਹੀਂ ਜਾਪਦੀ। ਸਰਕਾਰ ਦਾ ਇਹ ਕਹਿਣ ਬਿਲਕੁਲ ਗਲਤ ਤੇ ਬੇ-ਬੁਨਿਆਦ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੀ ਸਿੱਖਿਆ ਦਾ ਤੱਤ ਰੂਪ ਜੋ ਸਿੱਖ ਧਰਮ ਦਾ ਸਾਰ ਹੈ, ਨੂੰ ਕਦੇ ਵੀ ਛੱਡਿਆ ਸੀ। ਇੰਦੂ ਭੂਸ਼ਣ ਬੈਨਰਜੀ ਦਾ ਕਹਿਣਾ ਹੈ ਕਿ ਜਾਦੂ ਨਾਥ ਨੇ ਇਹ ਕਹਿ ਕੇ ਸੈਨਿਕ ਯੋਗਤਾ ਤੇ ਰਾਜਨੀਤਿਕ ਆਜ਼ਾਦੀ ਦਾ ਸੱਚੀ ਧਾਰਮਿਕ ਜ਼ਿੰਦਗੀ ਨਾਲ ਕੋਈ ਮੇਲ ਨਹੀਂ ਹੈ ਆਪਣੇ ਆਪ ਨੂੰ ਇਕ ਬਹੁਤ ਹੀ ਗਲਤ ਸਥਿਤੀ ਵਿਚ ਫਸਾ ਲਿਆ ਹੈ।ਇਕ ਨੇਤਾ ਕਦੇ ਵੀ ਸੁਨਯ ਤੋਂ ਸ਼ੁਰੂ ਨਹੀਂ ਕਰਦਾ ਸਗੋਂ ਉਸ ਦੀਆਂ ਗਤੀਵਿਧੀਆਂ ਹਾਲਾਤਾਂ ਦੇ ਮੁਹੱਈਆ ਕੀਤੇ ਤੱਤਾਂ ਦੇ ਢਾਂਚੇ ਦੇ ਅਨੁਸਾਰ ਹੀ ਹੁੰਦੀਆਂ ਹਨ।

ਇਸ ਲਈ ਜਾਦੂ ਨਾਥ ਦਾ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਤੇ ਉਹਨਾਂ ਦੇ ਉੱਤਰਾਧਿਕਾਰੀਆਂ ਵੱਲੋਂ ਬਣਾਏ ਗਏ ਤੇ ਅਪਣਾਏ ਗਏ ਉੱਚੇ ਸਿੱਧਾਂਤਾਂ ਤੋਂ ਗਿਰ ਗਏ ਸਨ। ਇਸ ਸਥਿਤੀ ਦੀ ਸਮੀਖਿਆ ਗੋਕਲ ਚੰਦ ਨਾਰੰਗ ਨੇ ਬੜੇ ਠੀਕ ਢੰਗ ਨਾਲ ਕੀਤੀ ਹੈ, ਗੁਰੂ ਗੋਬਿੰਦ ਸਿੰਘ ਖੁਦ ਅਤੇ ਉਹਨਾਂ ਦੇ ਕੰਮ ਸਿੱਖ ਧਰਮ ਦੇ ਆਰੰਭ ਤੋਂ ਹੁਣ ਤੱਕ ਦੇ ਹੋਏ ਕੁਦਰਤੀ ਵਿਕਾਸ ਦਾ ਸਿੱਟਾ ਤੇ ਉਪਜ ਹਨ। ਜੋ ਫਸਲ ਗੁਰੂ ਗੋਬਿੰਦ ਸਿੰਘ ਦੇ ਸਮੇਂ ਪੱਕ ਕੇ ਤਿਆਰ ਹੋਈ ਉਸਨੂੰ ਗੁਰੂ ਨਾਨਕ ਨੇ ਬੀਜਿਆ ਸੀ ਤੇ ਉਸਦੇ ਉਤਰਾਧਿਕਾਰੀਆਂ ਨੇ ਉਸਨੂੰ ਪਾਣੀ ਦਿੱਤਾ ਸੀ। ਜਿਸ ਤਲਵਾਰ ਨਾਲ ਖਾਲਸਾ ਨੇ ਆਪਣੀ ਸਫਲਤਾ ਦਾ ਰਾਹ ਘੜਿਆ , ਉਸਦਾ ਲੋਹਾ ਗੁਰੂ ਨਾਨਕ ਦਾ ਹੀ ਸੀ ਤੇ ਗੁਰੂ ਗੋਬਿੰਦ ਸਿੰਘ ਨੇ ਤਾਂ ਉਸਨੂੰ ਢਾਲਿਆ ਹੀ ਸੀ।

ਗੁਰੂ ਗੋਬਿੰਦ ਸਿੰਘ ਵੱਲੋਂ ਜੋ ਖਾਲਸੇ ਲਈ ਅਨੁਸ਼ਾਸਨ ਨੀਯਤ ਕੀਤਾ ਗਿਆ ਸੀ, ਉਸਦੀ ਬੰਦਾ ਬਹਾਦਾਰ ਤੇ ਅਠਾਰਵੀਂ ਸਦੀ ਵਿੱਚ ਸਿੱਖ ਮਿਸਲਾਂ ਦੇ ਸਰਦਾਰਾਂ ਨੇ ਪੂਰੀ ਤਰ੍ਹਾਂ ਪਾਲਣਾ ਕੀਤੀ। ਖਾਲਸਈ ਵਿਚਾਰਾਂ ਨੇ ਸਿੱਖ ਸਰਦਾਰਾਂ ਲਈ ਸਦਾ ਮਿਸਾਲ ਦਾ ਕੰਮ ਦਿੱਤਾ। ਜਦੋਂ ਲੋਕਾਂ ਨੇ ਵੇਖਿਆ

ਕਿ ਉਹਨਾਂ ਦੇ ਨੇਤਾ ਉਹਨਾਂ ਸਿਧਾਂਤਾਂ ਤੋਂ ਪਰੇ ਜਾ ਰਹੇ ਸਨ ਜੋ ਨਿਰੋਲ ਧਾਰਮਿਕ ਸਨ ਤੇ ਸੰਪਰਦਾਇਕ ਤੇ ਕੱਟੜਤਾ ਵਾਲੇ ਨਹੀਂ ਸਨ, ਉਹਨਾਂ ਨੂੰ ਠੀਕ ਰਸਤਾ ਦਿਖਾਇਆ ਗਿਆ। ਸਾਰੇ ਸਿੱਖਾਂ ਨੇ ਸਿੱਖ ਪੰਥ ਜਾਂ ਖਾਲਸਾ ਕਾਮਨਵੈਲਥ ਨੂੰ ਆਪਣੇ ਗੁਰੂਆਂ ਦੀ ਪਵਿੱਤਰ ਕਿਰਤ ਸਮਝਿਆ ਤੇ ਜਿਸਨੂੰ ਆਖਰੀ ਸ਼ਕਲ ਗੁਰੂ ਗੋਬਿੰਦ ਸਿੰਘ ਨੇ ਪ੍ਰਦਾਨ ਕੀਤੀ ਸੀ। ਖਾਲਸਾ ਪੰਥ ਵੱਲੋਂ ਜਿੰਮੇਵਾਰੀ ਤੋਂ ਕਿਸੇ ਸਿੱਖ ਜਾਂ ਸਰਦਾਰ ਨੂੰ ਕੋਈ ਛੋਟ ਨਹੀਂ ਦਿੱਤੀ ਗਈ।ਕੋਈ ਵੀ ਖਾਲਸਾ ਪੰਥ ਤੋਂ ਉੱਪਰ ਨਹੀਂ ਹੋ ਸਕਦਾ। ਕੋਈ ਇਕੱਲਾ ਵਿਅਕਤੀ ਜਾਂ ਕੋਈ ਗਰੁੱਪ ਸਰਬੱਤ ਖਾਲਸਾ ਦੇ ਬਰਾਬਰ ਜਾਂ ਉੱਚਾ ਨਹੀਂ ਹੋ ਸਕਦਾ। ਕੋਈ ਸਿੱਖ ਸਰਦਾਰ ਮੁਗਲ ਸ਼ਾਸਕਾਂ ਵਾਂਗ ਇਹ ਸੋਚਣ ਦੀ ਜੁਰੱਅਤ ਨਹੀਂ ਕਰ ਸਕਦਾ ਸੀ ਕਿ ਉਹ ਇਕ ਵੱਖਰੀ ਜਮਾਤ ਨਾਲ ਸੰਬੰਧ ਰੱਖਦਾ ਹੈ ਤੇ ਪਰਮਾਤਮਾ ਨੇ ਉਸਨੂੰ ਦੂਜਿਆਂ ਤੇ ਰਾਜ ਕਰਨ ਲਈ ਪੈਦਾ ਕੀਤਾ ਹੈ। ਤੇ ਨਾ ਹੀ ਉਹ ਖਾਲਸਾ ਤੋਂ ਬਾਹਰ ਜਾਂ ਉੱਪਰ ਕੋਈ ਅਧਿਕਾਰ ਜਾਂ ਛੋਟ ਰੱਖ ਸਕਦਾ ਹੈ। ਉਸਦੇ ਸਾਹਮਣੇ ਸਦਾ ਇਹ ਗੱਲ ਰਹਿੰਦੀ ਸੀ ਕਿ ਉਸਦੀ ਜੋ ਸਥਿਤੀ ਹੈ ਉਹ ਉਸਦੇ ਕਿਸੇ ਨਿੱਜੀ ਗੁਣ ਕਰਕੇ ਨਹੀਂ ਸੀ ਸਗੋਂ ਗੁਰੂ ਤੇ ਖਾਲਸਾ ਪੰਥ ਦੀ ਕਿਰਪਾ ਕਰਕੇ ਹੈ। ਸਿੱਖ ਸਰਦਾਰਾਂ ਨੇ ਬਰਾਬਰ ਇਹ ਹੀ ਕਿਹਾ ਕਿ ਉਹ ਤਾਂ ਪੰਥ ਖਾਲਸਾ ਦੇ ਨਿਮਾਣੇ ਦਾਸ ਹਨ। ਖਾਲਸਾ ਦੀ ਮਰਜੀ ਹੀ ਉਹਨਾਂ ਦੀ ਮਰਜੀ ਅਤੇ ਉਹ ਖਾਲਸਾ ਦੀ ਖੁਸ਼ੀ ਅਤੇ ਸੇਵਾ ਲਈ ਸਦਾ ਕੰਮ ਕਰਨਗੇ।

ਹਰ ਸਿੱਖ ਦੇ ਲਈ ਖੰਡੇ ਦੀ ਧਾਰ ਵਾਲਾ ਅੰਮ੍ਰਿਤ ਛੱਕਣਾ ਤੇ ਖਾਲਸਾ ਪੰਥ ਦਾ ਮੈਂਬਰ ਬਣਨਾ ਜਰੂਰੀ ਸੀ। ਜਿਸ ਸਿੱਖ ਨੇ ਇਹ ਅੰਮ੍ਰਿਤ ਨਾ ਛਕਿਆ ਹੁੰਦਾ ਉਹ ਕਦੇ ਵੀ ਪੰਥ ਦੇ ਮੈਂਬਰਾਂ ਦੁਆਰਾ ਲੀਡਰ ਨਹੀਂ ਸੀ ਚੁਣਿਆ ਜਾ ਸਕਦਾ। ਉਹਨਾਂ ਸਾਰਿਆਂ ਨੂੰ ਖਾਲਸਾ ਲਈ ਨਿਯਤ ਰਹਿਤ ਅਪਣਾਉਣੀ ਪੈਂਦੀ ਸੀ। ਜੱਸਾ ਸਿੰਘ ਆਹਲੂਵਾਲੀਆ ਨੇ ਸਰਦਾਰ ਕਪੂਰ ਸਿੰਘ ਤੋਂ ਅੰਮ੍ਰਿਤ ਛੱਕਿਆ ਸੀ ਆਲਾ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਆ ਤੋਂ। ਘਨੱਈਆ ਮਿਸਲ ਦੇ ਮੋਢੀ ਅਮਰ ਸਿੰਘ ਸੰਘਾਣੀਆਂ ਦੇ ਜੱਥੇ ਜਾਂ ਡੇਰੇ ਵਿੱਚ ਸ਼ਾਮਿਲ ਹੋਣ ਵਾਲੇ ਹਰ ਮਨੁੱਖ ਲਈ ਅੰਮ੍ਰਿਤ ਛੱਕ ਕੇ ਸਿੰਘ ਸੱਜਣਾ ਲਾਜ਼ਮੀ ਬਣਾਇਆ ਗਿਆ। ਮਿਸਲਾਂ ਦੇ ਸਰਦਾਰਾਂ ਨੂੰ ਆਮ ਤੌਰ ਤੇ ਸਿੰਘ ਸਾਹਿਬ ਕਿਹਾ ਜਾਂਦਾ ਸੀ।

ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਲਈ ਇਹ ਲਾਜ਼ਮੀ ਬਣਾ ਦਿੱਤਾ ਸੀ ਕਿ ਉਹ ਆਪਣੇ ਫੈਸਲੇ ਪੰਚਾਇਤ ਸਭਾ ਵਿੱਚ ਕਰਵਾਉਣ ਤੇ ਸਾਂਝੀ ਦਿਲਚਸਪੀ ਦੇ ਮਾਮਲਿਆਂ ਤੇ ਸਾਰੇ ਫੈਸਲਿਆਂ ਦੀ ਪਰਵਾਨਗੀ ਸਮੂਹ ਸਮਾਜ ਵੱਲੋਂ ਲਈ ਜਾਵੇ ਜਿਨ੍ਹਾਂ ਲਈ ਕਿ ਉਹ ਫੈਸਲੇ ਕੀਤੇ ਜਾਣੇ ਸਨ।ਸਿੱਖ ਗੁਰੂ ਸਾਹਿਬ ਦੁਆਰਾ ਦਿੱਤੇ ਇਸ ਲੋਕ ਰਾਜੀ ਆਦਰਸ਼ ਉੱਤੇ ਸਿੱਖ ਸਰਦਾਰ ਸਦਾ ਕਾਇਮ ਰਹੇ ਤੇ ਸਦਾ ਹੀ ਪੂਰੀ ਸਮੱਰਥਾ ਨਾਲ ਇਸ ਦੀ ਪਾਲਣਾ ਕੀਤੀ। ਗੁਰਮਤ ਪੰਥਕ ਫੈਸਲਿਆਂ ਦੇ ਲੋਕਰਾਜੀ ਢੰਗ ਦੇ ਇਸ ਨੇਕ ਆਦਰਸ਼ ਦਾ ਇਕ ਤਗੜਾ ਪ੍ਰਗਟਾਵਾ ਸੀ। ਸ਼ੁਰੂ ਵਿਚ ਮਿਸਲਾਂ ਦੇ ਸਰਦਾਰ ਦਾ ਚੁਣਿਆ ਜਾਣਾ ਤੇ ਆਰੰਭ ਵਿਚ ਦਲ ਖਾਲਸਾ ਦੇ ਨੇਤਾ ਦਾ ਚੁਣੇ ਜਾਣਾ ਖਾਲਸਾ ਪੰਥ ਦੇ ਇਸ ਗਣਤੰਤਰੀ ਤੇ ਲੋਕ ਰਾਜੀ ਆਦਰਸ਼ ਦੇ ਅਨੁਕੂਲ ਸੀ। ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਗੋਬਿੰਦ ਸਿੰਘ ਪਹਿਲਾ ਅਜਿਹਾ ਭਾਰਤੀ ਨੇਤਾ ਸੀ ਜਿਸਨੇ ਆਪਣੇ ਸਿੱਖਾਂ ਨੂੰ ਲੋਕਤੰਤਰੀ ਸਿਧਾਂਤ ਸਿਖਾਏ ਤੇ ਇਕ ਦੂਜੇ ਨੂੰ ਭਾਈ (ਭਰਾ) ਕਹਿਣਾ ਅਤੇ ਗੁਰਮਤੇ ਦੀ ਪਾਲਣਾ ਕਰਨੀ ਸਿਖਾਈ।

ਮਿਸਲ ਦੇ ਸਰਦਾਰਾਂ ਨੇ ਆਪਣਾ ਰਾਜ , ਗੁਰੂ ਅਤੇ ਖਾਲਸੇ ਦੇ ਨਾਂ ਤੇ ਹੀ ਕੀਤਾ ਜਿਹਾ ਕਿ ਉਹਨਾਂ ਦੇ ਚਲਾਏ ਸਿੱਕਿਆਂ ਤੋਂ ਪਰਤੱਖ ਹੈ। ਗੁਰੂ ਗੋਬਿੰਦ ਸਿੰਘ ਨੇ ਹਥਿਆਰਾਂ ਨੂੰ ਉੱਚੀ ਪਦਵੀ ਦਿੱਤੀ ਤੇ ਉਹਨਾਂ ਨੂੰ ਸਨਮਾਨ ਤੇ ਸ਼ਰਧਾ ਨਾਲ ਰੱਖਿਆ ਤੇ ਚੁੱਕਿਆ। ਅਠਾਰਵੀਂ ਸਦੀ ਵਿੱਚ ਸਿੱਖਾਂ ਨੇ ਹਥਿਆਰਾਂ ਨੂੰ ਇਹੀ ਮਾਣ ਸਨਮਾਨ ਦਿੱਤਾ। ਸਾਰੇ ਮਹੱਤਵਪੂਰਣ ਕਾਗਜਾਂ (ਸਨਦਾਂ) ਅਤੇ ਸੰਧੀਆਂ ਜੋ ਸਿੱਖ ਸਰਦਾਰਾਂ ਦੀਆਂ ਆਪਸ ਵਿੱਚ ਜਾਂ ਦੂਜਿਆਂ ਨਾਲ ਹੁੰਦੀਆਂ, ਦੇ ਉੱਤੇ ਤਲਵਾਰ ਦਾ ਨਿਸ਼ਾਨ ਬਣਾਇਆ ਜਾਂਦਾ ਅਤੇ ਸਤਿਗੁਰੂ ਸ਼ਬਦ ਲਿਖਿਆ ਜਾਂਦਾ। ਇਸ ਤਰ੍ਹਾਂ ਸਤਿਗੁਰੂ ਤੇ ਤਲਵਾਰ ਨੂੰ

ਸ਼ਕਤੀ ਦਾ ਚਿੰਨ੍ਹ ਸਮਝਿਆ ਜਾਂਦਾ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਨੇ ਮਨੁੱਖਾਂ ਵਿੱਚ ਧਰਮ ਤੇ ਸਮਾਜਿਕ ਮਨੌਤਾਂ ਦੇ ਆਧਾਰ ਤੇ ਕਿਸੇ ਵੀ ਭਿੰਨਤਾਂ ਨੂੰ ਕਦੇ ਵੀ ਮਾਣਤਾ ਨਹੀਂ ਦਿੱਤੀ। ਖਾਲਸਾ ਦੀ ਸਿਰਜਣਾ ਕਰਕੇ ਕੌਮੀ ਏਕਤਾ ਦੀ ਨੀਂਹ ਚੌੜੀ ਅਤੇ ਪੱਕੀ ਕਰਨ ਦਾ ਹਰ ਸੰਭਵ ਯਤਨ ਕੀਤਾ।ਭਾਰਤ ਦੇ ਇਤਿਹਾਸ ਵਿੱਚ ਉਹਨਾਂ ਦੀ ਦੇਣ ਬਹੁਤ ਮਹਾਨ ਹੈ। ਉਹਨਾਂ ਨੇ ਰਾਜਨੀਤਿਕ ਜਬਰ ਅਤੇ ਧਾਰਮਿਕ ਕੱਟੜਪਣੇ ਦੇ ਵਿਰੁੱਧ ਉਸ ਭਾਈਚਾਰੇ ਨੂੰ ਜੱਥੇਬੰਦ ਕਰਕੇ ਲੜਨਾ ਸਿੱਖਿਆ ਜੋ ਸਮਾਨਤਾ ਤੇ ਲੋਕ ਰਾਜੀ ਸਿੱਧਾਂਤਾਂ ਤੇ ਆਧਾਰਿਤ ਸੀ ਅਤੇ ਜਿਸ ਨੇ ਹਰ ਤਰ੍ਹਾਂ ਦੀਆਂ ਬਨਾਵਟੀ ਰੋਕਾਂ ਅਤੇ ਦੀਵਾਰਾਂ ਤੋੜ ਕੇ ਲੋਕਾਂ ਵਿੱਚ ਇਕ ਸਮਾਜਿਕ ਚੇਤਨਾ ਦਾ ਵਿਕਾਸ ਕੀਤਾ ਅਤੇ ਖਾਲਸੇ ਲਈ ਜੋ ਰਹਿਤ ਅਨੁਸ਼ਾਸਨ ਬਣਾਇਆ ਗਿਆ ਉਸਨੇ ਸਦੀਆਂ ਤੱਕ ਸਦੀਆਂ ਤੱਕ ਸਿੱਖਾਂ ਦਾ ਰਸਤਾ ਰੋਸ਼ਨ ਕੀਤਾ ਅਤੇ ਇਸਦੇ ਮੈਂਬਰਾਂ ਨੂੰ ਅਤੀ ਦਰਜੇ ਦਾ ਜਬਰ ਅਤੇ ਸਖਤੀ ਸਹਿਣ ਦੀ ਸ਼ਕਤੀ ਦਿੱਤੀ। ਖਾਲਸਾ ਦੀ ਸਿਰਜਨਾ ਤੋਂ ਬਿਨ੍ਹਾਂ ਉਹਨਾਂ ਦਾ ਇਤਿਹਾਸ ਵਿਚ ਕੋਈ ਰਾਜਨੀਤਿਕ ਭਵਿੱਖ ਨਹੀਂ ਹੋ ਸਕਦਾ ਸੀ ।

## ਗੁਰੂ ਗੋਬਿੰਦ ਸਿੰਘ ਜੀ ਦੇ ਕੰਮ ਅਤੇ ਸ਼ਖਸੀਅਤ

ਵਿਚਾਰ ਅਤੇ ਅਮਲ ਦੋਹਾਂ ਹੀ ਪੱਖਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਥਾਨ ਇਤਿਹਾਸ ਵਿਚ ਨਿਵੇਕਲਾ ਹੈ। ਉਹਨਾਂ ਦੀ ਮੌਤ ਭਰ ਜਵਾਨੀ ਦੀ ਉਮਰ (42 ਸਾਲ) ਵਿੱਚ ਹੋਈ, ਜਦੋਂ ਕਿ ਮਨੁੱਖ ਇਸ ਉਮਰ ਵਿਚ ਮਸਾਂ ਜਿੰਦਗੀ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰਦੇ ਹਾਂ ਪਰੰਤੂ ਉਹਨਾਂ ਨੇ ਆਪਣੇ ਇਸ ਛੋਟੇ ਜਿਹੇ ਜੀਵਨ ਕਾਲ ਵਿਚ ਬਹੁਤ ਮਹਾਨ ਤੇ ਉੱਚ ਕੰਮ ਕਰ ਦਿਖਾਏ ਕਿ ਉਹਨਾਂ ਦਾ ਦਰਜਾ ਮਨੁੱਖ ਮਾਤਰ ਵਿਚ ਸਭ ਤੋਂ ਉਪਰਲੇ ਲੋਕਾਂ ਵਿਚ ਆਉਂਦਾ ਹੈ। ਆਪਣੇ ਸਮਕਾਲੀ ਜੀਵਨ ਅਤੇ ਪਰਿਸਥਿਤੀਆਂ ਤੇ ਜੋ ਸਿੱਧਾ ਤੇ ਫੈਸਲਾਕੁੰਨ ਪ੍ਰਭਾਵ ਉਹਨਾਂ ਛੱਡਿਆ, ਉਹ ਸਮੇਂ ਦੇ ਬੀਤਣ ਨਾਲ ਫਿੱਕਾ ਨਹੀਂ ਪਿਆ। ਉਹਨਾਂ ਦਾ ਸਰੂਪ (ਇਮੇਜ) ਅੱਜ ਵੀ ਭਾਰਤ ਵਿਚ ਇਕ ਮਹਾਨ ਜਿਉਂਦੀ ਸੱਚਾਈ ਹੈ। ਇਹ ਹਾਲੀ ਵੀ ਪਹਿਲਾਂ ਵਾਂਗ ਆਪਣੇ ਪਿਆਰੇ ਖਾਲਸਾ ਦੀ ਕਿਸਮਤ ਦਾ ਧਰੂ ਤਾਰਾ ਹੈ ਤੇ ਦਬਾਓ ਤੇ ਤੂਫਾਨਾਂ ਦੇ ਸਮੇਂ ਉਹਨਾਂ ਦਾ ਆਸਰਾ ਅਤੇ ਸਰਪ੍ਰਸਤ ਫਰਿਸ਼ਤਾ ਹੈ। ਆਮ ਤੌਰ ਤੇ ਸਾਰੇ ਭਾਰਤੀਆਂ ਲਈ ਖਾਸ ਕਰਕੇ ਆਪਣੇ ਸਿੱਖਾਂ ਲਈ ਉਹ ਦੇਸ਼ ਭਗਤੀ ਦਾ ਮਸੀਹਾ ਹਨ ਤੇ ਜਦੋਂ ਵੀ ਕਦੀ ਦੇਸ਼ ਨੂੰ ਖਤਰਾ ਹੋਵੇ ਤਾਂ ਉਹਨਾਂ ਨੂੰ ਨਿਝੱਕ ਯਾਦ ਕੀਤਾ ਜਾਂਦਾ ਹੈ। ਉਹਨਾਂ ਦੀ ਮਾਨਵਵਾਦੀ ਵਿਚਾਰਧਾਰਾ ਇੱਥੋਂ ਤੱਕ ਕਿ ਆਧੁਨਿਕ ਮਿਆਰਾਂ ਦੇ ਅਨੁਸਾਰ ਵੀ ਅੱਜ ਦੀ ਦੁੱਖਾਂ ਭਰੀ ਜ਼ਿੰਦਗੀ ਲਈ, ਜਿਸ ਵਿਚ ਕਿ ਸਾਡੀ ਸਭਿਅਤਾ ਘਿਰੀ ਹੋਈ ਹੈ, ਲਈ ਇਕ ਚਾਨਣ ਮੁਨਾਰਾ ਹੈ।

ਗੁਰੂ ਗੋਬਿੰਦ ਸਿੰਘ ਪਰਮਾਤਮਾ ਦੀ ਵਡਿਆਈ ਤੋਂ ਕਦੇ ਨਹੀਂ ਅੱਕਦੇ ਸਨ। ਉਹਨਾਂ ਨੇ ਆਪਣਾ ਜੀਵਨ ਉਸੇ ਦੀ ਸਰਬਵਿਆਪਕਤਾ ਵਿਚ ਬਿਤਾਇਆ ਤੇ ਉਸਦੀ ਨਦਰੇ ਕਰਮ ਤੋਂ ਬਿਨ੍ਹਾਂ ਜਿੰਦਗੀ ਉਹਨਾਂ ਲਈ ਇਕ ਲੰਮਾ ਤਸੀਹਾ ਤੇ ਉਸ ਦੀ ਰੱਖਿਅਕ ਹੱਥ ਤੋਂ ਪਰੇ ਰਹਿਣ ਦੀ ਸਜ਼ਾ ਸੀ। ਸਭ ਤਰ੍ਹਾਂ ਦੇ ਸੁੱਖ ਆਰਾਮ ਉਹਨਾਂ ਨੂੰ ਕਸਾਈਆਂ ਦੇ ਵਿੰਗ (ਚਾਕੂ) ਵਰਗਾ ਜਾਪਦਾ ਸੀ। ਉਹਨਾਂ ਦੀਆਂ ਅਨੇਕਾਂ ਕਿਰਤਾਂ ਤੇ ਖਾਸ ਕਰ ਜਾਪ ਸਾਹਿਬ ਅਤੇ ਅਕਾਲ ਉਸਤਤ ਉਸ ਪਰਮ ਪਿਤਾ ਪਰਮਾਤਮਾ ਲਈ ਸ਼ਰਧਾ ਦਾ ਇਕ ਚਿਰੰਜੀਵੀ ਯਾਦਗਾਰ ਹਨ। ਜਿੱਤ ਸਮੇਂ ਪਰਮਾਤਮਾ ਉਹਨਾਂ ਦਾ ਗਰੀਬ ਨਿਵਾਜ (ਨਿਮਾਣਿਆ ਦੇ ਮਾਣ), ਲੜਾਈ ਦੇ ਮੈਦਾਨ ਵਿਚ ਗਲੀਮਲਗੁਦਾਜ (ਵੈਰੀਆਂ ਦਾ ਘਾਤਕ) ਅਤੇ ਦੁੱਖ ਵਿੱਚ ਯਾਰ (ਮਿੱਤਰ) ਸੀ। ਅਕਾਲ ਪੁਰਖ ਵਿੱਚ ਉਹਨਾਂ ਦਾ ਵਿਸ਼ਵਾਸ ਕਦੇ ਵੀ ਨਹੀਂ ਡੋਲਿਆ, ਰਸਤਾ ਭਾਵੇਂ ਕਿੰਨਾ ਵੀ ਔਖਾ ਤੇ ਹਵਾ ਕਿੰਨੀ ਵੀ ਵਿਰੋਧੀ ਹੋਵੇ।

ਪਰੰਤੂ ਉਹ ਇਕਾਂਤ ਵਿਚ ਭਗਤੀ ਕਰਕੇ ਆਪਣੀ ਕੀਮਤੀ ਸ਼ਕਤੀ ਨੂੰ ਨਸ਼ਟ ਕਰਨ ਵਾਲੇ ਧਾਰਮਿਕ ਆਗੂ ਵੀ ਨਹੀਂ ਸਨ। ਅਜਿਹੀ ਭਗਤੀ ਉਹਨਾਂ ਲਈ ਬੇਅਰਥ, ਉਹਨਾਂ ਦੇ ਸੁਭਾਅ ਲਈ ਬਿਲਕੁਲ

ਓਪਰੀ ਤੇ ਉਹਨਾਂ ਦੀ ਜ਼ਿੰਦਗੀ ਦੇ ਮਕਸਦ ਤੋਂ ਪਰ੍ਹਾਂ ਦੀ ਚੀਜ਼ ਸੀ। ਉਹਨਾਂ ਦੀ ਦਿਲਚਸਪੀ ਤਾਂ ਗੁੰਝਲਦਾਰ ਤੇ ਜ਼ਿੰਦਗੀ ਦੀਆਂ ਵੰਗਾਰਾਂ ਵਿਚੋਂ ਪੈਦਾ ਹੋਈਆਂ ਸਮੱਸਿਆਵਾਂ ਵਿਚ ਜੁੜੀ ਹੋਈ ਸੀ। ਇਸ ਰਾਹੀਂ ਉਹ ਰੱਬੀ ਰਾਜ ਵਿਚ ਪਰਮਾਤਮਾ ਦੀ ਸੇਵਾ ਕਰਨਾ ਚਾਹੁੰਦੇ ਸਨ।ਉਹਨਾਂ ਨੇ ਇਹ ਵੀ ਸੋਚਿਆ ਕਿ ਪਰਮਾਤਮਾ ਦੇ ਮੰਤਵ ਦੀ ਪੂਰਤੀ ਇਹੋ ਜਿਹੀ ਸੇਵਾ ਨਾਲ ਹੀ ਹੋ ਸਕਦੀ ਹੈ ਤੇ ਆਪਣੀਆਂ ਸਮਕਾਲੀ ਸਮੱਸਿਆਵਾਂ ਲਈ ਉਹਨਾਂ ਦੀ ਪਹੁੰਚ ਇਕ ਯੋਧੇ ਅਤੇ ਕ੍ਰਾਂਤੀਕਾਰੀ ਵਾਲੀ ਸੀ। ਉਹਨਾਂ ਨੇ ਆਪਣੇ ਸਾਹਮਣੇ ਪ੍ਰਤੱਖ ਤੌਰ ਤੇ ਸੱਚ ਤੇ ਕੂੜ ਦੇ ਵਿਚਕਾਰ ਸੰਘਰਸ਼ ਦਾ ਵਿਸ਼ਵ ਵਿਆਪੀ ਦ੍ਰਿਸ਼ ਦੇਖਿਆ ਤੇ ਕੂੜ (ਬਦੀ) ਦੀਆਂ ਸ਼ਕਤੀਆਂ ਨੂੰ ਨਸ਼ਟ ਕਰਨ ਦੇ ਕਾਰਜ ਵਿਚ ਹਿੱਸਾ ਪਾਉਣਾ ਚਾਹਿਆ। ਉਹਨਾਂ ਦੀ ਇਹ ਇੱਛਾ ਇਕ ਪੱਕੇ ਯਕੀਨ ਵਿਚ ਬਦਲ ਗਈ ਜਦੋਂ ਉਹਨਾਂ ਨੇ ਕਿਹਾ ਕਿ ਉਹ ਹਰ ਥਾਂ ਤੇ ਸੱਚਾਈ ਦੀ ਰਾਖੀ ਤੇ ਪਾਪ ਤੇ ਬੁਰਾਈ ਨੂੰ ਤਬਾਹ ਕਰਨ ਦੀ ਜ਼ਿੰਮੇਵਾਰੀ ਲੈ ਕੇ ਦੁਨੀਆ ਵਿਚ ਆਏ ਹਨ। ਆਪ ਨੇ ਬਚਿੱਤਰ ਨਾਟਕ ਵਿਚ ਲਿਖਿਆ ਹੈ,' ਸਭ ਧਾਰਮਿਕ ਮਨੁੱਖਾਂ ਨੂੰ ਆਪਣੇ ਦਿਲਾਂ ਵਿਚ ਜਾਣ ਲੈਣਾ ਚਾਹੀਦਾ ਹੈ ਕਿ ਮੈਂ ਇਹ ਦੇਖਣ ਲਈ ਹੀ ਜਨਮ ਲਿਆ ਹੈ ਕਿ ਸੱਚ ਵਧੇ ਫੁੱਲੇ, ਨੇਕੀ ਰਹੇ ਤੇ ਜ਼ਾਲਮ ਨੂੰ ਜੜ੍ਹੋਂ ਹੀ ਖਤਮ ਕਰ ਦਿੱਤਾ ਜਾਵੇ।'ਉਹਨਾਂ ਦੇ ਮਿਸ਼ਨ ਦੇ ਪਿੱਛੇ ਰੱਬੀ ਹੁਕਮ ਸੀ।ਗੁਰੂ ਜੀ ਅਨੁਸਾਰ ਇਹ ਕੰਮ ਪਰਮਾਤਮਾ ਨੇ ਹੀ ਉਹਨਾਂ ਨੂੰ ਸੌਂਪਿਆ ਸੀ ਤਾਂ ਜੋ ਜ਼ੁਲਮ ਨੂੰ ਖਤਮ ਕੀਤਾ ਜਾ ਸਕੇ।ਇਹ ਪਰਮਾਤਮਾ ਨੇ ਪਹਿਲੀ ਵਾਰ ਨਹੀਂ ਕੀਤਾ ਸਗੋਂ ਜਦੋਂ ਵੀ ਧਰਤੀ ਤੇ ਜ਼ੁਲਮ ਤੇ ਜਬਰ ਵੱਧ ਜਾਂਦਾ ਹੈ ਤਾਂ ਪਰਮਾਤਮਾ ਆਪਣਾ ਕੋਈ ਖਾਸ ਦੂਤ ਉਹਨਾਂ ਨੂੰ ਕੁਚਲਣ ਅਤੇ ਤਬਾਹ ਕਰਨ ਲਈ ਭੇਜਦਾ ਹੈ। ਰਾਮ, ਕ੍ਰਿਸ਼ਨ ਅਤੇ ਦੁਰਗਾ ਵੀ ਅਜਿਹੇ ਹੀ ਦੂਤ ਸਨ ਜਿਨ੍ਹਾਂ ਨੂੰ ਦੇਵੀ ਇੱਛਾ ਅਧੀਨ ਆਪਣੇ-ਆਪਣੇ ਸਮਿਆਂ ਤੇ ਸ਼ੈਤਾਨਾਂ ਨੂੰ ਤਬਾਹ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ। ਸਮੇਂ-ਸਮੇਂ ਅਜਿਹੇ ਰੱਖਿਅਕਾਂ ਨੂੰ ਭੇਜਣ ਦਾ ਕਾਰਣ ਇਹ ਸੀ ਕਿ ਪਰਮਾਤਮਾ ਆਪ ਨੇਕੀ ਅਤੇ ਸਤਿ ਹੈ ਤੇ ਉਹ ਲਾਜ਼ਮੀ ਤੌਰ ਤੇ ਉਹਨਾਂ ਦੋਵਾਂ ਦੀ ਬੁਰਾਈ ਤੇ ਜਿੱਤ ਚਾਹੁੰਦਾ ਹੈ। ਇਹ ਗੁਰੂ ਜੀ ਦਾ ਪਰਮਾਤਮਾ ਪ੍ਰਤੀ ਨਜ਼ਰੀਆ ਸੀ। ਪਰ ਇਸ ਦੇ ਨਾਲ ਹੀ ਉਹ ਸਭ ਨਾਲੋਂ ਸ਼ਕਤੀਵਾਨ ਯੋਧਾ ਤੇ ਮਾਰੂ ਹਥਿਆਰਾਂ ਨਾਲ ਲੈਸ ਹੈ ਅਤੇ ਇਸ ਕਰਕੇ ਉਹ ਉਸ ਨੂੰ ਇਹ ਕਹਿ ਕੇ ਸੰਬੋਧਨ ਕਰਦੇ ਹਨ, ਸ੍ਰੀ ਅਸਿਪਾਨ, ਸ੍ਰੀ ਅਸਿਕੇਤ, ਸ੍ਰੀ ਅਸਿਧੁਜ, ਖੜਗਕੇਤ ਅਤੇ ਸਰਬ-ਲੋਹ ਤੇ ਇਹ ਸਾਰੇ ਉਸ ਪਰਮਾਤਮਾ ਦੇ ਯੋਧਾ-ਸਰੂਪ ਤੇ ਸੰਕੇਤ ਹਨ ਅਤੇ ਸੱਚਾਈ ਦੇ ਲਈ ਉਸ ਦੀਆਂ ਅਸੀਮਿਤ ਸ਼ਕਤੀਆਂ ਨੂੰ ਵਰਤਣ ਦੇ ਦ੍ਰਿੜ ਇਰਾਦੇ ਨੂੰ ਪ੍ਰਗਟਾਉਂਦੇ ਹਨ।

ਗੁਰੂ ਗੋਬਿੰਦ ਸਿੰਘ ਜੋ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ ਉਸ ਨੂੰ ਉਹਨਾਂ ਨੇ ਧਰਮ ਯੁੱਧ ਦਾ ਨਾਂ ਦਿੱਤਾ। ਉਹ ਧਰਮ-ਯੁੱਧ ਕਿਸੇ ਖਾਸ ਫਿਰਕੇ ਜਾਂ ਨਸਲ ਦੇ ਵਾਧੇ ਤੇ ਰੱਖਿਆ ਲਈ ਨਹੀਂ ਸੀ ਤੇ ਇਸੇ ਕਾਰਣ ਇਹ ਮੁਸਲਮਾਨਾਂ ਦੇ ਜਿਹਾਦ ਤੇ ਇਸਾਈਆਂ ਦੇ ਮੱਧ-ਯੁੱਗ ਦੇ ਯੁੱਧਾਂ ਤੋਂ ਭਿੰਨ ਸੀ। ਗੁਰੂ ਗੋਬਿੰਦ ਸਿੰਘ ਦਾ ਧਰਮ-ਯੁੱਧ, ਇਸ ਸ਼ਬਦ ਦੇ ਅਰਥਾਂ ਅਨੁਸਾਰ ਧਾਰਮਿਕ ਯੁੱਧ ਨਹੀਂ ਸੀ। ਇਹ ਤਾਂ ਨੇਕੀ ਦੀ ਬਦੀ ਉੱਤੇ ਸੱਚ ਦੀ ਜ਼ੁਲਮ ਅਤੇ ਜਬਰ ਉਤੇ ਛੇੜੀ ਇਖਲਾਕੀ ਲੜਾਈ ਸੀ। ਰਵਾਇਤੀ ਤੌਰ ਤੇ ਉਹਨਾਂ ਦਾ ਨਜ਼ਰੀਆ ਦੇਵੀ ਵਾਲਾ ਸੀ। ਇਹ ਦੁਰਗਾ ਦੀ ਮਹਿਖਾਸੁਰ, ਸੁੰਭ ਤੇ ਅਸੁੰਭ ਨਾਲ, ਤੇ ਭਗਵਾਨ ਰਾਮ ਦੀ ਲੰਕਾ ਦੇ ਰਾਵਣ ਨਾਲ ਤੇ ਭਗਵਾਨ ਕ੍ਰਿਸ਼ਨ ਦੀ ਕੰਸ ਨਾਲ, ਸੰਘਰਸ਼ ਨਾਲ ਮਿਲਦਾ ਜੁਲਦਾ ਸੀ। ਇਹ ਧਰਮ ਦੇ ਪ੍ਰਗਤੀਸ਼ੀਲ ਵਿਚਾਰ ਤੇ ਆਧਾਰਿਤ ਸੀ ਅਤੇ ਤੱਤ ਰੂਪ ਵਿਚ ਇਕ ਸਮਾਜਿਕ ਇਨਕਲਾਬ ਸੀ। ਪਰੰਤੂ ਧਰਮ ਇਕ ਨਿਰੋਲ ਨਿੱਜੀ ਤੇ ਸਮਾਜਿਕ ਸਮੱਸਿਆਵਾਂ ਤੋਂ ਬਿਲਕੁਲ ਨਿਰਲੇਪ ਮਾਮਲਾ ਵੀ ਨਹੀਂ ਸੀ ਸਗੋਂ ਮਨੁੱਖੀ ਜੀਵਨ ਵਿਚ ਇਸ ਦਾ ਬਹੁਤ ਹੀ ਮਹੱਤਵਪੂਰਣ ਸਮਾਜਿਕ ਕਿਰਦਾਰ ਸੀ। ਧਰਮ ਨੂੰ ਸਮਾਜ ਦੀ ਸਮੂਹਿਕ ਜ਼ਿੰਦਗੀ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੀ ਪੱਧਰੀ ਤੇ ਨਾ ਰੁਕਣ ਵਾਲੀ ਧਾਰਾ ਦੇ ਨਾਲ-ਨਾਲ ਬੁਰਾਈ ਤੇ ਬਦੀ ਦੇ ਵਿਰੁੱਧ ਸੰਘਰਸ਼

ਵੀ ਕਰਨਾ ਚਾਹੀਦਾ ਹੈ। ਪਰੰਤੂ ਧਰਮ ਦਾ ਜੋ ਕਰਾਂਤੀਕਾਰੀ ਰੂਪ ਗੁਰੂ ਸਾਹਿਬ ਦੇਖਦੇ ਸਨ ਉਹ ਕਿਸੇ ਨਸਲ ਜਾਂ ਧਾਰਮਿਕ ਸਿਧਾਂਤ ਤਕ ਸੀਮਤ ਨਹੀਂ ਸੀ ਸਗੋਂ ਇਸ ਦੇ ਉਲਟ ਇਸ ਨੂੰ ਤਾਂ ਸਾਰੇ ਸਮਾਜ ਦੇ ਭਲੇ ਲਈ ਵਰਤਿਆ ਜਾਣਾ ਚਾਹੀਦਾ ਹੈ।

ਸਮਕਾਲੀ ਸੰਦਰਭ ਵਿਚ, ਗੁਰੂ ਗੋਬਿੰਦ ਜੀ ਦੇ ਮਨ ਵਿਚ ਇਹ ਗੱਲ ਬੈਠ ਗਈ ਸੀ ਕਿ ਜ਼ੁਲਮ, ਮੁਗਲ ਸ਼ਾਸਨ ਨਾਲ ਜੁੜਿਆ ਹੋਇਆ ਹੈ। ਮੁਗਲ ਸ਼ਾਸਨ ਦਾ ਮੁੱਖੀ ਉਸ ਵੇਲੇ ਔਰੰਗਜ਼ੇਬ ਸੀ ਤੇ ਉਹ ਭਾਰਤ ਨੂੰ ਪੂਰਨ ਇਸਲਾਮੀ ਰਾਜ ਬਣਾਉਣ ਵਿਚ ਰੁਝਿਆ ਹੋਇਆ ਸੀ। ਅਕਬਰ ਦੇ ਸਮੇਂ ਦੀ ਉਦਾਰਵਾਦੀ ਨੀਤੀ ਉਸ ਦੀ ਮੌਤ ਤੋਂ ਬਾਅਦ ਗਿਰਾਵਟ ਵੱਲ ਜਾ ਰਹੀ ਸੀ ਤੇ ਇਸ ਨੀਤੀ ਦੀਆਂ ਵਿਰੋਧੀ ਸ਼ਕਤੀਆਂ ਅਤੇ ਚਹੇਤੇ ਔਰੰਗਜ਼ੇਬ ਦੇ ਗਿਰਦ ਇਕੱਠੀਆਂ ਹੋ ਰਹੀਆਂ ਸਨ। ਔਰੰਗਜ਼ੇਬ ਆਪਣੀ ਸਮਝ ਅਨੁਸਾਰ ਕੁਰਾਨ ਦੇ ਕਾਨੂੰਨ ਅਨੁਸਾਰ ਰਾਜ ਕਰਨ ਦੀ ਕਾਹਲ ਵਿਚ ਆਪਣੀ ਬਹੁ ਗਿਣਤੀ ਵਾਲੀ ਗੈਰ-ਮੁਸਲਿਮ ਪਰਜਾ ਨੂੰ ਦੂਜੇ ਦਰਜੇ ਦੇ ਘਟੀਆ ਨਾਗਰਿਕ ਬਣਾਈ ਜਾ ਰਿਹਾ ਸੀ। ਅਕਬਰ ਵੱਲੋਂ ਜਜ਼ੀਆ ਕਰ (ਗੈਰ-ਮੁਸਲਿਮ ਜਨਤਾ ਤੇ ਧਾਰਮਿਕ ਟੈਕਸ ) ਹਟਾ ਦਿੱਤਾ ਗਿਆ ਸੀ, ਉਸ ਨੂੰ ਦੁਬਾਰਾ ਲਗਾ ਦਿੱਤਾ ਗਿਆ ਸੀ। *1666* ਈਸਵੀ ਵਿਚ ਉਸ ਨੇ ਆਪਣਾ ਪ੍ਰਾਂਤਿਕ ਗਵਰਨਰਾਂ ਨੂੰ ਹੁਕਮ ਜਾਰੀ ਕੀਤੇ ਸਨ ਕਿ ਕਾਫ਼ਰਾਂ ਦੇ ਸਕੂਲ ਅਤੇ ਧਾਰਮਿਕ ਸਥਾਨ ਢਾਹ ਦਿੱਤੇ ਜਾਣ ਅਤੇ ਬਹੁਤ ਸਖਤਾਈ ਨਾਲ ਇਨ੍ਹਾਂ ਦੀਆਂ ਪ੍ਰਚਲਿਤ ਰਸਮਾਂ ਤੇ ਸਿੱਖਿਆਵਾਂ ਨੂੰ ਬੰਦ ਕਰਵਾਇਆ ਗਿਆ (ਮੁਆਸਰ-ਇ-ਆਲਮਗੀਰੀ) ਇਨ੍ਹਾਂ ਹੁਕਮਾਂ ਨੂੰ ਸਮੇਂ-ਸਮੇਂ ਦੁਹਰਾਇਆ ਗਿਆ ਅਤੇ ਹੋਲੀ-ਹੋਲੀ ਗੈਰ-ਮੁਸਲਿਮਾਂ ਤੋਂ ਉਹਨਾਂ ਦੇ ਹੱਕ ਖੋਹੇ ਜਾਂਦੇ ਰਹੇ ਤੇ ਵੱਧ ਤੋਂ ਵੱਧ ਪਾਬੰਦੀਆਂ ਲੱਗਦੀਆਂ ਗਈਆਂ। ਉਦਾਹਰਣ ਦੇ ਤੌਰ ਤੇ ਦਿੱਲੀ ਦਰਬਾਰ ਵਿਚ ਸੂਬਿਆਂ ਨੂੰ ਇਹ ਹੁਕਮ ਜਾਰੀ ਕੀਤਾ ਗਿਆ ਕਿ ਰਾਜਪੂਤਾਂ ਤੋਂ ਬਿਨਾਂ ਕੋਈ ਹਿੰਦੂ ਹਥਿਆਰਾਂ ਨੂੰ ਨਹੀਂ ਪਹਿਨ ਸਕਦਾ, ਹਾਥੀ ਦੀ ਪਾਲਕੀ ਵਿਚ ਨਹੀਂ ਬੈਠ ਸਕਦਾ ਅਤੇ ਨਾ ਹੀ ਅਰਬੀ ਤੇ ਇਰਾਕੀ ਘੋੜੇ ਦੀ ਸਵਾਰੀ ਕਰ ਸਕਦਾ (ਮੁਆਸਰ-ਇ-ਆਲਮਗੀਰੀ)। ਧਾਰਮਿਕ ਤੇ ਸਮਾਜਿਕ ਪਾਬੰਦੀਆਂ ਦੇ ਨਾਲ-ਨਾਲ ਕੁੱਝ ਆਰਥਿਕ ਪਾਬੰਦੀਆਂ ਵੀ ਲਗਾਈਆਂ ਗਈਆਂ ਜਿਨ੍ਹਾਂ ਦੇ ਕਾਰਣ ਗੈਰ-ਮੁਸਲਿਮ ਮਹੱਤਵਪੂਰਣ ਪ੍ਰਸ਼ਾਸਕੀ ਪੱਦਵੀਆਂ ਪ੍ਰਾਪਤ ਕਰਨ ਤੋਂ ਵਾਂਝੇ ਕਰ ਦਿੱਤੇ ਗਏ। ਅਜਿਹੇ ਕੱਟੜ ਅਤੇ ਵਿਤਕਰੇ ਭਰੇ ਹੁਕਮਾਂ ਨਾਲ ਭਾਰਤ ਦੀ ਬਹੁਤ ਜਨਤਾ ਦੀਆਂ ਅੱਖਾਂ ਵਿਚ ਮੁਗਲ ਸਰਕਾਰ ਦੀ ਛਵੀ ਬਿਲਕੁਲ ਕਲੰਕਿਤ ਹੋ ਗਈ ਸੀ ਅਤੇ ਉਹਨਾਂ ਨੇ ਆਪਣੇ ਸ਼ਾਸਕਾਂ ਨੂੰ ਜਾਲਿਮ ਹੋਣ ਕਾਰਨ ਘਿਰਣਾ ਕਰਨੀ ਸ਼ੁਰੂ ਕਰ ਦਿੱਤੀ ਸੀ । ਧਰਮ ਬਦਲੀ ਲਈ ਬਲ ਪ੍ਰਯੋਗ ਕੀਤਾ ਜਾ ਰਿਹਾ ਸੀ ਡਰੇ ਹੋਏ ਲੋਕਾਂ ਦੇ ਮਨਾਂ ਵਿਚ ਇਸ ਨਾਲ ਹੀ ਇਕ ਪੱਕਾ ਡਰ ਬੈਠ ਗਿਆ ਸੀ ਕਿ ਸਰਕਾਰ ਵੱਡੇ ਪੈਮਾਨੇ ਤੇ ਸ਼ਕਤੀ ਨਾਲ ਧਰਮ-ਬਦਲੀ ਕਰਵਾਏਗੀ। ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਇਹੋ ਜਿਹੀਆਂ ਅਫਵਾਹਾਂ ਫੈਲ ਗਈਆਂ ਕਿ ਬਾਦਸ਼ਾਹ ਰਾਤ ਦੀ ਰੋਟੀ ਖਾਣ ਤੋਂ ਪਹਿਲਾਂ ਸਵਾ ਮਣ ਜਨੇਊ ਹਾਸਿਲ ਕਰਦਾ ਸੀ, ਇਥੇ ਹੀ ਬਸ ਨਹੀਂ, ਮੁਗਲ ਸਾਮਰਾਜ ਆਰਥਿਕ ਤੌਰ ਤੇ ਕਦੀ ਵੀ ਬਲਵਾਨ ਨਹੀਂ ਸੀ। ਆਪਣੇ ਮਾਲੀਏ ਲਈ ਸਰਕਾਰ ਖੇਤੀ ਕਰਨ ਵਾਲੇ ਲੋਕਾਂ ਤੇ ਨਿਰਭਰ ਕਰਦੀ ਸੀ ਪਰੰਤੂ ਕਾਸ਼ਤਕਾਰ ਲੋਕ ਜਾਗੀਰਦਾਰਾਂ ਤੇ ਜ਼ਿਮੀਦਾਰਾਂ ਦੇ ਸ਼ਿਕੰਜੇ ਵਿਚ ਸਨ। ਬਾਦਸ਼ਾਹ ਦੀ ਉੱਤਰੀ ਖੇਤਰ ਵਿਚੋਂ ਲੰਮੀ ਗੈਰ-ਹਾਜ਼ਰੀ ਕਾਰਣ ਇਹ ਸਥਿਤੀ ਹੋਰ ਵਿਗੜ ਗਈ ਕਿਉਂਕਿ ਸਥਾਨਕ ਅਧਿਕਾਰੀਆਂ ਨੇ ਇਸ ਸਥਿਤੀ ਦਾ ਲਾਭ ਨਿੱਜੀ ਹਿੱਤਾਂ ਲਈ ਰੱਜ ਕੇ ਉਠਾਇਆ ਅਤੇ ਇਸ ਦਾ ਸ਼ਿਕਾਰ ਹੋਏ ਸਾਰੇ ਧਰਮਾਂ ਦੇ ਗਰੀਬ ਕਿਸਾਨ।

ਇਸ ਉਪਰੋਕਤ ਜ਼ੁਲਮ ਵਾਲੀ ਪ੍ਰਸਥਿਤੀ ਖਿਲਾਫ਼ ਹੀ ਗੁਰੂ ਸਾਹਿਬ ਨੇ ਆਪਣਾ ਧਰਮ ਯੁੱਧ ਸ਼ੁਰੂ ਕੀਤਾ। ਬਿਨਾਂ ਸ਼ੱਕ ਜ਼ਿਆਦਾ ਦੋਸ਼ ਸਥਾਨਕ ਜ਼ਾਲਮ ਅਧਿਕਾਰੀਆਂ ਦਾ ਹੀ ਸੀ ਪਰੰਤੂ ਨਿਸ਼ਚਿਤ ਤੌਰ ਤੇ ਇਸ ਦੀ ਜ਼ਿੰਮੇਵਾਰੀ ਕੇਂਦਰੀ ਸਰਕਾਰ ਤੇ ਹੀ ਆਉਂਦੀ ਸੀ। ਇਸ ਲਈ ਉਹਨਾਂ ਦਾ ਮੰਤਵ ਪੂਰੀ

ਮੁਗਲ ਸਰਕਾਰ ਨੂੰ ਸੱਟ ਲਾਉਣਾ ਸੀ। ਸੁਧਾਰ ਦੀ ਆਸ ਇਸ ਸਮੇਂ ਤਕ ਉੱਕਾ ਹੀ ਖ਼ਤਮ ਹੋ ਚੁੱਕੀ ਸੀ। ਹੁਣ ਲੋਕਾਂ ਨੂੰ ਜ਼ੁਲਮ ਤੇ ਜਬਰ ਤੋਂ ਬਚਾਉਣ ਦਾ ਇਕੋ-ਇਕ ਉਪਾਅ ਸੀ ਮੁਗਲ ਸਰਕਾਰ ਦਾ ਖਾਤਮਾ। ਪਰ ਅਜਿਹਾ ਸੋਚਦੇ ਹੋਏ ਵੀ ਗੁਰੂ ਸਾਹਿਬ ਦੇ ਦਿਮਾਗ ਵਿਚ ਮੁਗਲ ਸ਼ਾਸਕ ਤੇ ਮੁਸਲਮਾਨ ਲੋਕਾਂ ਦਾ ਫਰਕ ਐਨਾ ਪਰਤੱਖ ਸੀ ਕਿ ਮੁਸਲਮਾਨ ਲੋਕਾਂ ਨਾਲ ਉਹਨਾਂ ਦਾ ਵਿਰੋਧ ਜਾਂ ਸ਼ਿਕਾਇਤ ਨਹੀਂ ਸੀ। ਸਗੋਂ ਕਈ ਮਾਮਲੇ ਜਿਨ੍ਹਾਂ ਵਿਚ ਉਹ ਵੀ ਗੈਰ-ਮੁਸਲਮਾਨਾਂ ਵਾਂਗ ਹੀ ਜ਼ੁਲਮ ਦਾ ਸ਼ਿਕਾਰ ਸਨ, ਗੁਰੂ ਜੀ ਦੀ ਪੂਰੀ ਹਮਦਰਦੀ ਦੇ ਪਾਤਰ ਸਨ। ਇਥੇ ਇੱਕ ਗੱਲ ਵਰਨਣ ਯੋਗ ਹੈ ਜੋ ਮੁਸਲਮਾਨਾਂ ਦਾ ਗੁਰੂ ਜੀ ਵਿਚ ਯਕੀਨ ਨੂੰ ਵੀ ਪ੍ਰਗਟ ਕਰਦੀ ਹੈ ਕਿ ਜਦੋਂ ਕਈ ਮੌਕਿਆਂ ਤੇ ਗੁਰੂ ਜੀ ਦੀ ਜਾਨ ਖਤਰੇ ਵਿਚ ਸੀ ਤਾਂ ਕਈ ਮੁਸਲਮਾਨਾਂ ਨੇ ਅਜਿਹੇ ਸਮੇਂ ਤੇ ਉਹਨਾਂ ਦੀ ਸਹਾਇਤਾ ਕੀਤੀ ਤੇ ਬਚਾਅ ਕੀਤਾ। ਸਢੋਰੇ ਦਾ ਪੀਰ ਬੁੱਧੂ ਸ਼ਾਹ, ਭੰਗਾਣੀ ਦੇ ਯੁੱਧ (1688) ਵਿਚ ਆਪਣੇ ਚਾਰ ਪੁੱਤਰਾਂ ਅਤੇ ਸੈਂਕੜੇ ਸ਼ਾਗਿਰਦਾਂ ਸਮੇਤ ਗੁਰੂ ਜੀ ਲਈ ਲੜਿਆ। ਇਸੇ ਤਰ੍ਹਾਂ ਚਮਕੌਰ ਸਾਹਿਬ ਦੇ ਵਸਨੀਕ ਨਬੀ ਖਾਨ ਅਤੇ ਗਨੀ ਖਾਨ, ਪਿੱਛਾ ਕਰ ਰਹੀ ਦੁਸ਼ਮਣ ਦੀ ਫੌਜ ਦੇ ਸ਼ਿਕੰਜੇ ਵਿਚੋਂ ਤੇ ਯਕੀਨੀ ਮੌਤ ਤੋਂ ਗੁਰੂ ਜੀ ਨੂੰ ਬਚਾਇਆ।

ਤੇਜ਼ੀ ਨਾਲ ਗਿਰਾਵਟ ਵੱਲ ਜਾ ਰਹੀ ਮੁਗਲ ਸਰਕਾਰ ਦੇ ਖਿਲਾਫ਼ ਜੋ ਧਰਮ ਯੁੱਧ ਦਾ ਸਿਧਾਂਤ ਗੁਰੂ ਜੀ ਨੇ ਬਣਾਇਆ ਸੀ, ਸ਼ਕਤੀ ਉਸ ਦਾ ਜ਼ਰੂਰੀ ਤੱਤ ਸੀ। ਉਹਨਾਂ ਦੇ ਧਰਮ ਯੁੱਧ ਦੇ ਸਿਧਾਂਤ ਵਿਚ ਅਸਲ ਵਿਚ ਭਗਤੀ ਤੇ ਸ਼ਕਤੀ ਦੋਵਾਂ ਦਾ ਸੁਮੇਲ ਸੀ। ਭਗਤੀ ਦਾ ਅਰਥ ਤੇ ਸੰਬੰਧ ਜੀਵਨ ਦੀਆਂ ਆਤਮਿਕ ਤੇ ਅਖਲਾਕੀ ਕੀਮਤਾਂ ਨਾਲ ਸੀ। ਇਹ ਦੋਵੇਂ ਸਿਧਾਂਤ ਸਿੱਖ ਲਹਿਰ ਵਿਚ, ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਆਉਣ ਤੋਂ ਪਹਿਲਾਂ ਹੀ ਦ੍ਰਿਸ਼ਟੀਗੋਚਰ ਹੋ ਗਏ ਸਨ। ਅਸਲ ਵਿਚ ਗੁਰੂ ਹਰਗੋਬਿੰਦ ਸਿੰਘ ਦਾ ਮੀਰੀ-ਪੀਰੀ ਦਾ ਸਿਧਾਂਤ, ਧਾਰਮਕ ਤੇ ਦੁਨਿਆਵੀ ਮਾਮਲਿਆਂ ਵਿਚ ਸੁਮੇਲ ਕਰਨ ਦਾ ਆਰੰਭ ਸੀ ਇਸ ਦੀ ਤਬਦੀਲੀ ਨਵੇਕਲੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਦੇ ਧਰਮ ਯੁੱਧ ਦੇ ਸਿਧਾਂਤ ਰਾਹੀਂ ਪ੍ਰਗਟ ਹੋਈ ।

ਪਰੰਤੂ ਗੁਰੂ ਗੋਬਿੰਦ ਸਿੰਘ ਨੇ ਆਪਣੇ ਉਦੇਸ਼ ਦੀ ਪੂਰਤੀ ਲਈ ਸ਼ਕਤੀ ਦੀ ਵਰਤੋਂ ਦੀ ਮਹੱਤਤਾ ਨੂੰ ਸਿਰਫ ਆਪਣੇ ਵਿਰਸੇ ਦੇ ਭਾਗ ਵਜੋਂ ਹੀ ਨਹੀਂ ਅਪਣਾਇਆ। ਉਹਨਾਂ ਦੇ ਆਪਣੇ ਵਿਚਾਰ ਵੀ ਇਸ ਬਾਰੇ ਬਹੁਤ ਉੱਚੇ ਸਨ। ਉਨ੍ਹਾਂ ਨੇ ਸ਼ਕਤੀ ਦੀ ਉਸਤਤੀ ਲਗਭਗ ਧਾਰਮਿਕ ਭਗਤੀ ਵਾਂਗ ਹੀ ਕੀਤੀ।ਉਹ ਸ਼ਕਤੀ ਦਾ ਮੂਲ ਪਰਮਾਤਮਾ ਵਿਚ ਹੀ ਦੇਖਦੇ ਹਨ ਕਿਉਂਕਿ ਪਰਮਾਤਮਾ ਆਪ ਮਹਾਂਕਾਲ (ਮੌਤ ਦਾ ਦੇਵਤਾ) ਦੇ ਰੂਪ ਵਿਚ ਲਗਾਤਾਰ ਇਸ ਦੀ ਵਰਤੋਂ ਕਰਦਾ ਆ ਰਿਹਾ ਹੈ। ਇਸ ਤੋਂ ਇਲਾਵਾ ਸਮੇਂ-ਸਮੇਂ ਜੋ ਵੀ ਮਸੀਹੇ ਜ਼ੁਲਮ ਦੇ ਖਾਤਮੇ ਲਈ ਰੱਬ ਵੱਲੋਂ ਭੇਜੇ ਗਏ ਉਹਨਾਂ ਨੇ ਵੀ ਆਪਣੇ ਉਦੇਸ਼ ਦੀ ਪੂਰਤੀ ਲਈ ਸ਼ਕਤੀ ਵਰਤਣ ਤੋਂ ਗੁਰੇਜ਼ ਨਹੀਂ ਕੀਤਾ। ਇਸ ਲਈ ਉਸ ਤੋਂ ਪਰਹੇਜ਼ ਕਰਨ ਜਾਂ ਘਿਰਣਾ ਕਰਨ ਦੀ ਥਾਂ ਸਮਾਜ ਦੇ ਭਲੇ ਜਾਂ ਜ਼ਾਲਮ ਤੋਂ ਸਮਾਜ ਦੀ ਰਾਖੀ ਕਰਨ ਲਈ ਇਸ ਦੀ ਵਰਤੋਂ ਅਤੇ ਪੂਜਾ ਕਰਨੀ ਚਾਹੀਦੀ ਹੈ। ਉਹਨਾਂ ਨੇ ਇਸ ਸਿਧਾਂਤ ਨੂੰ ਜ਼ਿੰਦਗੀ ਦੇ ਕਿਸੇ ਵੀ ਹੋਰ ਸਿਧਾਂਤ ਵਾਂਗ ਮਾਨਤਾ ਦਿੱਤੀ ਅਤੇ ਜਿੰਨਾ ਚਿਰ ਸੰਸਾਰ ਵਿਚ ਜਾਬਰ ਅਤੇ ਜ਼ਾਲਮ ਹਨ ਇਸਦੀ ਲੋੜ ਪੈਂਦੀ ਰਹੇਗੀ। ਹਥਿਆਰ, ਕਿਉਂਕਿ ਸ਼ਕਤੀ ਦੇ ਪ੍ਰਤੀਕ ਹਨ, ਇਸ ਲਈ ਉਹਨਾਂ ਨੇ ਸਦਾ ਹਥਿਆਰਾਂ ਦਾ ਵੇਰਵਾ ਹੀ ਨਹੀਂ ਸਗੋਂ ਕਾਵਿਕ ਸ਼ਬਦਾਂ ਵਿਚ ਉਹਨਾਂ ਦੀ ਅਦਭੁੱਤ ਸ਼ਕਤੀ ਦਾ ਇਕ ਅਤੀ ਸੁੰਦਰ ਬਿਆਨ ਹੈ।ਉਹਨਾਂ ਦੀਆਂ ਕੁੱਝ ਬਹੁਤ ਹੀ ਸੁੰਦਰ ਰਚਨਾਵਾਂ ਤਲਵਾਰ ਲਈ ਅਰਪਿਤ ਹਨ ਜਿਸ ਨੂੰ ਉਹ ਪਰਮਾਤਮਾ ਜਾਂ ਦੁਰਗਾ ਦਾ ਰੂਪ ਸਮਝਦੇ ਸਨ ਕਿਉਂਕਿ ਉਹ ਮਨੁੱਖਤਾ ਦੀ ਰੱਖਿਆ ਕਰਦੀ ਹੈ ਜਿਵੇਂ ਕਿ ਬਹੁਤ ਪਹਿਲਾਂ ਦੁਰਗਾ ਨੇ ਸ਼ੈਤਾਨ ਤੇ ਰਾਖਸ਼ਾਂ ਦਾ ਨਾਸ਼ ਕੀਤਾ ਸੀ ।

ਪਰੰਤੂ ਸ਼ਕਤੀ ਦੀ ਵਰਤੋਂ ਨੂੰ ਰੋਕਣ ਲਈ ਗੁਰੂ ਨੇ ਇਸ ਦੀ ਵਰਤੋਂ ਲਈ ਦੋ ਸ਼ਰਤਾਂ ਰੱਖੀਆਂ

ਸਨ।ਪਹਿਲਾਂ ਤਾਂ ਇਹ ਕਿ ਸ਼ਕਤੀ ਦੀ ਵਰਤੋਂ ਸੱਚ ਲਈ ਹੋਵੇ ਭਾਵ ਇਹ ਹੈ ਕਿ ਸਵੈ-ਰੱਖਿਆ, ਨਿਰਬਲਾਂ ਦੀ ਰੱਖਿਆ ਤੇ ਜਬਰ ਤੇ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਦੀ ਰੱਖਿਆ ਲਈ ਇਸ ਨੂੰ ਵਰਤਿਆ ਜਾਵੇ। ਦੂਜੇ, ਇਸ ਨੂੰ ਆਖਰੀ ਹਥਿਆਰ ਦੇ ਤੌਰ ਤੇ ਹੀ ਵਰਤਿਆ ਜਾਵੇ। ਆਪਣੇ ਬਚਿੱਤਰ ਨਾਟਕ ਵਿਚ ਉਨ੍ਹਾਂ ਲਿਖਿਆ ਹੈ,' ਜਦੋਂ ਸਾਰੇ ਹੀਲੇ ਵਸੀਲੇ ਬੇਕਾਰ ਹੋ ਜਾਣ ਤਾਂ ਤਲਵਾਰ ਚੁੱਕਣਾ ਧਰਮ ਹੈ।' ਪ੍ਰੇਮ ਸੁਮਾਰਗ ਦੇ ਅਨੁਸਾਰ, ਇਕ ਸਿੰਘ ਨੂੰ ਕਦੇ ਵੀ ਬੇ-ਹਥਿਆਰ ਨਹੀਂ ਹੋਣਾ ਚਾਹੀਦਾ ਪਰੰਤੂ ਉਸ ਨੂੰ ਗਊ ਵਾਂਗ ਅਸ਼ੀਲ ਹੋਣਾ ਚਾਹੀਦਾ ਹੈ। ਪਰ ਜੇਕਰ ਉਹ ਮਹਿਸੂਸ ਕਰਦਾ ਹੈ ਕਿ ਜ਼ਾਲਮ ਅਸਾਧ ਹੈ ਤੇ ਅਖਲਾਕੀ ਸਿਧਾਂਤ ਖਤਰੇ ਵਿਚ ਹਨ ਜਾਂ ਨਿਆਂ ਖਤਰੇ ਵਿਚ ਹੈ ਤਾਂ ਉਹ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ, ਪਰੰਤੂ ਆਖਰ ਹੀਲੇ ਦੇ ਤੌਰ ਤੇ।

ਜੋ ਕਰਾਂਤੀ ਗੁਰੂ ਜੀ ਕਰਨਾ ਚਾਹੁੰਦੇ ਸਨ, ਉਸ ਦੀ ਸਫਲਤਾ ਲਈ ਉਹਨਾਂ ਦੇ ਦਿਮਾਗ ਵਿਚ ਸਭ ਤੋਂ ਮਹੱਤਵਪੂਰਣ ਗੱਲ ਇਹ ਸੀ ਕਿ ਲੋੜੀਦੋ ਸਾਧਨ ਇਕੱਠੇ ਕੀਤੇ ਜਾਣ। ਉਹਨਾਂ ਦੇ ਗੁਰਗੱਦੀ ਸੰਭਾਲਣ ਵੇਲੇ *1675* ਈ. ਵਿਚ ਉਹਨਾਂ ਦੇ ਸਿੱਖ ਸ਼ਾਗਿਰਦਾਂ ਦੀ ਹਾਲਤ ਤਸੱਲੀਬਖਸ਼ ਨਹੀਂ ਸੀ। ਦਿੱਲੀ ਵਿਖੇ ਨੌਵੇਂ ਗੁਰੂ ਦੀ ਸ਼ਹੀਦੀ ਇਕ ਭਿਆਨਕ ਸੱਟ ਸੀ ਤੇ ਮਨਾਂ ਵਿਚ ਭਾਰੀ ਨਿਰਾਸ਼ਾ ਭਰਦੀ ਜਾ ਰਹੀ ਸੀ।ਇਸ ਦੇ ਨਾਲ ਸਿੱਖ ਭਾਈਚਾਰੇ ਦੀ ਅੰਦਰਲੀ ਮੇਲ ਮਿਲਾਪ ਦੀ ਭਾਵਨਾ ਨੂੰ ਮਸੰਦਾਂ ਦੀਆਂ ਕੇਂਦਰ ਤੋਂ ਟੁੱਟਣ ਅਤੇ ਬੇਈਮਾਨੀ ਵਾਲੀਆਂ ਗਤੀਵਿਧੀਆਂ ਨੇ ਬਹੁਤ ਜ਼ਿਆਦਾ ਸੱਟ ਮਾਰੀ ਅਤੇ ਸਿੱਖ ਮੱਤ ਵਿਚ ਵਿਰੋਧੀ ਫਿਰਕਿਆਂ ਜਿਵੇਂ ਧੀਰ ਮੱਲੀਆਂ ਤੇ ਰਾਮ ਰਾਈਆਂ ਨੇ ਵੀ ਨੁਕਸਾਨ ਪਹੁੰਚਾਇਆ। ਮਸੰਦਾਂ ਨੇ ਅੱਠਵੇਂ ਗੁਰੂ ਦੀ ਬਾਲ ਅਵਸਥਾ ਅਤੇ ਨੌਂਵੇ ਗੁਰੂ ਦੀ ਪੰਜਾਬ ਤੋਂ ਲੰਮੀ ਗੈਰ-ਹਾਜ਼ਰੀ ਦਾ ਲਾਭ ਉਠਾਇਆ ਤੇ ਉਹ ਅਭਿਮਾਨੀ ਤੇ ਬੇਈਮਾਨ ਬਣ ਗਏ ਤੇ ਉਹਨਾਂ ਦਾ ਗੁਰਗੱਦੀ ਦੇ ਵਾਰਸਾਂ ਦੇ ਵਿਰੁੱਧ ਭੰਡੀ ਪ੍ਰਚਾਰ ਤੇ ਮੁਗਲ ਸ਼ਾਸਕਾਂ ਨਾਲ ਉਹਨਾਂ ਦੀ ਮਿਲੀ ਭੁਗਤ ਨੇ ਸਿੱਖ ਲਹਿਰ ਨੂੰ ਬਹੁਤ ਨੁਕਸਾਨ ਪਹੁੰਚਾਇਆ ਸੀ। ਇਸ ਲਈ ਇਹ ਬਿਲਕੁਲ ਸਪੱਸ਼ਟ ਸੀ ਕਿ ਸਫਲਤਾ ਦੇ ਲਈ ਇਨ੍ਹਾਂ ਫੁੱਟ ਪਾਊ ਪ੍ਰਵਿਰਤੀਆਂ ਨੂੰ ਰੋਕਣਾ ਪਹਿਲੀ ਲੋੜ ਹੈ। ਏਕੇ ਦੀਆਂ ਸ਼ਕਤੀਆਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਸੀ ਤੇ ਲੋਕਾਂ ਦੇ ਮਨਾਂ ਵਿਚ ਵਿਆਪਕ ਨਿਰਾਸ਼ਾ ਦੀ ਭਾਵਨਾ ਨੂੰ ਦੂਰ ਕਰਨ ਲਈ ਕੋਈ ਅਸਰਦਾਰ ਤੇ ਇਖਲਾਕੀ ਸਹਾਰਾ ਦਿੱਤਾ ਜਾਣਾ ਜ਼ਰੂਰੀ ਸੀ।

ਭਾਵੇਂ ਔਕੜਾਂ ਭਿਆਨਕ ਸਨ ਪਰੰਤੂ ਉਹਨਾਂ ਨੂੰ ਬਹੁਤ ਔਖਿਆਈ ਤੋਂ ਬਿਨਾਂ ਹੀ ਹੱਲ ਕਰ ਲਿਆ ਗਿਆ। ਮਸੰਦ ਪ੍ਰਥਾ ਨੂੰ ਉੱਕਾ ਹੀ ਖਤਮ ਕਰ ਦਿੱਤਾ ਗਿਆ ਤੇ ਜ਼ਿਆਦਾ ਬੇਈਮਾਨਾਂ ਨੂੰ ਸਖਤ ਸਜ਼ਾਵਾਂ ਦੇ ਕੇ ਬਾਕੀਆਂ ਲਈ ਉਦਾਹਰਣ ਪੇਸ਼ ਕਰ ਦਿੱਤੀ ਗਈ। ਵਿਰੋਧੀ ਫਿਰਕਿਆਂ ਵਲੋਂ ਪੇਸ਼ ਔਕੜ ਵੀ ਹੌਲੀ-ਹੌਲੀ ਖਤਮ ਹੋ ਗਈ। ਰਾਮ ਰਾਏ ਦੇਹਰਾਦੂਨ ਵਿਖੇ ਵੱਸ ਗਿਆ ਸੀ ਤੇ ਆਪਣੀਆਂ ਭੁੱਲਾਂ ਦਾ ਪਛਤਾਵਾ ਕਰਕੇ ਉਹ ਹੁਣ ਮਿੱਤਰ ਬਣ ਗਿਆ ਸੀ। ਧੀਰਮੱਲੀਆਂ ਨੇ ਭਾਵੇਂ ਆਪਣੀ ਈਰਖਾ ਨਾ ਛੱਡੀ ਪਰੰਤੂ ਹੌਲੀ-ਹੌਲੀ ਉਹ ਇਕ ਛੋਟੀ ਸਥਾਨਿਕ ਤੇ ਪਰਿਵਾਰਕ ਇਕਾਈ ਬਣ ਕੇ ਰਹਿ ਗਏ, ਉਹ ਇਸ ਗੱਲੋਂ ਹੀ ਸੰਤੁਸ਼ਟ ਸਨ ਕਿ ਆਦਿ ਗ੍ਰੰਥ ਦੀ ਪਹਿਲੀ ਬੀੜ ਉਨ੍ਹਾਂ ਦੇ ਕਬਜ਼ੇ ਵਿਚ ਹੈ।ਜਿਥੋਂ ਤਕ ਲੋਕਾਂ ਦੇ ਹੌਂਸਲੇ ਨੂੰ ਉੱਚਾ ਚੁੱਕਣ ਦੀ ਗੱਲ ਸੀ, ਗੁਰੂ ਜੀ ਨੇ ਨਿਯਮਤ ਤੌਰ ਤੇ ਲੜਨ ਤੇ ਹਥਿਆਰਾਂ ਦੀ ਸਿਖਲਾਈ ਲਈ ਸੰਸਥਾਵਾਂ ਦਾ ਆਰੰਭ ਕਰ ਦਿੱਤਾ। ਇਕ ਵੱਡੇ ਨਗਾਰੇ (ਰਣਜੀਤ ਨਗਾਰਾ ਜਾਂ ਜਿੱਤ ਦਾ ਨਗਾਰਾ ਦੀ ਵਰਤੋਂ ਨੇ ਖਾਸ ਤੌਰ ਤੇ ਸਿੱਖਾਂ ਦੀਆਂ ਨਕਾਰਾ ਹੋਈਆਂ ਨਾੜੀਆਂ ਤੇ ਜਾਦੂ ਭਰਿਆ ਅਸਰ ਕੀਤਾ।ਆਪਣੇ ਕਾਲ ਦੇ ਆਰੰਭ ਤੋਂ ਹੀ ਗੁਰੂ ਜੀ ਅਕਸਰ ਸ਼ਿਕਾਰ ਤੇ ਜਾਇਆ ਕਰਦੇ ਸਨ ਤੇ ਸ਼ੇਰ ਚੀਤਿਆਂ ਦੇ ਸ਼ਿਕਾਰ ਵਿਚ ਉਹਨਾਂ ਨੇ ਖਾਸ ਦਿਲਚਸਪੀ ਪ੍ਰਗਟ ਕੀਤੀ ਸੀ। ਇਸੇ ਨਾਲ ਵੀ ਲੋਕਾਂ ਦੇ ਮਨਾਂ ਵਿਚ ਹਿੰਮਤ ਤੇ ਬਹਾਦਰੀ ਦਾ ਸੰਚਾਰ ਹੋਇਆ।ਇਸੇ ਮੰਤਵ ਲਈ ਉਹਨਾਂ ਨੇ ਸਾਹਿਤ ਨੂੰ ਸਭ ਤੋਂ ਪਹਿਲ ਦਿੱਤੀ ਤੇ ਆਪਣੇ ਦਰਬਾਰ ਵਿਚ ਬਹੁਤ ਸਾਰੇ ਕਵੀਆਂ

ਤੇ ਵਿਦਵਾਨਾਂ ਨੂੰ ਰੱਖਿਆ। ਉਹਨਾਂ ਤੇ ਜੋਸ਼ ਲਿਆਉਣ ਵਾਲੀਆਂ ਵੀਰ ਗਾਥਾਵਾਂ ਤੇ ਪੁਰਾਣਿਕ ਕਥਾਵਾਂ ਤੇ ਤਜਰਬੇ ਆਮ ਲੋਕਾਂ ਦੀ ਭਾਸ਼ਾ ਵਿਚ ਕਰਵਾਏ। ਉਹਨਾਂ ਦਾ ਪ੍ਰਤੱਖ ਮੰਤਵ ਇਹ ਸੀ ਕਿ ਪੁਰਾਣੇ ਨਾਇਕ ਅਤੇ ਨਾਇਕਾਵਾਂ ਦੀਆਂ ਗਾਥਾਵਾਂ ਨੂੰ ਆਪਣੇ ਲੋਕਾਂ ਦਾ ਜੋਸ਼ ਜਗਾਉਣ ਲਈ, ਜਿਥੋਂ ਤੀਕ ਸੰਭਵ ਹੋ ਸਕੇ, ਵਰਤਿਆ ਜਾਵੇ ਤਾਂ ਕਿ ਲੋਕਾਂ ਵਿਚ ਨਿੱਜੀ ਬਹਾਦਰੀ ਤੇ ਧਰਮ ਯੁੱਧ ਲਈ ਇਕ ਤੇਜ਼ ਭਾਵਨਾ ਦਾ ਸੰਚਾਰ ਹੋ ਸਕੇ। ਚੰਡੀ ਦੀ ਵਾਰ, ਕ੍ਰਿਸ਼ਨ ਅਵਤਾਰ ਤੇ ਰਾਮ ਅਵਤਾਰ ਆਦਿਕ ਨੂੰ ਉਹਨਾਂ ਦੀ ਇਸੇ ਕੋਸ਼ਿਸ ਦੇ ਸਭ ਤੋਂ ਉੱਤਮ ਨਮੂਨੇ ਕਿਹਾ ਜਾ ਸਕਦਾ ਹੈ।

ਜੇਕਰ ਉਹਨਾਂ ਦੇ ਸੁਪਨਿਆਂ ਦੀ ਪੂਰਤੀ ਲਈ ਇਕ ਯੋਗ ਭਾਵਾਤਮਕ ਤੇ ਬੁੱਧੀ ਵਾਲੇ ਢਾਂਚੇ ਦੀ ਜਰੂਰਤ ਸੀ ਤਾਂ ਉੱਥੇ ਹੀ ਇਕ ਜਥੇਬੰਦੀ ਦੇ ਸੰਗਠਨ ਦੀ ਵੀ ਸਖ਼ਤ ਜ਼ਰੂਰਤ ਸੀ। ਸ਼ਾਇਦ, ਇਹ ਹੀ ਸਾਰੀ ਮੁਸੀਬਤ ਦਾ ਇਲਾਜ ਸੀ ਕਿਉਂਕਿ ਇਸ ਤੋਂ ਬਿਨਾਂ ਉਲੀਕੇ ਹੋਏ ਆਦਰਸ਼ ਦੀ ਪੂਰਤੀ ਸੰਭਵ ਹੀ ਨਹੀਂ ਸੀ। ਇਸੇ ਬਾਰੇ ਲੰਮੀ ਸੋਚ ਵਿਚਾਰ ਕੀਤੀ ਗਈ ਅਤੇ *1699* ਈਸਵੀ ਵਿਚ ਖਾਲਸਾ ਦੀ ਸਾਜਣਾ ਕੀਤੀ। ਇਹ ਹਵਾ ਵਿਚ ਸਿਰਜੀ ਹੋਈ ਕਲਪਨਾ ਨਹੀਂ ਸੀ ਸਗੋਂ ਜਿਵੇਂ ਕਿ ਹਰ ਚਿਰੰਜੀਵ ਸੰਸਥਾ ਨੂੰ ਹੋਣਾ ਚਾਹੀਦਾ ਹੈ, ਇਹ ਵੀ ਸਿੱਖ ਧਰਮ ਦੇ ਮੁੱਢ ਤੋਂ ਲੈ ਕੇ ਵਿਕਾਸ ਦੇ ਲੰਮੇ ਅਮਲ ਦਾ ਕੁਦਰਤੀ ਨਤੀਜਾ ਸੀ। ਸਿੱਖ ਸਮਾਜ ਨੇ ਆਪਣੇ *200* ਸਾਲ ਦੇ ਲੰਮੇ ਸਮੇਂ ਵਿਚ ਪਹਿਲਾਂ ਹੀ ਇਕ ਪਛਾਣ ਸਥਾਪਿਤ ਕਰ ਲਈ ਸੀ। ਇਸ ਲਈ ਗੁਰੂ ਜੀ ਨੇ ਸਾਫ ਸਲੇਟ ਤੇ ਕੁੱਝ ਲਿਖਣ ਦੇ ਯਤਨ ਨਹੀਂ ਕੀਤੇ। ਇਕ ਮਹਾਨ ਦੂਰਦਰਸ਼ੀ ਵਾਂਗ ਉਹਨਾਂ ਨੇ ਸਾਰੀ ਤਰੱਕੀ ਨੂੰ ਵਿਚਾਰਿਆ ਪਰੰਤੂ ਉਸ ਸਮੇਂ ਇਹ ਵੀ ਨਤੀਜਾ ਕੱਢ ਲਿਆ ਕਿ ਐਨਾ ਹੀ ਉਹਨਾਂ ਦੇ ਉਦੇਸ਼ ਦੀ ਪੂਰਤੀ ਲਈ ਕਾਫੀ ਨਹੀਂ ਸੀ। ਸਿੱਖ ਜਥੇਬੰਦੀ ਵਿਚ ਹਾਲੇ ਢਿੱਲੇ ਸੂਤਰ ਸਨ ਜਿਨ੍ਹਾਂ ਨੂੰ ਕੱਸਣਾ ਜ਼ਰੂਰੀ ਸੀ ਤੇ ਇਸ ਲਈ ਜ਼ਾਬਤੇ ਦੇ ਨਿਯਮ ਬਣਾ ਕੇ ਲੋਕਾਂ ਨੂੰ ਨਿੱਜੀ ਤੌਰ ਤੇ ਪੁਰਾਣੇ ਸਮੁਦਾਇ ਨੂੰ ਅਨੁਸ਼ਾਸਨ ਬੱਧ ਕਰਨਾ ਸੀ। ਇਸ ਲਈ ਖਾਲਸੇ ਦੀ ਸਿਰਜਣਾ ਦਾ ਉਦੇਸ਼ ਇਕ ਕ੍ਰਾਂਤੀਕਾਰੀ ਤੇ ਪੱਕੀ ਜਥੇਬੰਦੀ ਦੀ ਉਸਾਰੀ ਕਰਨਾ ਸੀ।

ਪਰੰਤੂ ਇਹ ਕੁੱਝ ਨਿਸ਼ਚਿਤ ਨਿਯਮਾਂ ਵਾਲੀ ਸਾਧਾਰਨ ਜਥੇਬੰਦੀ ਨਹੀਂ ਸੀ ਤੇ ਨਾ ਹੀ ਇਹ ਇਕ ਗੁਪਤ ਜਥੇਬੰਦੀ ਸੀ ਜਿਵੇਂ ਆਮ ਤੌਰ ਤੇ ਇਕ ਕ੍ਰਾਂਤੀਕਾਰੀ ਜਥੇਬੰਦੀ ਵਿਚ ਹੁੰਦਾ ਹੈ। ਇਹ ਤਾਂ ਰਾਜਨੀਤਿਕ ਨਿਰਧਾਰਨ ਵਾਲੀ ਸਮਾਜਿਕ ਧਾਰਮਿਕ ਜਥੇਬੰਦੀ ਸੀ। ਇਸ ਜਥੇਬੰਦੀ ਦੇ ਮੈਂਬਰਾਂ ਨੂੰ ਦੱਸਿਆ ਗਿਆ ਕਿ ਉਹ ਆਪ ਪਰਮਾਤਮਾ ਦੇ ਆਪਣੇ ਹਨ (ਵਾਹਿਗੁਰੂ ਜੀ ਕਾ ਖਾਲਸਾ) ਤੇ ਉਹ ਹੀ ਉਹਨਾਂ ਦੀ ਸੰਭਾਲ ਕਰਦਾ ਹੈ ਤੇ ਜਦੋਂ ਵੀ ਕਦੀ ਵੀ ਜਿੱਤ ਪ੍ਰਾਪਤ ਹੁੰਦੀ ਹੈ ਇਹ ਵੀ ਉਸ ਦੀ ਆਪਣੀ ਜਿੱਤ ਹੁੰਦੀ ਹੈ (ਵਾਹਿਗੁਰੂ ਜੀ ਦੇ ਫਤਹਿ)। ਇਸ ਲਈ ਪਰਮਾਤਮਾ ਵਿਚ ਪੱਕਾ ਭਰੋਸਾ ਉਹਨਾਂ ਨੂੰ ਗੁੜ੍ਹਤੀ ਵਿਚ ਦਿੱਤਾ ਗਿਆ। ਇਹ ਗੱਲ ਸਿੱਖਾਂ ਵਿਚ ਏਕਤਾ ਤੇ ਮੇਲ-ਮਿਲਾਪ ਪੈਦਾ ਕਰਨ ਲਈ ਜ਼ਰੂਰੀ ਸੀ।

ਰਾਮ, ਕ੍ਰਿਸ਼ਨ ਅਤੇ ਦੁਰਗਾ ਆਦਿਕ ਆਪਣੇ ਬਹਾਦਰੀ ਦੇ ਕਾਰਨਾਮਿਆਂ ਦੇ ਲਈ ਤਾਂ ਆਦਰਯੋਗ ਸਨ ਪਰੰਤੂ ਅਵਤਾਰ ਦੇ ਤੌਰ ਤੇ ਉਹਨਾਂ ਦੇ ਪੂਜਾ ਕਰਨ ਨਾਲ ਏਕਤਾ ਦੀ ਥਾਂ ਫੁੱਟ ਪੈਦਾ ਹੁੰਦੀ ਹੈ। ਇਸ ਤਰ੍ਹਾਂ ਮੜ੍ਹੀਆਂ ਮਸਾਣਾਂ ਦੀ ਪੂਜਾ ਏਕਤਾ ਦੇ ਕੰਮ ਲਈ ਹਾਨੀਕਾਰਕ ਸੀ। ਖਾਲਸੇ ਨੂੰ ਨਿੱਜੀ ਤੌਰ ਤੇ ਫੇਰ ਇਹ ਚੇਤਾਵਨੀ ਦਿੱਤੀ ਗਈ ਕਿ ਉਹ ਫਜ਼ੂਲ ਭਰਮਾਂ ਤੇ ਕਰਮ-ਕਾਂਡਾ ਵਿਚ ਨਾ ਫੱਸਣ ਭਾਵੇਂ ਇਸ ਦਾ ਏਕਤਾ ਤੇ ਤਾਂ ਪ੍ਰਭਾਵ ਨਹੀਂ ਪੈਂਦਾ ਪਰੰਤੂ ਇਸ ਦਾ ਮਨੁੱਖੀ ਮਨ ਤੇ ਬੜਾ ਘਾਤਕ ਪ੍ਰਭਾਵ ਪੈਂਦਾ ਹੈ ਤੇ ਉਹ ਉੱਨਤੀ ਦੇ ਰਸਤੇ ਵਿਚ ਰੁਕਾਵਟ ਬਣਦਾ ਹੈ।

ਪਰੰਤੂ ਜ਼ਿੰਦਗੀ ਇਕ ਸਮੂਹਿਕ ਵਸਤੂ ਹੈ। ਇਸ ਨੂੰ ਪੱਕੇ ਤੌਰ ਤੇ ਵੱਖ-ਵੱਖ ਖੇਤਰਾਂ ਵਿਚ ਨਹੀਂ ਵੰਡਿਆ ਜਾ ਸਕਦਾ, ਹਰ ਵੰਡ ਬਨਾਵਟੀ ਤੇ ਸਹੂਲਤ ਲਈ ਕੀਤੀ ਜਾਂਦੀ ਹੈ, ਨਹੀਂ ਤਾਂ ਉਹ ਸਭ ਇਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ ਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਲਈ ਕੁਦਰਤੀ ਤੌਰ

ਤੇ ਇਹ ਸੋਚਿਆ ਗਿਆ ਕਿ ਧਾਰਮਿਕ ਵਿਸ਼ਵਾਸਾਂ ਵਿਚ ਉਦਾਰ ਤੇ ਅਗਾਂਹਵਧੂ ਦ੍ਰਿਸ਼ਟੀਕੋਣ ਅਪਨਾਉਣ ਦੇ ਨਾਲ-ਨਾਲ, ਸਮਾਜਿਕ ਤੇ ਦੁਨਿਆਵੀ ਮਸਲਿਆਂ ਵਿਚ ਵੀ ਉਸਾਰੂ ਰਵੱਈਆ ਅਪਣਾਇਆ ਜਾਣਾ ਜ਼ਰੂਰੀ ਹੈ, ਨਹੀਂ ਤਾਂ ਇਹ ਜਥੇਬੰਦੀ ਬਹੁਤ ਦੇਰ ਤਕ ਨਹੀਂ ਟਿੱਕਣ ਲੱਗੀ। ਭਾਰਤੀ ਸਮਾਜ ਦੀ ਜਾਤੀ ਪ੍ਰਥਾ ਨੂੰ ਐਨਾ ਦੁਰਕਾਇਆ ਗਿਆ ਜਿੰਨਾ ਕਿ ਪਹਿਲਾਂ ਕਦੇ ਵੀ ਨਹੀਂ ਸੀ ਕੀਤਾ ਗਿਆ। ਨਵੇਂ ਭਾਈਚਾਰੇ ਵਿਚ ਸ਼ਾਮਿਲ ਹੋਣ ਵਾਲਾ ਭਾਵੇਂ ਕਿਸੇ ਵੀ ਜਾਤੀ ਜਾਂ ਉੱਚ ਸਮਾਜਿਕ ਰੁਤਬੇ ਦਾ ਕਿਉ ਨਾ ਹੋਵੇ ਸਭ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਗਿਆ। ਗੁਰੂ ਗੋਬਿੰਦ ਨੇ ਜੋ ਪਹਿਲੇ ਪੰਜ ਪਿਆਰੇ ਚੁਣੇ ਉਹਨਾਂ ਵਿਚੋਂ ਇੱਕ ਖੱਤਰੀ, ਦੂਜਾ ਜੱਟ, ਤੀਜਾ ਛੀਂਬਾ, ਚੌਥਾ ਨਾਈ ਅਤੇ ਪੰਜਵਾਂ ਝਿਊਰ ਸੀ। ਖਾਲਸਾ ਪੰਥ ਵਿਚ ਕੋਈ ਉੱਚਾ ਨੀਵਾਂ ਨਹੀਂ ਸੀ, ਸਾਰੇ ਮੈਂਬਰਾਂ ਭਰਾ (ਭਾਈ) ਸਨ ਤੇ ਹਰ ਤਰ੍ਹਾਂ ਬਰਾਬਰ ਸਨ, ਸਮਾਜ ਦਾ ਮਹੱਤਵਪੂਰਣ ਭਾਗ ਹੋਣ ਕਰਕੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ ਅਤੇ ਬਹੁਤ ਹੀ ਖੁਸ਼ੀ ਨਾਲ ਉਹਨਾਂ ਨੂੰ ਖਾਲਸਾ ਪੰਥ ਵਿਚ ਸ਼ਾਮਿਲ ਕੀਤਾ ਗਿਆ। ਆਰਥਿਕ ਖੇਤਰ ਵਿਚ ਗਤੀਵਿਧੀਆਂ ਵਿਚ ਕਿਰਤ ਦੀ ਉਤਮਤਾ, ਇਮਾਨਦਾਰੀ ਨਾਲ ਰੋਜ਼ੀ ਕਮਾਉਣਾ ਅਤੇ ਸਮੁਦਾਇ ਦੀ ਸਾਂਝੇ ਫੰਡ ਵਿਚ ਦਸਵਾਂ ਭਾਗ (ਦਸਵੰਧ) ਆਪਣੀ ਕਮਾਈ ਵਿਚੋਂ ਪਾਉਣਾ ਲਾਜ਼ਮੀ ਬਣਾ ਦਿੱਤੇ ਗਏ। ਲੁੱਟ ਅਤੇ ਖਸੁੱਟ ਨੂੰ ਅਪਰਾਧ ਘੋਸ਼ਿਤ ਕੀਤਾ ਗਿਆ ਜਿਸ ਦੇ ਲਈ ਸਜ਼ਾ ਵੀ ਦਿੱਤੀ ਜਾਂਦੀ ਸੀ।

ਦੂਜਾ ਨੁਕਤਾ ਜਿਸ ਤੇ ਜ਼ੋਰ ਦਿੱਤਾ ਗਿਆ ਉਹ ਨਿੱਜੀ ਜੀਵਨ ਵਿਚ ਪਵਿੱਤਰਤਾ। ਉਪਰੋਕਤ ਧਾਰਮਿਕ, ਸਮਾਜਿਕ ਤੇ ਆਰਥਿਕ ਪਾਬੰਦੀਆਂ ਦੇ ਅਨੁਸ਼ਾਸਨ ਨਾਲ ਮੈਂਬਰਾਂ ਦੇ ਨਿੱਜੀ ਚਰਿੱਤਰ ਦਾ ਉੱਚਾ ਹੋਣਾ ਲਾਜ਼ਮੀ ਹੀ ਸੀ। ਫਿਰ ਵੀ ਇਸ ਗੱਲ ਤੇ ਜ਼ੋਰ ਦੇਣਾ ਜ਼ਰੂਰੀ ਸੀ ਕਿ ਇਨ੍ਹਾਂ ਪਾਬੰਦੀਆਂ ਦੀ ਸਫਲਤਾ ਲਈ ਅਜਿਹਾ ਕਰਨਾ ਲਾਭਦਾਇਕ ਹੀ ਹੋ ਸਕਦਾ ਸੀ।

ਜਿਨ੍ਹਾਂ ਸਦਾਚਾਰਕ ਨਿਯਮਾਂ ਦਾ ਵਰਣਨ ਉੱਪਰ ਕੀਤਾ ਗਿਆ ਹੈ ਉਹਨਾਂ ਨੂੰ ਲਾਗੂ ਕਰਨ ਲਈ ਇਕ ਜਨਤਕ ਰਸਮ (ਪਾਹੁਲ) ਨਾਲ ਮਨੋਵਿਗਿਆਨਕ ਆਧਾਰ ਤੇ ਇਕ ਜਨਤਕ ਪਰਤਿਗਿਆ ਜਾਂ ਸਹੁੰ ਚੁਕਵਾਈ ਗਈ। ਇਨ੍ਹਾਂ ਨੂੰ ਪੰਜ ਕੱਕਿਆਂ, ਕੇਸ, ਕੰਘਾ, ਕੱਛਾ, ਕੜਾ ਤੇ ਕਿਰਪਾਨ ਦੇ ਚਿੰਨ੍ਹ ਦੇ ਕੇ ਹਰ ਖਾਲਸੇ ਲਈ ਇਨ੍ਹਾਂ ਦਾ ਪਹਿਨਣਾ ਲਾਜ਼ਮੀ ਬਣਾ ਦਿੱਤਾ ਗਿਆ। ਇਹ ਚਿੰਨ੍ਹ ਕੋਈ ਸ਼ੱਕ ਨਹੀਂ ਕਿ ਉਪਯੋਗੀ ਵਸਤੂਆਂ ਸਨ ਤੇ ਖਾਸ ਕਰਕੇ ਲੜਾਈ ਦੇ ਸਮੇਂ ਤਾਂ ਬਹੁਤ ਹੀ ਉਪਯੋਗੀ ਸਨ। ਉਦਾਹਰਣ ਦੇ ਤੌਰ ਤੇ ਕੇਸ ਅਧਿਆਤਮਕਤਾ ਦਾ ਚਿੰਨ੍ਹ ਸਨ ਤੇ ਮਨੁੱਖ ਨੂੰ ਗੰਭੀਰ ਤੇ ਨਿਰਮਲ ਦਿੱਖ ਪ੍ਰਦਾਨ ਕਰਦੇ ਹਨ।ਕੰਘਾ ਨਿੱਜੀ ਸਫਾਈ ਤੇ ਤੰਦਰੁਸਤੀ ਦਾ ਚਿੰਨ੍ਹ ਹੈ ਨਾ ਕਿ ਸਿਰਫ ਕੇਸਾਂ ਦੀ ਸਫਾਈ ਦਾ। ਕੱਛਾ ਨਿੱਜੀ ਵਤੀਰੇ ਦੀ ਪਵਿੱਤਰਤਾ ਦਾ ਪ੍ਰਤੀਕ ਹੈ ਨਾ ਸਿਰਫ ਬ੍ਰਹਮਚਾਰੀਆਂ ਦਾ। ਕੜਾ ਨੇਕ ਤੇ ਪਵਿੱਤਰ ਆਰਥਿਕ ਵਿਹਾਰ ਤੇ ਦੈਵੀ ਇੱਛਾ ਅੱਗੇ ਆਪਣਾ ਆਪ ਅਰਪਨ ਦਾ ਚਿੰਨ੍ਹ ਹੈ। ਕਿਰਪਾਨ ਕਮਜ਼ੋਰ ਦੇ ਬਚਾਅ, ਲਤਾੜੇ ਦੀ ਰਾਖੀ, ਬਹਾਦਰੀ ਤੇ ਧਰਮ-ਯੁੱਧ ਦੇ ਲਈ ਸੀ। ਉਪਰੋਕਤ ਜ਼ਾਬਤੇ ਦੇ ਅਧੀਨ ਸਾਰੇ ਸਮਾਨ ਨਜ਼ਰ ਆਉਣ ਲੱਗੇ ਤੇ ਇਸ ਦੇ ਸਦਾਚਾਰਕ ਨਿਯਮਾਂ ਨੇ ਇਕ ਬਹੁਤ ਜ਼ਰੂਰੀ ਭਾਗ ਸਮਾਜਿਕ ਸਮਾਨਤਾ ਨੂੰ ਅਸਲੀ ਸ਼ਕਲ ਪ੍ਰਦਾਨ ਕੀਤੀ।

ਇਸ ਤਰ੍ਹਾਂ ਹੋਂਦ ਵਿਚ ਆਇਆ ਖਾਲਸਾ ਇਕ ਅਜਿਹਾ ਸਮਾਜਿਕ ਭਾਈਚਾਰਾ ਸੀ ਜਿਸ ਦੇ ਲੋਕ ਸੁਤੰਤਰ ਤੇ ਆਪਣੇ ਪੁਰਾਣੇ ਧਾਰਮਿਕ ਵਿਸ਼ਵਾਸਾਂ ਤੇ ਰੀਤੀਆਂ ਤੋਂ ਆਜ਼ਾਦ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਆਪ ਨੂੰ ਖਾਨਦਾਨ, ਆਪਣੇ ਪਹਿਲੇ ਧਾਰਮਿਕ ਵਿਸ਼ਵਾਸਾਂ, ਕਿੱਤਿਆਂ, ਜਾਤਾਂ, ਕਰਮਾਂ ਤੇ ਭਰਮਾਂ ਨੂੰ ਗੁਰੂ ਤੇ ਕੁਰਬਾਨ ਕਰਨ ਦੀ ਪ੍ਰੇਰਣਾ ਦਿੱਤੀ। ਹੁਣ ਉਹਨਾਂ ਦਾ ਜਨਮ ਸਥਾਨ ਆਨੰਦਪੁਰ ਸੀ, ਨਾ ਕਿ ਉਹ ਵੱਖ-ਵੱਖ ਥਾਵਾਂ ਜਿੱਥੋਂ ਕਿ ਉਹ ਆਏ ਸਨ। ਉਹਨਾਂ ਦਾ ਪਰਿਵਾਰ ਸੀ ਖਾਲਸਾ, ਪਿਤਾ ਸ੍ਰੀ ਗੋਬਿੰਦ ਸਿੰਘ ਤੇ ਗੁਰੂ ਸਾਹਿਬ ਦੀ ਪਤਨੀ, ਸਾਹਿਬ-ਦੇਵਾਂ, ਉਹਨਾਂ ਦੀ ਮਾਤਾ ਸੀ।ਉਹਨਾਂ

ਦਾ ਪ੍ਰਮੁੱਖ ਪੇਸ਼ਾ ਪਵਿੱਤਰ ਕਾਰਜਾਂ ਲਈ ਲੜਨਾ ਸੀ। ਧਰਮ ਯੁੱਧ ਤੋਂ ਇਲਾਵਾ ਉਹਨਾਂ ਦੀ ਇਕੋ ਇਕ ਰਸਮ ਜਾਂ ਨੀਤੀ ਸੀ। ਪਰਮਾਤਮਾ ਦੀ ਪ੍ਰਸ਼ੰਸਾ ਭਰੀ ਬਾਣੀ ਗਾਉਣੀ ਅਤੇ ਆਪਣੇ ਸਪੁਰਦ ਕੰਮ ਨੂੰ ਪੂਰਾ ਕਰਨ ਲਈ ਪਰਮ ਪਿਤਾ ਪਰਮਾਤਮਾ ਤੋਂ ਸਹਾਇਤਾ ਦੀ ਮੰਗ ਕਰਨੇ, ਤੇ ਜ਼ੁਲਮ ਵਿਰੁੱਧ ਲੜਨਾ ਤੇ ਸੰਘਰਸ਼ ਕਰਨਾ। ਖਾਲਸਾ ਸੰਤ ਸਿਪਾਹੀਆਂ ਦੀ ਸੰਸਥਾ ਸੀ ਜਿਨ੍ਹਾਂ ਦੇ ਜਿੰਮੇ ਕਰਾਂਤੀ ਲਿਆਉਣ ਦਾ ਵੱਡਾ ਕੰਮ ਸੀ। ਉਹ ਬਹਾਦਰ ਸਨ ਕਿਉਂਕਿ ਉਹਨਾਂ ਦੇ ਮਨਾਂ ਵਿਚ ਇਹ ਬਿਠਾ ਦਿੱਤਾ ਗਿਆ ਸੀ ਕਿ ਉਹ ਅਜਿੱਤ ਹਨ, ਚਾਹੇ ਵਿਰੋਧੀ ਕਿੰਨਾਂ ਵੀ ਤਾਕਤਵਰ ਕਿਉਂ ਨਾ ਹੋਵੇ। ਇਸੇ ਉਦੇਸ਼ ਦੀ ਪੂਰਤੀ ਲਈ ਹੁਣ ਉਹਨਾਂ ਦੇ ਨਾ ਬਦਲ ਦਿੱਤੇ ਗਏ ਜਿਸ ਨਾਲ ਅਨੇਕਤਾ ਖਤਮ ਹੋ ਗਈ ਤੇ ਨਾਵਾਂ ਦੇ ਅੰਤ ਵਿਚ ਸਿੰਘ ਜੋੜ ਕੇ ਉਹਨਾਂ ਨੂੰ ਨਰਮ ਸ਼ਗਿਰਦਾਂ ਤੋਂ ਸ਼ੇਰ ਬਣਾ ਦਿੱਤਾ ਗਿਆ ਅਤੇ ਇਕੋ-ਝਟਕੇ ਨਾਲ ਉਹਨਾਂ ਨੂੰ ਸਮਾਨਤਾ ਦੀ ਸਥਿਤੀ ਵਿਚ ਪਹੁੰਚਾ ਦਿੱਤਾ ਤੇ ਉਹ ਭਾਰਤ ਦੇ ਸਭ ਤੋਂ ਨੇਕ ਤੇ ਉੱਚੇ ਸੈਨਿਕ ਬਣ ਗਏ। ਗੋਕਲ ਚੰਦ ਨਾਰੰਗ ਅਨੁਸਾਰ, **'ਹੁਣ ਤਕ ਸਿਰਫ ਰਾਜਪੂਤ ਹੀ ਸਿੰਘ ਸ਼ਬਦ ਵਰਤਦੇ ਸਨ।'**

ਨਵੇਂ ਚੁੱਕੇ ਕਦਮਾਂ ਨੇ ਸਿੱਖਾਂ ਦੀ ਗਿਣਤੀ ਕਈ ਗੁਣਾ ਵਧਾ ਦਿੱਤੀ। ਪਹਿਲੇ ਹੀ ਦਿਨ ਲਗਭਗ ਵੀਹ ਹਜ਼ਾਰ ਮਰਦ ਔਰਤਾਂ ਨੇ ਖੰਡੇ ਦੀ ਧਾਰ ਨਾਲ ਬਣਾਇਆ ਅੰਮ੍ਰਿਤ ਛਕਿਆ। ਇਸ ਨੇ ਪਹਾੜੀ ਰਾਜਿਆਂ ਤੇ ਮੁਗਲਾਂ ਨੂੰ ਹਲੂਣ ਦਿੱਤਾ।ਖਾਲਸੇ ਦੀ ਸਾਜਨਾ ਦੇ ਮੌਕੇ ਤੇ ਦਿੱਤੇ ਗੁਰੂ ਜੀ ਦੇ ਭਾਸ਼ਣ ਨੇ ਉਹਨਾਂ ਨੂੰ ਹੋਰ ਡਰਾਇਆ। ਉਹਨਾਂ ਨੇ ਆਪਣੇ ਸ਼ੇਰਾਂ ਵਰਗੇ ਭਾਸ਼ਣ ਵਿਚ ਕਿਹਾ, **'ਸਵਾ ਲਾਖ ਸੇ ਏਕ ਲੜਾਊਂ,ਚਿੜੀਓ ਸੇ ਮੈਂ ਬਾਜ ਤੁੜਾਊ, ਤਬੈ ਗੋਬਿੰਦ ਸਿੰਘ ਨਾਮ ਕਹਾਊ'** (ਡਾ. ਗੋਪਾਲ ਸਿੰਘ, ਗੁਰੂ ਗੋਬਿੰਦ ਸਿੰਘ)

ਉਹਨਾਂ ਦੀ ਵੱਧਦੀ ਸ਼ਕਤੀ ਅਤੇ ਕੀਤੇ ਸੁਧਾਰਾਂ ਤੋਂ ਡਰ ਕੇ ਪਹਾੜੀ ਰਾਜਿਆਂ ਦੀਆਂ ਗਤੀਵਿਧੀਆਂ ਸਭ ਤੋਂ ਪਹਿਲਾਂ ਸ਼ੁਰੂ ਹੋਈਆਂ। ਗੁਰੂ ਜੀ ਨੇ ਪਹਿਲਾਂ ਹੀ ਕਈ ਮੌਕਿਆਂ ਤੇ ਉਹਨਾਂ ਨੂੰ ਦਿਖਾ ਦਿੱਤਾ ਸੀ ਕਿ ਉਹ, ਉਹਨਾਂ ਦੇ ਇਕੱਲੇ-ਇਕੱਲੇ ਨਾਲੋਂ ਵੀ ਤੇ ਸਮੂਹਕ ਸ਼ਕਤੀ ਨਾਲੋਂ ਵੀ, ਭਾਰੇ ਤੇ ਤਾਕਤਵਰ ਹਨ। ਪਰ ਉਨ੍ਹਾਂ ਨੇ ਇਕ ਵਾਰ ਫੇਰ ਆਪਣੇ ਰਾਜਪੂਤ ਧਰਮ ਦੇ ਨਾਂ ਹੇਠ ਉਹ ਗੁਰੂ ਜੀ ਨੂੰ ਆਪਣੇ ਇਲਾਕੇ ਵਿਚੋਂ ਕੱਢ ਦੇਣਾ ਚਾਹੁੰਦੇ ਸਨ। ਇਸ ਸਮੇਂ ਉਹਨਾਂ ਦੇ ਦ੍ਰਿੜ ਸੰਕਲਪ ਨੇ ਪਹਿਲਾਂ ਨਾਲੋਂ ਬਹੁਤ ਹੀ ਜ਼ਬਰਦਸਤ ਕੋਸ਼ਿਸ਼ ਨੂੰ ਜਨਮ ਦਿੱਤਾ। ਪਰੰਤੂ ਹਮੇਸ਼ਾ ਵਾਂਗ ਸਫਲਤਾ ਹੁਣ ਵੀ ਉਹਨਾਂ ਤੋਂ ਦੂਰ ਰਹੀ ਤੇ ਜੋ ਵੀ ਵਾਰ ਉਹ ਗੁਰੂ ਜੀ ਤੇ ਕਰਦੇ, ਆਪਣੀ ਸਥਿਤੀ ਵਧੀਆ ਹੋਣ ਦੇ ਬਾਵਜੂਦ ਵੀ ਸਫਲ ਨਾ ਹੁੰਦੇ।ਆਪਣੀ ਭਾਰੀ ਨਿਰਾਸ਼ਾ ਕਾਰਣ ਉਹਨਾਂ ਸਰਹੰਦ ਤੇ ਲਾਹੌਰ ਦੇ ਸੂਬੇਦਾਰ ਸੀ। ਪਾਸ ਰਸਾਈ ਕੀਤੀ ਜੋ ਕਿ ਪਹਿਲਾਂ ਹੀ ਗੁਰੂ ਗੋਬਿੰਦ ਸਿੰਘ ਦੀ ਵੱਧਦੀ ਤਾਕਤ ਨੂੰ ਕੁਚਲਣ ਲਈ ਮੌਕੇ ਦੀ ਤਲਾਸ਼ ਵਿੱਚ ਗੁਰੂ ਜੀ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਉਹਨਾਂ ਦੀਆਂ ਸਾਂਝੀਆਂ, ਫੌਜਾਂ ਗੁਰੂ ਜੀ ਦੀਆਂ ਫੌਜਾਂ ਤੋਂ ਕਿਤੇ ਜਿਆਦਾ ਸਨ। ਫਿਰ ਵੀ ਉਹ ਗੁਰੂ ਜੀ ਦੇ ਕਿਲ੍ਹਿਆਂ ਵਿੱਚ ਵੜ੍ਹਨ ਤੇ ਉਨ੍ਹਾਂ ਤੋਂ ਈਨ ਮਨਵਾਉਣ ਵਿਚ ਅਸਫਲ ਰਹੇ। ਇਸ ਤਰ੍ਹਾਂ ਅਸਫਲ ਰਹਿਣ ਤੋਂ ਬਾਅਦ ਉਨ੍ਹਾਂ ਸਿੱਖਾਂ ਨੂੰ ਭੁੱਖੇ ਮਾਰ ਕੇ ਈਨ ਮਨਵਾਉਣ ਦੀ ਰਣਨੀਤੀ ਅਪਣਾਈ। ਇਹ ਰਣਨੀਤੀ ਜਿਆਦਾ ਸਫਲ ਰਹੀ ਤੇ ਇਸ ਨਾਲ ਸਿੱਖਾਂ ਦੀ ਰਸਦ ਲਾਈਨ ਵਿੱਚ ਵਿਘਨ ਪੈ ਗਿਆ। ਇਥੋਂ ਤੀਕ ਕਿ ਘੇਰਾ ਫੇਰ ਵੀ ਅਸਫਲ ਰਿਹਾ ਤੇ ਉਹਨਾਂ ਕਈ ਵਾਰ ਗੱਲਬਾਤ ਦੀ ਪੇਸ਼ਕਸ਼ ਕੀਤੀ। ਗੁਰੂ ਜੀ ਤੇ ਉਹਨਾਂ ਦੇ ਸਿੰਘਾਂ ਨੇ ਬੇਮਿਸਾਲ ਸਬਰ ਸਿਦਕ ਤੇ ਬਹਾਦਰੀ ਨਾਲ ਘੇਰੇ ਦੀ ਸਥਿਤੀ ਦਾ ਸਾਹਮਣਾ ਕੀਤਾ ਤੇ ਉਹ ਅਕਸਰ ਹਮਲੇ ਕਰਦੇ ਤੇ ਘੇਰਾ ਪਾਉਣ ਵਾਲਿਆਂ ਦਾ ਭਾਰੀ ਨੁਕਸਾਨ ਕਰਦੇ ਰਹੇ। ਅਖੀਰ ਸਥਿਤੀ ਦੀ ਨਜ਼ਾਕਤ ਨੂੰ ਦੇਖਦੇ ਹੋਏ ਗੁਰੂ ਜੀ ਨੂੰ ਆਨੰਦਪੁਰ ਛੱਡਣ ਦਾ ਫੈਸਲਾ ਕਰਨਾ ਪਿਆ। ਪਰ ਇਹ ਏਨੇ ਨਿਪੁੰਨ ਤਰੀਕੇ ਨਾਲ ਕੀਤਾ ਗਿਆ ਕਿ ਗੁਰੂ ਜੀ ਦੇ ਜਾਣ ਤੋਂ ਕਈ ਘੰਟੇ ਬਾਅਦ

ਦੁਸ਼ਮਣ ਨੂੰ ਇਸ ਗੱਲ ਦਾ ਪਤਾ ਲੱਗ ਸਕਿਆ। ਉਹਨਾਂ ਦਾ ਉਸ ਵੇਲੇ ਪਿੱਛਾ ਕੀਤਾ ਗਿਆ ਤੇ ਹਮਲਾ ਕੀਤਾ ਗਿਆ। ਜਿਸ ਵਿੱਚ ਉਹਨਾਂ ਦੇ ਬਹਾਦਰ ਜਰਨੈਲ ਉਦੈ ਸਿੰਘ ਨੇ ਉਨੀ ਦੇਰ ਦੁਸ਼ਮਣਾਂ ਨੂੰ ਰੋਕੀ ਰੱਖਿਆ ਜਿੰਨੀ ਦੇਰ ਕਿ ਉਹ ਸ਼ਹੀਦ ਨਾ ਹੋ ਗਿਆ। ਪਿੱਛਾ ਜਾਰੀ ਰਿਹਾ ਤੇ ਕਈ ਦਿਨ੍ਹਾਂ ਬਾਅਦ ਗੁਰੂ ਜੀ ਨੂੰ ਜਿਨ੍ਹਾਂ ਦੇ ਨਾਲ ਹੁਣ ਕੇਵਲ 40 ਸਿੰਘ ਸਨ ਚਮਕੌਰ ਪਿੰਡ ਦੇ ਇਕ ਕੱਚੇ ਮਕਾਨ ਵਿਚ ਘੇਰ ਲਿਆ ਗਿਆ। ਇੱਥੋਂ ਫੇਰ ਉਹਨਾਂ ਫੇਰ ਬਹਾਦਰੀ ਨਾਲ ਟਾਕਰਾ ਕੀਤਾ ਤੇ ਦੁਸ਼ਮਣ ਦੀ ਫੌਜ ਸਾਰਾ ਦਿਨ ਉਸ ਸਥਾਨ ਤੇ ਕਬਜਾ ਨਾ ਕਰ ਸਕੀ, ਜਦੋਂ ਰਾਤ ਪਈ ਤਾਂ ਗੁਰੂ ਜੀ ਆਪਣੇ ਹੀ ਲੋਕਾਂ ਦੇ ਮਜਬੂਰ ਕਰਨ ਤੇ ਉੱਥੋਂ ਸਹੀ ਸਲਾਮਤ ਨਿਕਲ ਗਏ।ਕਈ ਹਫਤੇ ਬਾਅਦ ਤੱਕ ਉਹਨਾਂ ਦੀ ਕੋਈ ਉੱਘ ਸੁੱਘ ਨਾ ਲੱਭੀ ਅਤੇ ਅਖੀਰ ਉਹਨਾਂ ਨੂੰ ਭਾਲ ਲਿਆ ਗਿਆ ਤੇ ਹਮਲਾ ਕੀਤਾ ਗਿਆ ਤਾਂ ਉਹਨਾਂ ਨੇ ਕੁਝ ਹਜ਼ਾਰ ਲੋਕਾਂ ਦੀ ਮੱਦਦ ਨਾਲ, ਜੋ ਇੰਨੇ ਲੰਮੇ ਸਮੇਂ ਦੌਰਾਨ ਉਹਨਾਂ ਦੇ ਦੁਆਲੇ ਜੁੜ ਗਏ ਸਨ, ਹਮਲੇ ਨੂੰ ਪਛਾੜ ਦਿੱਤਾ ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਹਨਾਂ ਦਾ ਪਿੱਛਾ ਨਹੀਂ ਕੀਤਾ ਗਿਆ ਕਿਉਂਕਿ ਸ਼ਾਇਦ ਸਥਾਨਕ ਅਫਸਰਾਂ ਨੂੰ ਇਸ ਥਾ ਤੋਂ ਕੱਢਣਾ ਕੁੱਝ ਔਖਾ ਜਾਪਿਆ ਕਿਉਂਕਿ ਗੁਰੂ ਜੀ ਹੁਣ ਆਪਣੇ ਰਾਜਨੀਤਿਕ ਆਧਾਰ ਤੇ ਐਨ ਵਿੱਚ ਮੌਜੂਦ ਸਨ।

ਭਾਵੇਂ ਇੱਥੇ ਗੁਰੂ ਸਾਹਿਬ ਦੀ ਸਥਿਤੀ ਕੁਝ ਸੁਰੱਖਿਅਤ ਸੀ ਪਰ ਇਹੋ ਜਿਹੀ ਵੀ ਨਹੀਂ ਸੀ ਜਿਸਦੇ ਨਾਲ ਉਹ ਆਪਣੇ ਉਲੀਕੇ ਮਿਸ਼ਨ ਦੀ ਪੂਰਤੀ ਲਈ ਤਸੱਲੀਬਖਸ਼ ਸਮਝਦੇ। ਉਹ ਬਹੁਤ ਨੁਕਸਾਨ ਉਠਾ ਚੁੱਕੇ ਸਨ। ਉਹਨਾਂ ਦੀ ਆਪਣੀ ਮਾਤਾ ਜੀ, ਚਾਰੇ ਪੁੱਤਰ ਤੇ ਹਜਾਰਾਂ ਬਹਾਦਰ ਸਾਥੀ ਮਿਸ਼ਨ ਲਈ ਕੁਰਬਾਨ ਹੋ ਚੁੱਕੇ ਸਨ। ਪਰੰਤੂ ਉਹਨਾਂ ਨੇ ਸਭ ਕੁਝ ਧੀਰਜ ਤੇ ਬਹਾਦਰੀ ਨਾਲ ਜਰਿਆ। ਉਹ ਸੱਚਮੁੱਚ ਪਰਮਾਤਮਾ ਵਿੱਚ ਅਟੱਲ ਭਰੋਸਾ ਰੱਖਣ ਵਾਲੇ ਵਿਅਕਤੀ ਸਨ ਪਰੰਤੂ ਉਹਨਾਂ ਦੇ ਮਨ ਦੀ ਤਹਿ ਵਿੱਚ ਇਹ ਗੱਲ ਬੈਠ ਗਈ ਸੀ ਕਿ ਜੋ ਕੰਮ ਉਹਨਾਂ ਨੇ ਸ਼ੁਰੂ ਕੀਤਾ ਸੀ ਉਹ ਹਾਲੀ ਅਧੂਰਾ ਹੈ ਤੇ ਉਹ ਕੰਮ ਨੂੰ ਅਧੂਰਾ ਛੱਡਣ ਵਾਲੇ ਵਿਅਕਤੀ ਨਹੀਂ ਸਨ। ਇਸ ਸਮੇਂ ਦੌਰਾਨ, ਜਿੰਨਾ ਚਿਰ ਕਿ ਉਹਨਾਂ ਦੀ ਫੌਜੀ ਸ਼ਕਤੀ ਦੁਬਾਰਾ ਸੰਗਠਿਤ ਨਾ ਹੋ ਜਾਂਦੀ ਉਹਨਾਂ ਨੇ ਕੂਟਨੀਤੀ ਦਾ ਹਥਿਆਰ ਵਰਤਣ ਦਾ ਫ਼ੈਸਲਾ ਕੀਤਾ। ਉਹਨਾਂ ਨੂੰ ਪਤਾ ਲੱਗਾ ਕਿ ਸਥਾਨਕ ਮੁਗਲ ਅਧਿਕਾਰੀ ਨੇ ਬਾਦਸ਼ਾਹ ਦੇ ਨਾਂ ਦੀ ਵਰਤੋਂ ਕੀਤੀ ਹੈ ਦੇ ਨਾਂ ਦੀ ਦੁਰਵਰਤੋਂ ਕੀਤੀ ਹੈ ਅਤੇ ਯੋਗ ਨੀਤੀਵਾਨ ਹੋਣ ਕਾਰਨ ਉਹ ਇਸਦਾ ਫਾਇਦਾ ਉਠਾ ਕੇ ਬਾਦਸ਼ਾਹ ਪਾਸੋਂ ਆਪਣੇ ਦੁਸ਼ਮਣਾਂ ਨੂੰ ਸਜਾ ਦਿਵਾਉਣਾ ਚਾਹੁੰਦੇ ਸਨ। ਉਹਨਾਂ ਨੇ ਇਸ ਮੰਤਵ ਲਈ ਬਹੁਤ ਮਿਹਨਤ ਕੀਤੀ ਪਰੰਤੂ ਬੇਕਾਰ ਗਈ ਕਿਉਂਕਿ ਔਰੰਗਜੇਬ ਦੀ ਜਲਦੀ ਮੌਤ ਹੋ ਗਈ ਤੇ ਉਸ ਦਾ ਉਤਰਾਧਿਕਾਰੀ ਬਹਾਦਰ ਸ਼ਾਹ ਜਿਸਨੂੰ ਸਵੈ ਭਰੋਸਾ ਹੀ ਨਹੀਂ ਸੀ ਮਾਮਲੇ ਨੂੰ ਟਾਲਦਾ ਰਿਹਾ।

ਆਪਣੇ ਕੂਟਨੀਤਿਕ ਯਤਨਾਂ ਦੇ ਅਧੀਨ ਹੀ ਗੁਰੂ ਜੀ ਦੱਖਣ ਵਿੱਚ ਗਏ। ਉੱਥੇ ਹੀ ਨੰਦੇੜ ਵਿਖੇ ਸਰਹੰਦ ਦੇ ਫੌਜਦਾਰ ਵੱਲੋਂ ਭੇਜੇ ਇਕ ਪਠਾਣ ਵੱਲੋਂ ਉਹਨਾਂ ਨੂੰ ਛੁਰਾ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਕਿਉਂਕਿ ਬਾਦਸ਼ਾਹ ਦੀ ਗੁਰੂ ਜੀ ਨਾਲ ਹੋਈ ਗੱਲਬਾਤ ਨੇ ਫੌਜਦਾਰ ਨੂੰ ਬਹੁਤ ਹੀ ਡਰਾ ਦਿੱਤਾ ਸੀ।

ਸਹੀ ਤੌਰ ਤੇ ਦੇਖਣ ਵਾਲੇ ਨੂੰ ਇਹ ਜਾਪੇਗਾ ਕਿ ਗੁਰੂ ਗੋਬਿੰਦ ਸਿੰਘ ਨੇ ਜੋ ਕੰਮ ਸ਼ੁਰੂ ਕੀਤਾ ਸੀ ਅਧੂਰਾ ਛੱਡ ਗਏ ਪਰੰਤੂ ਡੂੰਘੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਹ ਅਜਿਹਾ ਨਹੀਂ ਸੀ । ਉਹਨਾਂ ਢੰਗਾਂ ਨਾਲ ਜੋ ਇਕ ਵਰਿਸ਼ਟ ਬੁੱਧੀ ਵਾਲਾ ਹੀ ਅਪਨਾ ਸਕਦਾ ਹੈ ਉਹਨਾਂ ਨੇ ਇਕ ਕੌਮ ਨੂੰ ਜਨਮ ਦਿੱਤਾ ਤੇ ਇਸਨੂੰ ਕ੍ਰਾਂਤੀਕਾਰੀ ਜਾਗ ਲਾ ਕੇ ਜ਼ਾਲਮ ਮੁਗਲ ਸਰਕਾਰ ਵਿਰੁੱਧ ਹਥਿਆਰ ਚੁੱਕਵਾ ਕੇ ਖੜੇ ਕਰ ਦਿੱਤਾ। ਇਸ ਤੋਂ ਵੱਧ ਇਹ ਕੌਮ ਉਹਨਾਂ ਦੀ ਅਗਵਾਈ ਵਿੱਚ ਅਗਨੀ ਪਰੀਖਿਆ ਵਿੱਚੋਂ ਗੁਜਰੀ।ਨਤੀਜੇ ਵਜੋਂ ਉਹਨਾਂ ਨੇ ਸਿੱਖਾਂ ਦੇ ਮਨਾਂ ਵਿੱਚ ਕ੍ਰਾਂਤੀ ਦੀ ਭਾਵਨਾ ਘਰ ਕਰ ਗਈ ਤੇ ਇਸ ਦੇ ਬਾਹਰ ਆਉਣ ਲਈ ਬਸ ਸਮੇਂ ਦੀ ਉਡੀਕ ਸੀ। ਇਹ ਭਾਵਨਾ ਏਨੀ ਬਲਵਾਨ ਸੀ ਕਿ ਹੁਣ

ਇਹ ਸੰਭਵ ਹੀ ਨਹੀਂ ਸੀ ਕਿ ਕੁਝ ਕੁ ਹਾਰਾਂ ਤੇ ਨਿਰਾਸ਼ਾਵਾਂ ਉਹਨਾਂ ਦੇ ਜੋਸ਼ ਨੂੰ ਠੰਡਾ ਕਰ ਸਕਦੀਆਂ ਹਨ।

ਗੁਰੂ ਜੀ ਦੇ ਆਖਰੀ ਦੋ ਅਮਲ, ਪਹਿਲਾ ਬੰਦਾ ਸਿੰਘ ਬਹਾਦਰ ਨੂੰ ਦੱਖਣ ਤੋਂ ਪੰਜਾਬ ਭੇਜਣਾ ਅਤੇ ਦੂਜਾ ਸਿੱਖ ਕਾਮਨਵੈਲਥ ਦੀ ਸਥਾਪਨਾ ਉਹਨਾਂ ਦੇ ਜੀਵਨ ਦੀਆਂ ਸਿਖਰਾਂ ਸਨ। ਇਸ ਕਾਰਨ ਨਾਲੇ ਉਹਨਾਂ ਦੇ ਇਰਾਦੇ ਦੀ ਦ੍ਰਿੜਤਾ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ, ਇੱਥੋਂ ਤੀਕ ਕੀ ਆਪਣੇ ਜੀਵਨ ਦੇ ਆਖਰੀ ਪਲਾਂ ਵਿਚ ਵੀ ਉਹ ਸ਼ੁਰੂ ਕੀਤੀ ਕ੍ਰਾਂਤੀ ਨੂੰ ਜਾਰੀ ਰੱਖਣਾ ਚਾਹੁੰਦੇ ਸਨ। ਬੰਦਾ ਸਿੰਘ ਬਹਾਦਰ ਨੂੰ ਸਪੱਸ਼ਟ ਹਦਾਇਤ, ਕਿ ਸਰਹੰਦ ਤੇ ਖੁੱਲ੍ਹੇ ਤੌਰ ਤੇ ਹਮਲਾ ਕਰਨਾ ਹੈ, ਇਸ ਗੱਲ ਨੂੰ ਪ੍ਰਗਟ ਕਰਦਾ ਹੈ ਕਿ ਹੁਣ ਗੁਰੂ ਜੀ ਇਸ ਨਤੀਜੇ ਤੇ ਪਹੁੰਚ ਗਏ ਸਨ ਕਿ ਹੁਣ ਇਸ ਤੋਂ ਬਿਨਾਂ ਗੁਜ਼ਾਰਾ ਨਹੀਂ ਹੈ ਭਾਵੇਂ ਕਿ ਇਸ ਗੱਲ ਨੂੰ ਉਹ ਆਪਣੇ ਵਿਵੇਕ ਦੇ ਆਧਾਰ ਤੇ ਟਾਲਦੇ ਹੀ ਰਹੇ ਸਨ। ਇਸ ਤਰ੍ਹਾਂ ਜਾਪਦਾ ਹੈ ਕਿ ਜੋ ਹਾਲਤ ਉਹਨਾਂ ਨੇ ਮੁਗਲ ਸਰਕਾਰ ਦੀ ਅੰਦਰੂਨੀ ਦਸ਼ਾ ਦੀ ਦੇਖੀ ਅਤੇ ਬਾਦਸ਼ਾਹ ਨਾਲ ਆਪਣੀ ਗੱਲਬਾਤ ਦਾ ਕੋਈ ਨਤੀਜਾ ਨਿਕਲਦਾ ਨਾ ਦੇਖਿਆ ਤਾਂ ਉਹਨਾਂ ਦੀ ਅਨਿਆ ਵਿਰੁੱਧ ਵਿਦਰੋਹ ਦੀ ਭਾਵਨਾ ਬਾਹਰ ਆ ਗਈ। ਆਪਣੇ ਬੁਰੀ ਤਰ੍ਹਾਂ ਜਖਮੀ ਹੋਣ ਤੋਂ ਥੋੜ੍ਹੀ ਦੇਰ ਬਾਅਦ, ਬੰਦਾ ਬਹਾਦਰ ਦਾ ਪੰਜਾਬ ਭੇਜਿਆ ਜਾਣਾ ਉਹਨਾਂ ਦੀ ਉਸ ਵੇਲੇ ਦੀ ਸੋਚ ਦਾ ਧਾਰਨੀ ਹੈ ਕਿ ਪਰਤੱਖ ਤੌਰ ਤੇ ਉਹ ਸੋਚ ਰਹੇ ਸਨ ਕਿ ਆਖਿਰ ਮੁਗਲਾਂ ਦੇ ਖਿਲਾਫ਼ ਖੁੱਲ੍ਹੀ ਜੰਗ ਛੇੜਨ ਦਾ ਸਮਾਂ ਆ ਗਿਆ ਹੈ।

ਦੂਸਰਾ ਅਮਲ ਸਿੱਖ ਕਾਮਨਵੈਲਥ ਦੀ ਸਥਾਪਨਾ ਜਾਂ ਖਾਲਸਾ ਦੀ ਸਿਰਜਣਾ ਜਿਵੇਂ ਕਿ ਪਹਿਲਾਂ ਹੀ ਅਸੀਂ ਦੇਖ ਚੁੱਕੇ ਹਾਂ ਕਿ ਸਤਾਰਵੀਂ ਸਦੀ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਕਰ ਦਿੱਤੀ ਗਈ ਸੀ। ਉਸ ਸਮੇਂ ਤੋਂ ਗੁਰੂ ਜੀ ਦੀ ਸਥਿਤੀ ਉੱਚੀ ਤੋਂ ਉੱਚੀ ਹੁੰਦੀ ਚਲੀ ਗਈ ਸੀ।ਕਈ ਮੌਕਿਆਂ ਤੇ ਪੰਜ ਪਿਆਰਿਆਂ ਦੇ ਸਮੂਹਿਕ ਫੈਸਲੇ ਨੂੰ ਮੰਨਿਆ ਤੇ ਕਈ ਵਾਰ ਤਾਂ ਆਪਣੀ ਸੋਚ ਦੇ ਵਿਰੁੱਧ ਵੀ। ਉਹਨਾਂ ਦੇ ਖਾਲਸਾ ਦੀ ਪਦਵੀ ਗੁਰੂ ਤੋਂ ਵੀ ਉੱਪਰ ਦੱਸੀ ਹੈ। ਇਸ ਤੱਤ ਦਾ ਬੜੇ ਨਾਟਕੀ ਢੰਗ ਨਾਲ ਪ੍ਰਦਰਸ਼ਨ ਵੀ ਕੀਤਾ ਗਿਆ ਜਦੋਂ ਕਿ ਖਾਲਸਾ ਦੀ ਸਿਰਜਣਾ ਕੀਤੀ ਗਈ। ਉਹਨਾਂ ਨੇ ਨਵੇਂ ਚੁਣੇ ਪੰਜ ਪਿਆਰਿਆਂ ਤੋਂ ਆਪ ਵੀ ਖੰਡੇ ਦੀ ਪਾਹੁਲ ਵਾਲਾ ਅੰਮ੍ਰਿਤ ਛੱਕਿਆ ਅਤੇ ਫੇਰ ਜਦੋਂ ਨੰਦੇੜ ਵਿਖੇ ਗੁਰੂ ਜੀ ਨੇ ਆਖਰੀ ਸਾਹ ਲਿਆ ਤਾਂ ਖਾਲਸੇ ਨੂੰ ਰਸਮੀ ਤੌਰ ਤੇ ਪ੍ਰਭੂਸੱਤਾ ਪ੍ਰਦਾਨ ਕਰ ਦਿੱਤੀ ਗਈ। ਗੁਰੂ ਜੀ ਨੇ ਜਿਉਂਦੇ ਗੁਰੂ ਦੀ ਪ੍ਰਥਾ ਨੂੰ ਖਤਮ ਕਰ ਦਿੱਤਾ ਤੇ ਅੱਗੇ ਇਸ ਨੂੰ (ਗੁਰੂਗੱਦੀ) ਦੋ ਭਾਗਾਂ ਵਿਚ ਵੰਡ ਦਿੱਤਾਆਤਮਿਕ ਭਾਗ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਥਾਪਿਆ ਗਿਆ ਅਤੇ ਸੰਸਾਰਕ ਭਾਗ ਗੁਰੂ ਖਾਲਸਾ ਨੂੰ ਥਾਪਿਆ ਗਿਆ। ਸਿੱਖ ਕਾਮਨਵੈਲਥ ਜਾਂ ਪੰਥ ਇਹਨਾਂ ਦੋਹਾਂ ਨੂੰ ਮਿਲਕੇ ਹੀ ਬਣਦਾ ਸੀ। ਗੁਰੂ ਨੇ ਲੋਕਾਂ ਨੂੰ ਸਹੁੰ ਪਾ ਕੇ ਵਿਸ਼ਵਾਸ ਦੁਆਇਆ ਸੀ ਕਿ ਜਦੋਂ ਵੀ ਉਹ ਪ੍ਰਤੀਨਿਧ ਬਣ ਕੇ ਬੈਠਣਗੇ ਤਾਂ ਉਹ ਉਹਨਾਂ ਦੇ ਅੰਗ ਸੰਗ ਹੋਣਗੇ।

ਗੁਰੂ ਗੋਬਿੰਦ ਸਿੰਘ ਜੀ ਦਾ ਉਪਰੋਕਤ ਫ਼ੈਸਲਾ ਦੋ ਤਰ੍ਹਾਂ ਨਾਲ ਮਹੱਤਵਪੂਰਨ ਹੈ। ਪਹਿਲਾ, ਇਸ ਨੇ ਸੰਗਠਨ ਨੂੰ ਆਖਰੀ ਸ਼ਕਲ ਦਿੱਤੀ ਸੀ । ਜਿਸ ਨੇ ਉਹਨਾਂ ਦੀ ਅਕਾਲ ਚਲਾਣੇ ਤੋਂ ਬਾਅਦ ਕ੍ਰਾਂਤੀ ਨੂੰ ਅੱਗੇ ਵਧਾਉਣਾ ਸੀ ਇਸ ਤਰ੍ਹਾਂ ਨਾਲ ਇਹ ਉਹਨਾਂ ਦੇ ਕਈ ਸਾਲ ਪਹਿਲਾਂ ਸ਼ੁਰੂ ਕੀਤੇ ਕੰਮ ਦੀ ਪੂਰਤੀ ਦਾ ਪ੍ਰਤੀਕ ਸੀ ਤੇ ਮੁਗਲਾਂ ਤੇ ਕਫਨ ਪਾਉਣ ਦੇ ਲਈ ਨੀਂਹ ਧਰੀ ਜਾ ਚੁੱਕੀ ਸੀ। ਦੂਜੇ ਇਸ ਦੇ ਨਾਲ ਲੋਕਤੰਤਰੀ ਤਜ਼ਰਬੇ ਦਾ ਆਰੰਭ ਹੋਇਆ ਆਪਣੇ ਕਿਸਮ ਦਾ ਇਹ ਅਨੂਠਾ ਤਜ਼ਰਬਾ ਸੀ। ਭਾਰਤ ਵਿੱਚ ਪਰਜਾਤੰਤਰ ਹੋਏ ਸਨ ਉਹ ਸਦੀਆਂ ਪਿੱਛੇ ਰਹਿ ਗਏ ਸਨ ਤੇ ਯੂਰਪ ਵਿਚ ਬਰਤਾਨੀਆਂ ਅਜਿਹਾ ਦੇਸ਼ ਸੀ ਜਿੱਥੇ ਪਰਜਾਤੰਤਰ ਨਾਲ ਮਿਲਦੀ ਸੰਸਥਾ ਸੀ। ਗੁਰੂ ਗੋਬਿੰਦ ਸਿੰਘ ਦੀ ਯੋਜਨਾ ਦਾ ਉਭਰਵਾਂ ਗੁਣ ਇਹ ਸੀ ਕਿ ਜਿਨ੍ਹਾਂ ਲੋਕਾਂ ਨੂੰ ਜਿੱਤਣ ਤੇ ਸ਼ਕਤੀ ਪ੍ਰਾਪਤ ਕਰਨ ਲਈ ਤਿਆਰ

ਕੀਤਾ ਗਿਆ ਸੀ ਉਹ ਸਾਰੇ ਜਨਤਾ ਦੀਆਂ ਨੀਵੀਆਂ ਸ਼੍ਰੇਣੀਆਂ ਵਿੱਚੋ ਸਨ ਜਿਨ੍ਹਾਂ ਨੂੰ ਸਮਾਜ ਦੀ ਰਹਿੰਦ ਖੂੰਹਦ ਕਿਹਾ ਜਾਂਦਾ ਸੀ।

ਪਿਛਲੇ ਸਫਿਆਂ ਵਿਚ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਉਹਨਾਂ ਕੰਮਾਂ ਤੇ ਪ੍ਰਾਪਤੀਆਂ ਦੀ ਪੁਣਛਾਣ ਕੀਤੀ ਹੈ ਜੋ ਕਿ ਉਹ ਆਪਣੇ ਇਸ ਛੋਟੇ ਜਿਹੇ ਜੀਵਨ ਵਿੱਚ ਪੂਰਾ ਕਰ ਸਕੇ। ਇਤਿਹਾਸ ਵਿਚ ਉਹਨਾਂ ਦਾ ਸਥਾਨ ਨਿਸ਼ਚਿਤ ਕਰਨ ਦਾ ਕੰਮ ਉਦੋਂ ਤੀਕ ਪੂਰਾ ਨਹੀਂ ਹੋ ਸਕਦਾ ਜਦੋਂ ਤੱਕ ਸਿੱਖ ਇਤਿਹਾਸ (ਉਹਨਾਂ ਦੇ ਸਮੇਂ ਤੋਂ ਬਾਅਦ ਦਾ) ਤੇ ਉਹਨਾਂ ਦੇ ਪ੍ਰਭਾਵ ਦਾ ਥੋੜ੍ਹਾ ਬਹੁਤ ਜ਼ਿਕਰ ਨਾ ਕੀਤਾ ਜਾਵੇ। ਉੱਜ ਤਾਂ ਸਾਰੇ ਦੇਸ਼ ਤੇ ਪਏ ਪ੍ਰਭਾਵ ਨੂੰ ਹੀ ਜਾਣਨਾ ਜਰੂਰੀ ਹੈ। ਉਹ ਗੱਲ ਕਾਫ਼ੀ ਹੈਰਾਨਕੁਨ ਵੀ ਹੈ ਪਰੰਤੂ ਸੱਚੀ ਵੀ ਕਿ ਉਹਨਾਂ ਦੇ ਚਲੇ ਜਾਣ ਤੋਂ ਬਾਅਦ ਵੀ ਸਿੱਖ ਲਹਿਰ ਵਿੱਚ ਕੋਈ ਕਮੀ ਨਹੀਂ ਆਈ ਸਗੋਂ ਇਹ ਆਪਣੀਆਂ ਵਿਰਸੇ ਵਿਚ ਮਿਲੀਆਂ ਸੰਭਵ ਯੋਗਤਾਵਾਂ ਦਾ ਵਿਕਾਸ ਕਰਕੇ ਬਹੁਤ ਹੀ ਤੇਜ਼ੀ ਨਾਲ ਅੱਗੇ ਵਧੀ। ਮੁਗਲਾਂ ਦੇ ਵਿਰੁੱਧ ਸੰਘਰਸ਼ ਤੇਜ ਹੋਇਆ ਅਤੇ ਗੁਰੂ ਜੀ ਦੀ ਮੌਤ ਦੇ ਦੋ ਸਾਲਾਂ ਅੰਦਰ-ਅੰਦਰ ਹੀ ਪੰਜਾਬ ਵਿਚ ਕੌਮੀ ਆਜਾਦੀ ਵਾਲੀ ਸਥਿਤੀ ਪੈਦਾ ਹੋ ਗਈ ਸੀ। ਫੇਰ ਵੀ ਬੰਦਾ ਬਹਾਦਰ ਦੁਆਰਾ ਪੈਦਾ ਕੀਤੀ ਇਹ ਸਥਿਤੀ ਬਹੁਤ ਦੇਰ ਨਾ ਰਹੀ ਕਿਉਂਕਿ ਮੁਗਲਾਂ ਦੀ ਸ਼ਕਤੀ ਹਾਲੀ ਸਿੱਖਾਂ ਲਈ ਬਹੁਤ ਜਿਆਦਾ ਸੀ। ਬੰਦਾ ਸਿੰਘ ਬਹਾਦਰ ਅਤੇ ਉਸਦੇ ਸੈਂਕੜੇ ਬਹਾਦਰ ਸਾਥੀਆਂ ਨੂੰ ਬਹੁਤ ਭਿਆਨਕ ਸਜਾਵਾਂ ਦਿੱਤੀਆਂ ਗਈਆਂ ਤੇ ਬਾਕੀ ਸਮਾਜ ਨੂੰ ਲਗਭਗ ਜਲਾਵਤਨ ਕਰ ਦਿੱਤਾ ਗਿਆ ਤੇ ਅੱਧੀ ਸਦੀ ਲਈ ਉਹ ਤਖ਼ਤ ਤੋਂ ਤਖਤੇ ਤੱਕ ਧੱਕ ਦਿੱਤੇ ਗਏ। ਉਹਨਾਂ ਨੂੰ ਜੰਗਲਾਂ ਵਿੱਚ ਵਾਸ ਅਪਨਾਉਣਾ ਪਿਆ ਤੇ ਜਾਨ ਅਤੇ ਮਾਲ ਦਾ ਜੋ ਨੁਕਸਾਨ ਉਠਾਇਆ ਉਸਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਪਰੰਤੂ ਉਹ ਉਸ ਮੁਗਲ ਸਰਕਾਰ ਦੇ ਅੱਗੇ ਨਹੀਂ ਝੁਕੇ ਜਿਸ ਦੇ ਅਬਦੁਸ਼ ਸਮੱਦ ਖਾਨ , ਜਕਰੀਆਂ ਖਾਨ ਤੇ ਮੀਰ ਮਨੂੰ ਵਰਗੇ ਕੱਟੜ ਤੇ ਜਾਲਮ ਸੂਬੇਦਾਰ ਸਨ। ਸਦੀ ਦੇ ਅੱਧ ਵਿਚ ਇਹ ਟਕਰਾਅ ਦਾ ਸਾਹਮਣਾ ਵੀ ਸਫਲਤਾ ਨਾਲ ਕੀਤਾ ਗਿਆ ਅਤੇ *1765* ਈਸਵੀ ਤੱਕ ਪੰਜਾਬ ਵਿਚ ਖਾਲਸਾ ਰਾਜ ਇਕ ਅਸਲੀਅਤ ਬਣ ਗਿਆ।

ਇਸ ਜਿੱਤ ਅਤੇ ਰਾਜ ਸੱਤਾ ਦੀ ਪ੍ਰਾਪਤੀ ਦੇ ਪਿੱਛੇ ਕੰਮ ਕਰ ਰਹੀ ਸ਼ਕਤੀ ਗੁਰੂ ਗੋਬਿੰਦ ਸਿੰਘ ਦੁਆਰਾ ਸਿਰਜੀ ਸੰਸਥਾ ਖਾਲਸਾ ਪੰਥ ਹੈ । ਇਹ ਸਮੂਹਿਕ ਭਾਈਚਾਰੇ ਦੀ ਸਾਂਝੀ ਮੈਂਬਰਸ਼ਿਪ ਵਿਚੋਂ ਉਪਜੀ ਕੌਮੀ ਭਾਵਨਾ ਹੀ ਸੀ ਜਿਸਨੇ ਲੰਮੇ ਸਮੇਂ ਤੱਕ ਅਗਨੀ ਪਰੀਖਿਆ ਦੇ ਸਮੇਂ ਸਿੱਖਾਂ ਦੀ ਅਗਵਾਈ ਕੀਤੀ ਤੇ ਆਖਿਰ ਉਹ ਆਪਣੇ ਦੁਸ਼ਮਣਾਂ ਤੇ ਭਾਰੀ ਰਹੇ ਤੇ ਜਿੱਤ ਪ੍ਰਾਪਤ ਕੀਤੀ।ਇਸ ਤੋਂ ਵੱਧ ਪੰਥ ਦੀ ਪ੍ਰਜਾਤੰਤਰੀ ਬਣਤਰ ਨੇ ਲੋੜੀਂਦੀ ਯੋਗਤਾ ਵਾਲੀ ਲੀਡਰਸ਼ਿਪ ਪੈਦਾ ਕਰਨ ਦੇ ਯੋਗ ਬਣਾਇਆ। ਇਸਦੇ ਨਾਲ ਹੀ ਉਹਨਾਂ ਨੇ ਗੁਰੂ ਜੀ ਦੇ ਆਦਰਸ਼ਾਂ ਦੀ ਪ੍ਰਾਪਤੀ ਕੀਤੀ ਤੇ 'ਗੁਰਮਤਾਂ' ਨੂੰ ਸੰਵਿਧਾਨਕ ਲੋੜਾਂ ਦੀ ਪੂਰਤੀ ਲਈ ਵਰਤਿਆ। ਇਸ ਅਨੂਠੇ ਪਰਜਾਤੰਤਰੀ ਤਜਰਬੇ ਨੂੰ ਸਿੱਖਾਂ ਨੇ ਮੁਗਲਾਂ ਤੇ ਅਫਗਾਨਾਂ ਦੇ ਨਾਲ ਸੰਘਰਸ਼ ਵਿਚ ਜਿਸ ਯੋਗਤਾ ਨਾਲ ਵਰਤਿਆ ਉਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਲੋਕਾਂ ਵਿਚ ਜੋ ਵਿਸ਼ਵਾਸ ਪੈਦਾ ਕੀਤਾ ਉਹ ਕਿੰਨਾ ਠੀਕ ਸੀ।

ਜੇਕਰ ਗੁਰੂ ਗੋਬਿੰਦ ਸਿੰਘ ਨੂੰ ਅਸੀਂ ਸੰਸਾਰ ਦੇ ਇਤਿਹਾਸ ਦੇ ਸੰਦਰਭ ਵਿਚ ਵੇਖੀਏ ਤਾਂ ਉਹ ਕਈ ਨਵੇਂ ਤੇ ਪ੍ਰਸਿੱਧ ਵਿਚਾਰਾਂ ਦੇ ਜਨਮਦਾਤਾ ਸਨ। ਉਹਨਾਂ ਵਿੱਚੋਂ ਪਹਿਲਾ ਹੈ ਮਨੁੱਖ ਮਾਤਰ ਦੀ ਏਕਤਾ। ਨਸਲ , ਜਾਤ , ਧਰਮ ਤੇ ਲਿੰਗ ਸਭ ਤਰ੍ਹਾਂ ਦੀਆਂ ਭਿੰਨਤਾਵਾਂ ਨੂੰ ਉਹਨਾਂ ਬਨਾਵਟੀ ਰੋਕਾਂ ਕਿਹਾ। ਇਸੇ ਤਰ੍ਹਾਂ ਸਭ ਭੂਗੋਲਿਕ ਭਿੰਨਤਾਵਾਂ ਜੋ ਦੇਸ਼ ਵਿਚ ਦੀਵਾਰਾਂ ਬਣੀਆਂ ਹੋਈਆਂ ਸਨ ਉਹਨਾਂ ਵੱਲੋਂ ਬਣਾਈਆਂ ਘੋਸ਼ਿਤ ਕੀਤੀਆਂ ਗਈਆਂ ਨਾਂ ਕਿ ਪ੍ਰਮਾਤਮਾ ਵਲੋਂ ਦਿਤੀਆਂ ਗਈਆਂ।

ਗੁਰੂ ਸਾਹਿਬ ਅਨੁਸਾਰ ਹਿੰਦੂ ਤੇ ਮੁਸਲਮਾਨ ਦੇ ਮੰਦਰ ਅਤੇ ਮਸੀਤ ਇਕ ਹੀ ਹਨ। ਉਹਨਾਂ ਦੀ ਪੂਜਾ

ਤੇ ਨਮਾਜ਼ ਸਭ ਇਕੋ ਹਨ ਭਾਵੇਂ ਗਲਤੀ ਨਾਲ ਉਹ ਭਿੰਨ ਨਜਰ ਆਉਂਦੇ ਹਨ। ਗੋਰੇ ਕਾਲੇ, ਸੋਹਣੇ ਕੋਝੇ, ਹਿੰਦੂ ਮੁਸਲਮਾਨ ਵੱਖ-ਵੱਖ ਮੁਸਲਮਾਨ ਵੱਖ-ਵੱਖ ਮੁਗਲਾਂ ਦੇ ਰਿਵਾਜਾਂ ਅਨੁਸਾਰ ਵਿਕਸਤ ਹੋਏ ਹਨ। ਸਭ ਮਨੁੱਖਾਂ ਦੀਆਂ ਅੱਖਾਂ, ਸਰੀਰ ਉਹੀ ਹਨ ਤੇ ਇਹ ਮਿੱਟੀ ਹਵਾ ਅੱਗ ਅਤੇ ਪਾਣੀ ਦਾ ਮਿਸ਼ਰਣ ਹੈ।ਅੱਲਾਹ ਅਤੇ ਰਾਮ ਸਭ ਇਕੋ ਹਨ। ਇਹ ਸਭ ਇਕ ਪਰਮਾਤਮਾ ਤੋਂ ਉਪਜੇ ਹਨ। ਹਰ ਮਨੁੱਖ ਭਾਵੇਂ ਸ਼ੀਆ ਜਾਂ ਸੁੰਨੀ , ਹਿੰਦੂ ਜਾਂ ਮੁਸਲਮਾਨ ਕੋਈ ਵੀ ਹੋਵੇ ਸਭ ਇਕੋ ਪਰਿਵਾਰ ਦੇ ਮੈਂਬਰ ਹਨ।

ਉਹਨਾਂ ਦਾ ਦੂਜਾ ਮਹਾਨ ਵਿਚਾਰ ਕਿ ਧਰਮ ਦਾ ਸਮਾਜ ਵਿਚ ਬਹੁਤ ਵੱਡਾ ਕਿਰਦਾਰ ਹੈ। ਉਹ ਮੰਨਦੇ ਸਨ ਕਿ ਧਰਮ ਨਿੱਜੀ ਵਿਕਾਸ ਦਾ ਸੋਮਾ ਹੈ। ਪਰੰਤੂ ਉਹਨਾਂ ਨੇ ਇਸ ਗੱਲ ਦੀ ਮਹੱਤਤਾ ਤੇ ਵੀ ਜ਼ੋਰ ਦਿੱਤਾ ਕਿ ਧਰਮ ਦੀ ਅਸਲੀ ਕੀਮਤ ਪਿਆਰ, ਭਰੋਸਾ, ਸੱਚ ਅਤੇ ਪਵਿੱਤਰਤਾ ਵਰਗੀਆਂ ਆਤਮਿਕ ਕਦਰਾਂ ਕਰਕੇ ਹੈ। ਪਰੰਤੂ ਉਹਨਾਂ ਨੇ ਇਹ ਕਦੀ ਨਹੀਂ ਮੰਨਿਆ ਕਿ ਧਰਮ ਨਿੱਜ ਤੋਂ ਸ਼ੁਰੂ ਹੋ ਕੇ ਨਿੱਜ ਤੇ ਖਤਮ ਹੋ ਜਾਂਦਾ ਹੈ ਜਾਂ ਧਰਮ ਦੇ ਜਰੂਰੀ ਸਿਧਾਂਤਾਂ ਦਾ ਸ਼ਾਂਤੀ ਪੂਰਵਕ ਪ੍ਰਚਾਰ ਕਰਨਾ ਹੀ ਧਰਮ ਦਾ ਸਮਾਜਿਕ ਮਹੱਤਵ ਹੈ। ਅਜਿਹਾ ਧਰਮ ਸਮਾਜਿਕ ਉੱਨਤੀ ਜਾਂ ਭਲਾਈ ਦੇ ਲਈ ਬਿਲਕੁਲ ਹੀ ਨਾਕਾਫ਼ੀ ਹੈ। ਇਹ ਜਿਸ ਇਖਲਾਕੀ ਅਪੀਲ ਤੋਂ ਮੁੱਖ ਤੌਰ ਤੇ ਨਿਰਭਰ ਕਰਦਾ ਹੈ ਉਹ ਵਿਰੋਧੀ ਬੁਰਾਈ ਦੀਆਂ ਸ਼ਕਤੀਆਂ ਦੇ ਲਈ ਨਰਮ ਅਤੇ ਕਮਜ਼ੋਰ ਹੁੰਦਾ ਹੈ। ਅਕਸਰ ਅਜਿਹਾ ਵਾਪਰ ਜਾਂਦਾ ਹੈ ਕਿ ਸ਼ਕਤੀਮਈ ਗੁਣ ਧਾਰਨ ਧਰਮ ਨੂੰ ਗਲਤ ਸਮਝ ਕੇ ਪੂਰੇ ਸਮਾਜਿਕ ਪ੍ਰਬੰਧ ਦੀ ਲੁੱਟ ਖਸੁੱਟ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੀ ਸਥਿਤੀ ਵਿਚ ਧਰਮ, ਲੁਟੇਰੇ ਰਾਜੇ ਦੇ ਹੱਥਾਂ ਵਿਚ ਇਕ ਹਥਿਆਰ ਬਣ ਜਾਂਦਾ ਹੈ ਅਤੇ ਇਕ ਅਫ਼ੀਮ ਦੀ ਤਰ੍ਹਾਂ ਕੰਮ ਕਰਦਾ ਹੈ ਜੋ ਜਨਤਾ ਦੀ ਤਰਕ ਬੁੱਧੀ ਨੂੰ ਨਾਸ਼ ਕਰ ਦਿੰਦੀ ਹੈ। ਇਸ ਲਈ ਗੁਰੂ ਜੀ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਜੇਕਰ ਧਰਮ ਨੇ ਆਪਣਾ ਫਰਜ਼ ਪੂਰੀ ਤਰ੍ਹਾਂ ਪੂਰਾ ਕਰਨਾ ਹੈ ਅਤੇ ਸਮਾਜ ਦਾ ਭਲਾ ਕਰਨਾ ਹੈ ਤਾਂ ਇਸ ਦਾ ਉਦੇਸ਼ ਸਦਾ ਸਮਾਜਿਕ ਕ੍ਰਾਂਤੀਕਾਰੀ ਵਾਲਾ ਹੋਣਾ ਚਾਹੀਦਾ ਹੈ। ਭਾਵ ਇਹ ਹੈ ਕਿ ਜ਼ਾਲਮ ਤੋਂ ਜਬਰ ਕਰਨ ਵਾਲੀਆਂ ਸ਼ਕਤੀਆਂ ਨਾਲ ਕਦੇ ਵੀ ਇਸ ਦਾ ਸਮਝੌਤਾ ਨਹੀਂ ਹੋਣਾ ਚਾਹੀਦਾ ਸਗੋਂ ਇਸ ਦਾ ਵਤੀਰਾ ਇਹਨਾਂ ਸ਼ਕਤੀਆਂ ਦਾ ਵਿਰੋਧ ਕਰਨ ਵਾਲਾ ਹੋਣਾ ਚਾਹੀਦਾ ਹੈ ਪਰੰਤੂ ਅਜਿਹਾ ਕਰਨਾ ਸ਼ਕਤੀ ਤੋਂ ਬਿਨ੍ਹਾਂ ਸੰਭਵ ਨਹੀਂ ਹੈ ਇਸ ਕਰਕੇ ਧਰਮ ਦੇ ਕ੍ਰਾਂਤੀਕਾਰੀ ਕਾਰਜਾਂ ਲਈ ਸੈਨਾਵਾਦ ਦੀ ਲੋੜ ਲਾਜਮੀ ਹੋ ਜਾਂਦੀ ਹੈ ਤੇ ਇਹ ਧਰਮ ਦਾ ਇਕ ਜਰੂਰੀ ਤੱਤ ਬਣ ਜਾਂਦਾ ਹੈ। ਕੁਦਰਤੀ ਤੌਰ ਤੇ ਬਹਾਦਰੀ ਤੇ ਹਥਿਆਰਾਂ ਦੀ ਠੀਕ ਵਰਤੋਂ ਦੀ ਸ਼ਲਾਘਾ ਕੀਤੀ ਜਾਦੀ ਹੈ। ਪਰੰਤੂ ਇਸ ਦੇ ਨਾਲ ਇਕ ਸ਼ਰਤ ਵੀ ਲਗਾ ਦਿੱਤੀ ਗਈ ਕਿ ਹਥਿਆਰ ਸਿਰਫ ਸੱਚ ਦੇ ਉਦੇਸ਼ ਦੀ ਪ੍ਰਾਪਤੀ ਲਈ ਚੁੱਕੇ ਜਾਣ ਤੇ ਉਹ ਵੀ ਆਖਰੀ ਵਸੀਲੇ ਦੇ ਤੌਰ ਤੇ ਇਹ ਸੱਚ ਦਾ ਕਾਰਜ ਹੀ ਹੈ, ਜ਼ੋਰ ਇਸ ਗੱਲ ਤੇ ਦਿੱਤਾ ਗਿਆ ਹੈ ਕਿ ਸਿਰਫ ਸਵੈ-ਰੱਖਿਆ ਹੀ ਨਹੀਂ ਸਗੋਂ ਹਮਲਾ ਵੀ ਕੀਤਾ ਜਾ ਸਕਦਾ ਹੈ ਪਰੰਤੂ ਇਹ ਹਮਲਾ ਜਬਰ ਦੀਆਂ ਸ਼ਕਤੀਆਂ ਦੇ ਵਿਰੁੱਧ ਹੋਣਾ ਚਾਹੀਦਾ ਹੈ।

ਇਕ ਹੋਰ ਵਿਚਾਰ ਜਿਸ ਤੇ ਗੁਰੂ ਗੋਬਿੰਦ ਸਿੰਘ ਨੇ ਬਹੁਤ ਜ਼ੋਰ ਦਿੱਤਾ ਹੈ ਕਿ ਰਾਜਨੀਤਿਕ ਸੱਤਾ ਦੀ ਵਰਤੋਂ ਕੇਵਲ ਅਖਲਾਕੀ ਆਧਾਰ ਤੇ ਕੀਤੀ ਜਾਵੇ। ਪਰਮਾਤਮਾ ਸਭ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਜਿਸ ਤੋਂ ਸਭ ਦੁਨਿਆਵੀ ਰਾਜ ਆਪਣੀ ਸੱਤਾ ਪ੍ਰਾਪਤ ਕਰਦੇ ਸਨ। ਇਸ ਲਈ ਉਹ ਰੱਬੀ ਹੁਕਮਾਂ ਦੇ ਬੰਨੇ ਹੋਏ ਹਨ ਕਿ ਉਹ ਆਪਣੀ ਸੱਤਾ ਦੀ ਵਰਤੋਂ ਸਮਾਨਤਾ ਤੇ ਇਨਸਾਫ ਲਈ ਕਰਨ। ਪਰ ਜੇ ਅਜਿਹਾ ਨਹੀਂ ਕਰਦੇ ਤਾਂ ਰੱਬੀ ਰਜ਼ਾ ਦੀ ਉਲੰਘਣਾ ਦੇ ਦੋਸ਼ੀ ਬਣ ਜਾਂਦੇ ਹਨ ਤੇ ਰੱਬੀ ਕਿਰਪਾ ਗਵਾ ਬੈਠਦੇ ਹਨ। ਇਹ ਹੀ ਨਹੀਂ ਸਗੋਂ ਲੋਕਾਂ ਨੂੰ ਕਰਾਂਤੀ ਕਰਕੇ ਉਹਨਾਂ ਨੂੰ ਸੱਤਾ ਰਹਿਤ ਕਰ ਦੇਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਾਰੇ ਦੇਸ਼ ਵਾਸੀ, ਭਾਰਤ ਦੇ ਇਸ ਮਹਾਨ ਸਪੂਤ ਦੇ ਬਹੁਤ ਰਿਣੀ ਹਨ। ਇੰਦੂ ਭੂਸ਼ਣ ਬੈਨਰਜੀ ਠੀਕ ਹੀ, ਉਹਨਾਂ ਨੂੰ ਹਰ ਯੁੱਗ ਦੇ ਭਾਰਤੀਆਂ ਵਿਚੋਂ ਮਹਾਨਤਮ ਗਿਣਦਾ ਹੈ। ਉਹਨਾਂ ਦਾ ਮੰਤਵ, ਆਪਣੇ ਲੋਕਾਂ ਦੀ ਜ਼ੁਲਮ ਤੇ ਜਬਰ ਤੋਂ ਰਾਖੀ, ਪ੍ਰਸ਼ੰਸਾ ਯੋਗ ਸੀ ਤੇ ਇਸ ਦੀ ਪੂਰਤੀ ਲਈ ਜੋ ਢੰਗ ਅਪਣਾਏ ਉਸ ਨੂੰ ਇਕ ਵਿਸ਼ਾਲ ਬੁੱਧੀ ਵਾਲਾ ਵਿਅਕਤੀ ਹੀ ਅਪਣਾ ਸਕਦਾ ਸੀ। ਭੈ ਅਤੇ ਗਿਰਾਵਟ ਤੇ ਵਾਤਾਵਰਨ ਦੇ ਉਹਨਾਂ ਨੇ ਆਸ ਅਤੇ ਮੁਕਤੀ ਦਾ ਸੁਨੇਹਾ ਦਿੱਤਾ। ਉਹਨਾਂ ਦੇ ਸਮੇਂ ਸਿੱਖ ਇਤਿਹਾਸ ਨੇ ਇਕ ਪਲਟਾ ਖਾਧਾ। ਉਹਨਾਂ ਨੇ ਆਪਣੇ ਸਿੱਖਾਂ ਦੇ ਬਾਹਰੀ ਰੂਪ ਦੇ ਸਰੀਰਕ ਢਾਂਚੇ ਨੂੰ ਬਦਲ ਕੇ ਉਹਨਾ ਨੂੰ ਸ਼ੇਰਾਂ ਵਾਂਗ ਬਣਾ ਦਿੱਤਾ, ਉਹਨਾਂ ਵਿਚ ਨਵੀਆਂ ਰੁਚੀਆਂ ਪੈਦਾ ਕੀਤੀਆਂ ਅਤੇ ਉਹਨਾਂ ਨੂੰ ਖੁਲ੍ਹੇ ਦਿਸਹੱਦੇ ਤੇ ਨਵੀਆਂ ਆਸਾਂ ਦਿੱਤੀਆਂ। ਸੰਖੇਪ ਵਿਚ, ਉੱਨਤੀ ਦੇ ਉਸ ਰਾਹ ਤੇ ਪਾ ਦਿੱਤਾ ਜੋ ਰਾਜ ਸੱਤਾ ਤਕ ਵੀ ਪਹੁੰਚਦਾ ਸੀ। ਉਹਨਾਂ ਦਾ ਪ੍ਰਭਾਵ ਬਹੁਤ ਡੂੰਘਾ ਅਤੇ ਮਹਾਨ ਹੈ ਤੇ ਇਹ ਪ੍ਰਭਾਵ ਪੱਕਾ ਅਤੇ ਅਮਿੱਟ ਰਹੇਗਾ। ਪੂਰੇ ਦੇਸ਼ ਨੂੰ ਉਹਨਾਂ ਨੇ ਉਹ ਦਿਸ਼ਾ ਦਿਖਾਈ ਜੋ ਸਿਰਫ ਉਨੱਤੀ ਦੀ ਦਿਸ਼ਾ ਸੀ। ਇਹ ਦਸ਼ਾ ਧਾਰਮਿਕ ਵਿਸ਼ਵਾਸ ਦੀ ਸੀ, ਇਹ ਵਹਿਮਾਂ, ਭਰਮਾਂ ਤੇ ਜਾਤੀ ਬੰਧਨਾਂ ਨੂੰ ਹਟਾਉਣ ਦੀ ਵਿਦਿਆ ਅਤੇ ਅਮੀਰ ਤੇ ਬਹਾਦਰ ਪਰੰਪਰਾਵਾਂ ਦੀ ਸੀ। ਵਿਸ਼ਾਲ ਸੰਸਾਰ ਵਿਚ ਵੀ ਗੁਰੂ ਜੀ ਨੇ ਆਪਣਾ ਉੱਚਾ ਸਥਾਨ ਬਣਾਇਆ ਹੈ। ਉਹ ਪ੍ਰਤੀਕ ਹਨ, ਉਸ ਸਮਾਜਿਕ ਵਿਵਸਥਾ ਦੇ ਜੋ ਹਰ ਤਰ੍ਹਾਂ ਦੇ ਬੰਧਨਾਂ ਤੋਂ ਆਜ਼ਾਦ ਤੇ ਜਿਸ ਵਿਚ ਪਿਆਰ, ਨਿਆਂ ਤੇ ਆਜ਼ਾਦੀ, ਸਮਾਜਿਕ ਰਿਸ਼ਤਿਆਂ ਦਾ ਆਧਾਰ ਹਨ।

## ਹੋਰ ਅਧਿਐਨ ਲਈ ਪੁਸਤਕਾਂ


1. ਏ ਸ਼ੌਰਟ ਹਿਸਟਰੀ ਆਫ ਦਾ ਸਿਖਸ — ਤੇਜਾ ਸਿੰਘ ਅਤੇ ਗੰਡਾ ਸਿੰਘ
2. ਸਿੱਖ ਰਿਲੀਜਨ, ਜਿਲਦ-V — ਮੈਕਾਲਿਫ਼

**ਪਾਠ ਨੰਬਰ : 2.2**

# ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਸ਼ਹਾਦਤ (1664 - 1675 ਈ.)

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਨਵੀਂ ਨੀਤੀ ਨੇ ਸਿੱਖ ਧਰਮ ਨੂੰ ਇੱਕ ਨਵੇਂ ਮੋੜ ਤੇ ਖੜ੍ਹਾ ਕਰ ਦਿੱਤਾ। ਜਿਥੇ ਗੁਰੂ ਅਰਜਨ ਦੇਵ ਜੀ ਨੇ ਧਰਮ ਲਈ ਕੁਰਬਾਨੀ ਕੀਤੀ, ਉਥੇ ਨਾਲ ਹੀ ਨਾਲ ਸਿੱਖਾਂ ਦੇ ਦਿਲਾਂ ਵਿਚ ਇਸ ਸ਼ਹਾਦਤ ਨੇ ਮੁਗਲ ਹਕੂਮਤ ਪ੍ਰਤੀ ਨਫਰਤ ਦੇ ਬੀਜ ਵੀ ਬੀਜ ਦਿੱਤੇ। ਗੁਰੂ ਹਰਗੋਬਿੰਦ ਸਾਹਿਬ ਨੇ ਸੰਤ ਸਿਪਾਹੀਆਂ ਦੀ ਇਕ ਨਵੀਂ ਜਮਾਤ ਹੋਂਦ ਵਿਚ ਲੈ ਆਂਦੀ। ਅਤਿਆਚਾਰਾਂ ਅਤੇ ਅਨਿਆਂ ਦਾ ਟਾਕਰਾ ਕਰਨ ਲਈ ਸਿੱਖ ਸ਼ਸ਼ਤਰਧਾਰੀ ਬਣ ਗਏ। ਮੁਗਲਾਂ ਦੀ ਕੱਟੜਤਾ ਔਰੰਗਜ਼ੇਬ ਦੇ ਬਾਦਸ਼ਾਹ ਬਣਨ ਨਾਲ ਹੋਰ ਪੱਕੀ ਹੋ ਗਈ। ਇਸ ਕੱਟੜਤਾ ਦਾ ਜਵਾਬ, ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਕੀਤਾ ਅਤੇ ਇਸ ਤਰ੍ਹਾਂ ਧਰਮ ਦੀ ਰੱਖਿਆ ਕੀਤੀ।

**ਬਚਪਨ**

ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ ਗੁਰੂ ਤੇਗ ਬਹਾਦਰ ਜੀ ਦਾ ਜਨਮ ਇਕ ਅਪ੍ਰੈਲ 1621 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਦੀ ਕੁੱਖ ਤੋਂ ਅੰਮ੍ਰਿਤਸਰ ਵਿਖੇ ਹੋਇਆ। ਉਹ ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਪੁੱਤਰ ਸਨ। ਉਨ੍ਹਾਂ ਦੇ ਵੱਡੇ ਭਰਾਵਾਂ ਦੇ ਨਾਂ ਬਾਬਾ ਗੁਰਦਿੱਤਾ, ਸੂਰਜ ਮਲ, ਅਨੀ ਰਾਏ ਅਤੇ ਅਟਲ ਰਾਏ ਸਨ। ਉਨ੍ਹਾਂ ਦੀ ਭੈਣ ਬੀਬੀ ਵੀਰੋ ਸੀ।

ਬਾਲ ਤੇਗ ਬਹਾਦਰ ਦੇ ਮਨ ਉਤੇ ਹਰਗੋਬਿੰਦ ਦੀਆਂ ਫੌਜੀ ਕਾਰਵਾਈਆਂ ਦਾ ਬਹੁਤ ਪ੍ਰਭਾਵ ਸੀ। ਉਨ੍ਹਾਂ ਨੇ ਬਚਪਨ ਤੋਂ ਹੀ ਘੋੜ ਸਵਾਰੀ ਅਤੇ ਹਥਿਆਰਾਂ ਦੀ ਵਰਤੋਂ ਵਿਚ ਮੁਹਾਰਤ ਹਾਸਲ ਕਰ ਲਈ। ਬਾਬਾ ਬੁੱਢਾ ਜੀ ਉਨ੍ਹਾਂ ਨੂੰ ਸੈਨਿਕ ਸਿਖਲਾਈ ਦੇਂਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਪੜ੍ਹਾਈ ਗੁਰੂ ਹਰਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਹੋਈ। ਗੁਰਮੁੱਖੀ, ਗੁਰਬਾਣੀ, ਸੰਸਕ੍ਰਿਤ ਅਤੇ ਧਾਰਮਿਕ ਵਿਦਿਆ ਵੀ ਉਨ੍ਹਾਂ ਨੂੰ ਦਿੱਤੀ ਗਈ। ***1635*** ਈ. ਦੇ ਕਰਤਾਰਪੁਰ ਦੇ ਯੁੱਗ ਵਿਚ ਤੇਗ ਬਹਾਦਰ ਜੀ ਨੇ ਵੱਡੇ ਸੂਰਬੀਰਾਂ ਵਾਂਗ ਤੇਗ ਵਾਹੀ ਦਾ ਸਬੂਤ ਦਿੱਤਾ ਅਤੇ ਅਨੇਕਾਂ ਦੁਸ਼ਮਣਾਂ ਦਾ ਖਾਤਮਾ ਕੀਤਾ। ਇਸ ਤਰ੍ਹਾਂ ਉਨਾਂ ਨੇ ਛੋਟੀ ਉਮਰ ਵਿੱਚ ਹੀ ਅਸਾਧਾਰਨ ਬਹਾਦਰੀ ਦਾ ਸਬੂਤ ਦਿੱਤਾ। ਸਿੱਖ ਰਵਾਇਤ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਆਪਣੇ ਪੁੱਤਰ ਦੀ ਬਹਾਦਰੀ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦਾ ਨਾਂ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ ਗਿਆ ਜਿਸ ਦਾ ਅਰਥ ਹੈ ਤਲਵਾਰ ਦਾ ਧਨੀ। ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਲਾਲ ਚੰਦ ਖੱਤਰੀ ਦੀ ਪੁੱਤਰੀ, ਮਾਤਾ ਗੁਜਰੀ ਨਾਲ ਹੋਇਆ। ਜਿਨ੍ਹਾਂ ਦੀ ਕੁੱਖ ਤੋਂ ਗੋਬਿੰਦ ਰਾਏ (ਗੋਬਿੰਦ ਸਿੰਘ) ਨੇ ਜਨਮ ਲਿਆ।

ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਤੇਗ ਬਹਾਦਰ ਜੀ ਆਪਣੀ ਮਾਤਾ ਨਾਨਕੀ ਤੇ ਪਤਨੀ ਗੁਜ਼ਰੀ ਨਾਲ ਬਕਾਲੇ ਆਪਣੇ ਨਾਨਕੇ ਰਹਿਣ ਲੱਗ ਪਏ। ਬਕਾਲਾ ਉਸ ਸਮੇਂ ਮਸ਼ਹੂਰ ਵਪਾਰਕ ਕੇਂਦਰ ਸੀ। 1644 ਤੋਂ 1664 ਈ. ਤੱਕ ਦੇ 20 ਵਰ੍ਹੇ ਆਪ ਨੇ ਬਕਾਲੇ ਵਿਚ ਹੀ ਬਤੀਤ ਕੀਤੇ। ਏਥੇ ਹਰਗੋਬਿੰਦ ਸਾਹਿਬ ਦੇ ਇੱਕ ਰਜੇ-ਪੁਜੇ ਸ਼ਰਧਾਲੂ ਨੇ ਆਪਣਾ ਨਵਾਂ ਬਣਾਇਆ ਘਰ ਗੁਰੂ ਤੇਗ ਬਹਾਦਰ ਸਾਹਿਬ ਨੂੰ ਸੌਂਪ ਦਿੱਤਾ। ਤੇਗ ਬਹਾਦਰ ਸਾਹਿਬ ਜੀ ਆਪਣਾ ਬਹੁਤਾ ਸਮਾਂ, ਸੰਸਾਰਕ ਕੰਮਾਂ ਦੇ ਨਾਲ-ਨਾਲ ਪ੍ਰਮਾਤਮਾ ਦੀ ਭਗਤੀ ਵਿਚ ਬਿਤਾਉਣ ਲੱਗੇ।

## ਗੁਰ-ਗੱਦੀ ਦੀ ਪ੍ਰਾਪਤੀ

ਗੁਰੂ ਹਰਕ੍ਰਿਸ਼ਨ ਜੀ ਨੇ **1664** ਈ. ਵਿਚ ਆਪਣੇ ਸਵਰਗਵਾਸ ਹੋਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ। ਉਨ੍ਹਾਂ ਨੇ ਇੱਕ ਪੱਕੇ ਸਿੱਖ ਦੀਵਾਨ ਦਰਗਾਹ ਮੱਲ ਨੂੰ ਪੰਜ ਪੈਸੇ ਤੇ ਨਾਰੀਅਲ ਲਿਆਉਣ ਵਾਸਤੇ ਆਖਿਆ। ਉਨ੍ਹਾਂ ਨੇ ਆਪਣੀ ਸੱਜੀ ਬਾਹ ਨਾਲ ਇਨ੍ਹਾਂ ਵਸਤਾਂ ਨੂੰ ਤਿੰਨ ਵਾਰ ਹਵਾ ਵਿੱਚ ਘੁਮਾਇਆ ਤੇ ਬਾਬਾ ਬਕਾਲਾ ਧੀਮੀ ਅਵਾਜ ਵਿੱਚ ਕਿਹਾ, ਜਿਸ ਦਾ ਅਰਥ ਸੀ ਕਿ ਉਨ੍ਹਾਂ ਦਾ ਬਾਬਾ ਤੇਗ ਬਹਾਦਰ, ਜੋ ਬਕਾਲੇ ਰਹਿੰਦਾ ਹੈ, ਸਿੱਖਾਂ ਦਾ ਅਗਲਾ ਗੁਰੂ ਹੋਵੇਗਾ। ਪਰ ਡਾ. ਫੌਜਾ ਸਿੰਘ ਭੱਟ ਵਹੀਆਂ ਅਤੇ ਗੁਰੂ ਕੀਆਂ ਸਾਖੀਆਂ ਦੇ ਆਧਾਰ ਤੇ ਲਿਖਦੇ ਹਨ ਗੁਰੂ ਹਰਕ੍ਰਿਸ਼ਨ ਜੀ ਦੇ ਕਥਨ ਵਿਚ ਅਸਪਸ਼ਟਤਾ ਨਹੀਂ ਸੀ ਉਨ੍ਹਾਂ ਨੇ ਨਾ ਸਿਰਫ ਤੇਗ ਬਹਾਦਰ ਦਾ ਨਾਂ ਹੀ ਲਿਆ ਸਗੋਂ ਦੀਵਾਨ ਦਰਗਾਹ ਮੱਲ ਨੂੰ ਹਦਾਇਤ ਕੀਤੀ ਕਿ ਉਹ ਆਪ ਬਕਾਲੇ ਜਾ ਕੇ ਤੇਗ ਬਹਾਦਰ ਜੀ ਨੂੰ ਗੁਰ-ਗੱਦੀ ਸੌਂਪਣ।

ਜਦੋਂ ਹਰਕ੍ਰਿਸ਼ਨ ਜੀ ਦੇ ਦਿਹਾਂਤ ਦੀ ਖਬਰ ਬਕਾਲੇ ਪਹੁੰਚੀ ਪਤਾ ਨਹੀਂ ਕਿਸ ਤਰ੍ਹਾਂ ਇਹ ਗੱਲ ਆਮ ਪ੍ਰਚਲਿਤ ਹੋ ਗਈ ਕਿ ਉਨ੍ਹਾਂ ਸਿਰਫ ਬਾਬਾ ਬਕਾਲਾ ਹੀ ਕਿਹਾ ਸੀ ਤੇ ਸਪੱਸ਼ਟ ਤੌਰ ਤੇ ਤੇਗ ਬਹਾਦਰ ਦਾ ਨਾਂ ਨਹੀਂ ਲਿਆ। ਗੁਰਿਆਈ ਦੇ ਜੱਦੀ ਹੋਣ ਕਾਰਨ ਗੁਰੂ ਹਮੇਸ਼ਾਂ ਹੀ ਸੋਢੀ ਖਾਨਦਾਨ ਵਿਚੋਂ ਚੁਣਨਾ ਹੁੰਦਾ ਸੀ, ਇਸ ਲਈ ਤਕਰੀਬਨ, 22 ਸੋਢੀ ਗੁਰ-ਗੱਦੀ ਦੇ ਦਾਅਵੇਦਾਰ ਬਣ ਬੈਠੇ ਅਤੇ ਸੰਗਤਾਂ ਵਾਸਤੇ ਸੱਚੇ ਗੁਰੂ ਨੂੰ ਲੱਭਣਾ ਔਖਾ ਹੋ ਗਿਆ। ਇਨ੍ਹਾਂ 22 ਦਾਅਵੇਦਾਰਾਂ ਵਿਚੋਂ ਧੀਰਮੱਲ ਵੀ ਇੱਕ ਸੀ।

ਲਗਭਗ ਦੋ ਮਹੀਨੇ ਬਾਅਦ ਮੱਖਣ ਸ਼ਾਹ ਲੁਬਾਣਾ ਨੇ ਆਪਣੀ ਸਿਆਣਪ ਨਾਲ ਅਸਲੀ ਗੁਰੂ ਲੱਭ ਲਿਆ। ਮੱਖਣ ਸ਼ਾਹ ਲੁਬਾਣਾ ਇਕ ਅਮੀਰ ਆਦਮੀ ਸੀ। ਸਿੱਖ ਗੁਰੂਆਂ ਦਾ ਸ਼ਰਧਾਲੂ ਸੀ। ਇੱਕ ਵਾਰ ਉਸ ਦੇ ਮਾਲ ਦਾ ਭਰਿਆ ਜਹਾਜ਼ ਸਮੁੰਦਰ ਵਿਚ ਡੁੱਬਣ ਲੱਗਾ ਤਾਂ ਉਸ ਨੇ ਗੁਰੂ ਸਾਹਿਬ ਨੂੰ ਯਾਦ ਕੀਤਾ ਤੇ 101 ਮੁਹਰਾਂ ਦੀ ਸੁਖਣਾ ਸੁੱਖ ਲਈ ਕਿ ਉਸ ਦਾ ਜਹਾਜ ਡੁੱਬਣ ਤੋਂ ਬਚ ਜਾਏ। ਜਹਾਜ਼ ਸਹੀ ਸਲਾਮਤ ਕੰਢੇ ਲੱਗ ਗਿਆ। ਉਹ ਆਪਣੇ ਪ੍ਰਣ ਨੂੰ ਪੂਰਾ ਕਰਨ ਲਈ ਬਕਾਲੇ ਆਇਆ ਪਰ ਉਥੇ ਕਿੰਨੇ ਹੀ ਸੋਢੀ ਗੁਰੂ ਬਣੇ ਬੈਠੇ ਸਨ। ਉਸ ਦੇ ਮਨ ਵਿਚ ਸੱਚਾ ਅਤੇ ਅਸਲੀ ਗੁਰੂ ਲੱਭਣ ਦੀ ਤਰਕੀਬ ਸੁਝੀ। ਉਹ ਹਰ ਗੁਰੂ ਅੱਗੇ ਦੋ-ਦੋ ਮੋਹਰਾਂ ਭੇਟਾਂ ਚੜ੍ਹਾਂਦਾ ਰਿਹਾ ਤੇ ਉਹ ਲੈਂਦੇ ਰਹੇ, ਪਰ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਵੀ ਦੋ ਮੋਹਰਾਂ ਦੇਣ ਲੱਗਾ ਤਾਂ ਉਨ੍ਹਾਂ ਨੇ ਬਾਕੀ 99 ਮੁਹਰਾਂ ਦੀ ਵੀ ਮੰਗ ਕੀਤੀ। ਇਹ ਸੁਣ ਕੇ ਉਸ ਨੂੰ ਯਕੀਨ ਹੋ ਗਿਆ ਕਿ ਅਸਲੀ ਗੁਰੂ ਇਹ ਹੀ ਹਨ। ਉਹ ਮਕਾਨ ਦੀ ਛੱਤ ਤੇ ਚੜ੍ਹਕੇ ਉੱਚੀ-ਉੱਚੀ ਰੌਲਾ ਪਾਉਣ ਲੱਗਾ, ਗੁਰੂ ਲਾਧੋ ਰੇ, ਗੁਰੂ ਲਾਧੋ ਰੇ, ਇਸ ਤਰ੍ਹਾਂ ਸਾਰੇ ਹੀ ਸਿੱਖਾਂ ਨੇ ਉਨ੍ਹਾਂ ਨੂੰ ਗੁਰੂ ਮੰਨ ਲਿਆ।

ਪਰ ਗੁਰੂ ਹਰਿਰਾਏ ਜੀ ਦੇ ਵੱਡੇ ਭਰਾ ਧੀਰਮੱਲ ਨੇ ਗੁਰੂ ਸਾਹਿਬ ਦਾ ਵਿਰੋਧ ਨਾ ਛੱਡਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸ਼ੀਹਾ ਮਸੰਦ ਨੂੰ ਗੁਰੂ ਸਾਹਿਬ ਨੂੰ ਮਾਰਨ ਵਾਸਤੇ ਭੇਜਿਆ, ਸ਼ੀਹਾ ਨੇ ਅਚਾਨਕ ਹੀ ਇੱਕ ਦਿਨ ਗੁਰੂ ਸਾਹਿਬ ਤੇ ਗੋਲੀ ਚਲਾ ਦਿੱਤੀ ਤੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ। ਸ਼ੀਹਾ ਦੇ ਬੰਦਿਆਂ ਨੇ ਗੁਰੂ ਸਾਹਿਬ ਦੀ ਸਾਰੀ ਸੰਪਤੀ ਵੀ ਲੁੱਟ ਲਈ। ਗੁਰੂ ਸਾਹਿਬ ਦੇ ਸ਼ਰਧਾਲੂਆਂ ਨੂੰ ਜਦ ਇਸ ਘਟਨਾਂ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਧੀਰਮੱਲ ਦੇ ਘਰ ਤੇ ਹਮਲਾ ਕਰ ਦਿੱਤਾ ਤੇ ਧੀਰਮੱਲ ਤੇ ਉਸ ਦੇ ਹਮਾਇਤੀਆਂ ਨੂੰ ਬੰਨ੍ਹ ਕੇ ਗੁਰੂ ਸਾਹਿਬ ਕੋਲ ਲੈ ਆਏ। ਇਸ ਤੋਂ ਇਲਾਵਾ ਉਹ ਧੀਰਮੱਲ ਦੀ ਸੰਪਤੀ ਵੀ ਲੈ ਆਏ। ਪਰ ਗੁਰੂ ਸਾਹਿਬ ਨੇ ਧੀਰਮੱਲ ਤੇ ਉਸਦੇ ਸਾਥੀਆਂ ਨੂੰ ਮਾਫ ਕਰ ਦਿੱਤਾ ਅਤੇ ਉਨ੍ਹਾਂ ਦੀ ਸੰਪਤੀ ਵੀ ਵਾਪਸ ਕਰ ਦਿੱਤੀ। ਇਸ ਤੋਂ ਬਾਅਦ ਧੀਰਮੱਲ ਨੂੰ ਬਕਾਲੇ ਰਹਿਣਾ ਔਖਾ

ਹੋ ਗਿਆ ਤੇ ਉਹ ਕਰਤਾਰਪੁਰ ਆ ਗਿਆ।

ਕੁਝ ਸਮੇਂ ਬਾਅਦ ਗੁਰੂ ਸਾਹਿਬ ਬਕਾਲਾ ਛੱਡ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ। ਪਰ ਮਸੰਦਾਂ ਨੇ ਉਨ੍ਹਾਂ ਨੂੰ ਦਰਬਾਰ ਸਾਹਿਬ ਅੰਦਰ ਨਾ ਆਉਣ ਦਿੱਤਾ ਤੇ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਗੁਰੂ ਸਾਹਿਬ ਅਕਾਲ ਤਖਤ ਦੇ ਨੇੜੇ ਕੁਝ ਚਿਰ ਲਈ ਰੁੱਕੇ। ਇਸ ਸਥਾਨ ਨੂੰ ਅੱਜ ਕੱਲ ਥੰਮ ਸਾਹਿਬ ਕਿਹਾ ਜਾਂਦਾ ਹੈ। ਇਥੋਂ ਗੁਰੂ ਸਾਹਿਬ ਨੇ ਮਾਈਆਂ ਰੱਬ ਰਜਾਈਆਂ ਦੇ ਸ਼ਬਦ ਕਹੇ। ਇਥੋਂ ਗੁਰੂ ਸਾਹਿਬ ਗੁਰੂ ਕਾ ਬਾਗ, ਖਡੂਰ ਸਾਹਿਬ, ਗੋਇੰਦਵਾਲ, ਤਰਨਤਾਰਨ, ਖੇਮਕਰਨ ਆਦਿ ਮਾਝੇ ਦੇ ਇਲਾਕਿਆਂ ਵਿਚੋਂ ਹੁੰਦੇ ਹੋਏ ਮਾਲਵੇ ਵਿਚ ਤਲਵੰਡੀ ਸਾਬੋ ਤੋਂ ਹੁੰਦੇ ਹੋਏ ਕੀਰਤਪੁਰ ਪਹੁੰਚੇ। ਕੀਰਤਪੁਰ ਵਿਚ ਵੀ ਧੀਰਮੱਲ ਤੇ ਉਸ ਦੇ ਸਹਿਯੋਗੀਆਂ ਨੇ ਗੁਰੂ ਸਾਹਿਬ ਦੀ ਵਿਰੋਧਤਾ ਜਾਰੀ ਰੱਖੀ। ਇਥੋਂ ਗੁਰੂ ਸਾਹਿਬ ਬਿਲਾਸਪੁਰ ਦੇ ਰਾਜਾ ਦੀਪ ਚੰਦ ਦੀ ਕ੍ਰਿਆ ਦੀ ਰਸਮ ਤੇ ਬਿਲਾਸਪੁਰ ਪਹੁੰਚੇ। ਸਵਰਗਵਾਸੀ ਰਾਜੇ ਦੀ ਪਤਨੀ ਨੇ ਗੁਰੂ ਸਾਹਿਬ ਦੇ ਠਹਿਰਨ ਦਾ ਚੰਗਾ ਪ੍ਰਬੰਧ ਕੀਤਾ। ਗੁਰੂ ਸਾਹਿਬ ਇਥੇ ਤਿੰਨ ਦਿਨ ਠਹਿਰੇ। ਕਿਹਾ ਜਾਂਦਾ ਹੈ ਕਿ ਉਨ੍ਹਾਂ ਰਾਣੀ ਤੋਂ ਕੀਰਤਪੁਰ ਨੇੜੇ ਇਕ ਪਿੰਡ ਵਸਾਣ ਲਈ *200* ਰੁਪਏ ਦੇ ਕੇ ਮਾਖੋਵਾਲ ਦਾ ਸਥਾਨ ਲੈ ਲਿਆ। *19* ਜੂਨ *1665* ਵਿਚ ਇਸ ਨਵੇਂ ਨਗਰ ਚੱਕ ਨਾਨਕੀ ਦਾ ਨੀਹੱ ਪੱਥਰ ਰਖਿਆ, ਜਿਥੇ ਬਾਅਦ ਵਿੱਚ ਆਨੰਦਪੁਰ ਦਾ ਨਗਰ ਵੱਸ ਗਿਆ।

## ਪੂਰਬ ਦੀ ਯਾਤਰਾ

ਅਨੰਦਪੁਰ ਸਾਹਿਬ ਤੋਂ ਗੁਰੂ ਸਾਹਿਬ ਪੂਰਬ ਦੀਆਂ ਯਾਤਰਾਵਾਂ ਤੇ ਚੱਲ ਪਏ। ਉਨ੍ਹਾਂ ਦੀ ਇਸ ਯਾਤਰਾ ਦੇ ਉਦੇਸ਼ ਜਾਂ ਕਾਰਨਾਂ ਬਾਰੇ ਇਤਿਹਾਸਕਾਰਾਂ ਵਿਚ ਮਤਭੇਦ ਪਾਇਆ ਜਾਂਦਾ ਹੈ। ਇਕ ਮੱਤ ਅਨੁਸਾਰ ਚੱਕ ਨਾਨਕੀ ਜਾਂ ਅਨੰਦਪੁਰ ਸਾਹਿਬ ਵਿੱਚ ਵੀ ਉਨ੍ਹਾਂ ਦੇ ਵਿਰੋਧੀਆਂ ਨੇ ਗੁਰੂ ਸਾਹਿਬ ਦੀ ਵਿਰੋਧਤਾ ਜਾਰੀ ਰੱਖੀ ਤੇ ਉਨ੍ਹਾਂ ਇਹ ਥਾਂ ਵੀ ਛੱਡ ਦਿੱਤੀ ਤੇ ਪ੍ਰਚਾਰ ਹਿੱਤ ਦੌਰੇ ਤੇ ਨਿਕਲ ਪਏ। ਡਾ. ਫੌਜਾ ਸਿੰਘ ਅਨੁਸਾਰ ਇਹ ਮੱਤ ਠੀਕ ਨਹੀਂ ਹੈ ਕਿਉਂਕਿ ਗੁਰੂ ਸਾਹਿਬ ਵਿਰੋਧੀਆਂ ਨਾਲ ਪਹਿਲਾਂ ਹੀ ਨਜਿੱਠ ਚੁੱਕੇ ਸਨ। ਡਾ.ਤਰਲੋਚਨ ਸਿੰਘ ਇਸ ਯਾਤਰਾ ਦਾ ਕਾਰਨ ਪੂਰਬ ਦੀ ਸੰਗਤ ਦੇ ਸੱਦੇ ਨੂੰ ਸਮਝਦੇ ਹਨ। ਉਨ੍ਹਾਂ ਅਨੁਸਾਰ ਭਾਈ ਬਲਾਕੀ ਦਾਸ ਅਤੇ ਭਾਈ ਦਰਬਾਰਾ ਪਟਨੇ ਤੋਂ ਗੁਰੂ ਸਾਹਿਬ ਨੂੰ ਸੱਦਾ ਦੇਣ ਨਹੀਂ ਆਏ। ਪੂਰਬ ਦੀ ਯਾਤਰਾ ਦਾ ਇੱਕ ਹੋਰ ਕਾਰਨ ਇਹ ਵੀ ਸੀ ਕਿ ਗੁਰੂ ਸਾਹਿਬ ਇਨ੍ਹਾਂ ਇਲਾਕਿਆਂ ਦੀਆਂ ਸਿੱਖ ਸੰਗਤਾਂ ਦੇ ਕੰਮ ਕਾਰ ਨੂੰ ਆਪ ਦੇਖਣਾ ਚਾਹੁੰਦੇ ਸਨ ਤੇ ਏਥੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ। ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਕੋਈ ਵੀ ਗੁਰੂ ਸਾਹਿਬਾਨ ਪੰਜਾਬ ਤੋਂ ਦੂਰ ਪ੍ਰਾਂਤਾਂ ਵਿੱਚ ਵਸਦੇ ਸਿੱਖਾਂ ਕੋਲ ਨਹੀਂ ਗਏ ਸਨ।

ਗੁਰੂ ਸਾਹਿਬ ਜਦੋਂ ਚੱਕ ਨਾਨਕੀ ਤੋਂ ਚਲੇ ਸੀ, ਉਦੋਂ ਔਰੰਗਜ਼ੇਬ ਨੂੰ ਬਾਦਸ਼ਾਹ ਬਣਿਆ ਤਕਰੀਬਨ ਸੱਤ ਸਾਲ ਹੋ ਚੁੱਕੇ ਸਨ। ਬਾਦਸ਼ਾਹ ਬਣਨ ਲਈ ਉਸ ਨੇ ਆਪਣੇ ਪਿਤਾ ਨੂੰ ਕੈਦ ਕੀਤਾ ਅਤੇ ਭਰਾਵਾਂ ਦੇ ਖੂਨ ਨਾਲ ਹੱਥ ਰੰਗੇ ਅਤੇ ਕੱਟੜਤਾ ਦੀ ਨੀਤੀ ਤੇ ਚੱਲਣ ਲਗਿਆ ਤੇ ਇਸਲਾਮ ਦੇ ਪ੍ਰਚਾਰ ਵਾਸਤੇ ਨਵੇਂ-ਨਵੇਂ ਅਤੇ ਸਖਤ ਕਾਨੂੰਨ ਲਾਗੂ ਕਰਨੇ ਸ਼ੁਰੂ ਕਰ ਦਿੱਤੇ। ਇਸ ਕੱਟੜ ਨੀਤੀ ਨੇ ਲੋਕਾਂ ਨੂੰ ਖਾਸ ਕਰਕੇ ਹਿੰਦੂਆਂ ਨੂੰ ਸਾਹ ਲੈਣਾ ਔਖਾ ਕਰ ਦਿੱਤਾ। ਹਿੰਦੂ ਮੰਦਰਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ ਗਿਆ ਅਤੇ ਨਵੇਂ ਮੰਦਰਾਂ ਦੀ ਉਸਾਰੀ ਬੰਦ ਕਰਵਾ ਦਿੱਤੀ। ਹਿੰਦੂਆਂ ਉੱਤੇ ਜਜ਼ੀਆਂ ਟੈਕਸ ਲਗਾ ਦਿੱਤਾ ਤੇ ਬਹੁਤ ਸਾਰਿਆਂ ਨੂੰ ਇਸਲਾਮ ਗ੍ਰਹਿਣ ਕਰਨ ਲਈ ਮਜਬੂਰ ਕੀਤਾ ਜਾਣ ਲੱਗਿਆ।

ਸਿੱਖ ਗੁਰੂ ਸਾਹਿਬਾਨ ਦਾ ਮੁੱਖ ਕੰਮ ਸਮਾਜ ਸੁਧਾਰਨ ਦਾ ਸੀ। ਗੁਰੂ ਤੇਗ ਬਹਾਦਰ ਜੀ ਨੇ ਵੀ ਸਮਾਜ ਦੀਆਂ ਕੁਰੀਤੀਆਂ ਦੂਰ ਕਰਨ ਤੇ ਲੋਕਾਂ ਵਿੱਚ ਦਲੇਰੀ ਭਰਨ ਲਈ ਆਪਣੀਆਂ ਯਾਤਰਾਵਾਂ ਆਰੰਭੀਆਂ।

ਉਨ੍ਹਾਂ ਨੇ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ ਦਾ ਨਾਹਰਾ ਲਾਇਆ। ਇਸ ਤਰ੍ਹਾਂ ਉਨ੍ਹਾਂ ਦੇ ਪ੍ਰਚਾਰ ਦਾ ਮੁੱਖ ਉਦੇਸ਼ ਨਵੀ ਜੀਵਨ ਜਾਂਚ ਦੇ ਕੇ ਨਵਾਂ ਸਮਾਜ ਉਸਾਰਨਾ ਸੀ। ਜਿਥੇ-ਜਿਥੇ ਵੀ ਉਹ ਗਏ, ਉਨ੍ਹਾਂ ਧਰਮ ਪ੍ਰਚਾਰ ਦੇ ਨਾਲ ਨਾਲ ਲੋਕਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਨਵੇਂ ਖੂਹ, ਨਵੇਂ ਸ਼ਹਿਰ, ਨਹਿਰਾਂ, ਬਾਉਲੀਆਂ ਆਦਿ ਦੇ ਨਿਰਮਾਣ ਕਰਨ ਵਾਸਤੇ ਕਿਹਾ। ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਕਿਸਾਨਾਂ ਨੂੰ ਖੂਹ ਲਗਾ ਕੇ ਬੰਜਰ ਜ਼ਮੀਨਾਂ ਆਬਾਦ ਕਰਨ ਲਈ ਦੱਸਿਆ। ਨਸ਼ਿਆਂ ਤੋਂ ਪਰਹੇਜ ਕਰਨ ਦਾ ਸੰਕੇਤ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੀਆਂ ਯਾਤਰਾਵਾਂ ਦਾ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨਾ ਸੀ।

ਗੁਰੂ ਸਾਹਿਬ ਅਨੰਦਪੁਰ ਤੋਂ ਰੋਪੜ, ਬਨੂੜ, ਰਾਜਪੁਰਾ ਤੋਂ ਹੁੰਦੇ ਸੈਫਾਬਾਦ (ਬਹਾਦਰਗੜ੍ਹ) ਪਟਿਆਲਾ ਦੇ ਨੇੜੇ ਪਹੁੰਚੇ। ਇਥੇ ਉਹ ਆਪਣੇ ਇੱਕ ਸ਼ਰਧਾਲੂ ਮੁਗਲ ਅਧਿਕਾਰੀ ਤੇ ਜਾਗੀਰਦਾਰ ਸੈਫ ਖਾਂ ਕੋਲ ਇੱਕ ਦਿਨ ਠਹਿਰੇ ਤੇ ਅਗਲੇ ਦਿਨ ਧਮਤਾਨ (ਹਿਸਾਰ ਜਿਲ੍ਹੇ ਵਿੱਚ) ਪਹੁੰਚੇ। ਧਮਤਾਨ ਨੂੰ ਗੁਰੂ ਸਾਹਿਬ ਬਹੁਤ ਪਸੰਦ ਕਰਦੇ ਸਨ ਅਤੇ ਆਪ ਦੇ ਪਹਿਲੀ ਫੇਰੀ ਸਮੇਂ ਆਪ ਇਕ ਖੂਹ ਤੇ ਇਮਾਰਤ ਬਣਾਉਣ ਲਈ ਇੱਕ ਮਸੰਦ ਨੂੰ ਕਹਿ ਗਏ ਸਨ। ਉਹ ਬਾਂਗਰ ਖੇਤਰ ਵਿੱਚ ਧਮਤਾਨ ਨੂੰ ਸਿੱਖੀ ਦਾ ਇੱਕ ਮੁੱਖ ਕੇਂਦਰ ਬਣਾਉਣਾ ਚਾਹੁੰਦੇ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਨੇੜੇ ਦੇ ਪਿੰਡਾਂ ਤੋਂ ਸਿੱਖ ਸ਼ਰਧਾਲੂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਧਮਤਾਨ ਪਹੁੰਚ ਗਏ ।ਉਥੇ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ ਰੁਕ ਗਏ। ਗੁਰਪੁਰਬ ਤੋਂ ਚਾਰ ਦਿਨ ਪਹਿਲਾਂ ਹੀ ਮੁਗਲ ਅਧਿਕਾਰੀ ਆਲਮ ਖਾਂ ਰੁਹੇਲਾ ਨੇ ਧਮਤਾਨ ਪਹੁੰਚ ਕੇ ਗੁਰੂ ਸਾਹਿਬ ਨੂੰ **2 ਨਵੰਬਰ,1665** ਈ. ਨੂੰ ਬੰਦੀ ਬਣਾ ਲਿਆ। ਕੱਟੜਪੰਥੀ ਬ੍ਰਾਹਮਣ ਤੇ ਉਲੇਮਾਂ ਗੁਰੂ ਸਾਹਿਬ ਦੀਆਂ ਸਮਾਜ ਸੁਧਾਰਨ ਦੀਆਂ ਗੱਲਾਂ ਨੂੰ ਆਪਣੇ ਲਈ ਖਤਰਾ ਸਮਝਦੇ ਸਨ ਤੇ ਉਨ੍ਹਾਂ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ। ਧਮਤਾਨ ਤੋਂ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਦਿੱਲੀ ਲਿਜਾਇਆ ਗਿਆ। ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਸਾਹਮਣੇ ਪੇਸ਼ ਕੀਤਾ ਗਿਆ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਇਹ ਪੰਜਾਬ ਦੇ ਮਾਹੌਲ ਨੂੰ ਖਰਾਬ ਕਰ ਰਹੇ ਹਨ। ਬਾਦਸ਼ਾਹ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣਾ ਚਾਹੁੰਦਾ ਸੀ। ਪਰ ਅਬੇਰ ਦੇ ਰਾਜਾ ਰਾਮ ਸਿੰਘ ਨੇ ਗੁਰੂ ਸਾਹਿਬ ਦੀ ਜ਼ਿੰਮੇਵਾਰੀ ਲੈ ਲਈ। ਉਸ ਨੇ ਬਾਦਸ਼ਾਹ ਨੂੰ ਯਕੀਨ ਦਿਵਾ ਦਿੱਤਾ ਕਿ ਗੁਰੂ ਸਾਹਿਬ ਇੱਕ ਧਾਰਮਿਕ ਸੰਤ ਹਨ। ਉਹ ਆਪਣਾ ਪ੍ਰਚਾਰ ਬਾਦਸ਼ਾਹ ਦੇ ਵਿਰੁੱਧ ਨਹੀਂ ਸਗੋਂ ਮਨੁੱਖਤਾ ਦੇ ਕਲਿਆਣ ਲਈ ਕਰਦੇ ਹਨ। ਇਸ ਲਈ ਬਾਦਸ਼ਾਹ ਨੂੰ ਉਨ੍ਹਾਂ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ।ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਸਜ਼ਾ ਨਾ ਦਿੱਤੀ ਤੇ ਗੁਰੂ ਸਾਹਿਬ ਨੂੰ ਰਾਜਾ ਰਾਮ ਸਿੰਘ ਦੇ ਸਪੁਰਦ ਕਰ ਦਿੱਤਾ ਜਿਸਨੇ ਉਨ੍ਹਾਂ ਨੂੰ ਇੱਕ ਮਹੀਨਾ ਆਪਣੀ ਦੇਖ ਭਾਲ ਵਿਚ ਰਖਿਆ ਤੇ ਉਸ ਪਿਛੋ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਗੁਰੂ ਸਾਹਿਬ ਅੱਗੇ ਪੂਰਬ ਦੀ ਯਾਤਰਾ ਲਈ ਚਲ ਪਏ।

### ਮਥੁਰਾ, ਆਗਰਾ ਅਤੇ ਕਾਨਪੁਰ

ਦਿੱਲੀ ਤੋਂ ਗੁਰੂ ਸਾਹਿਬ ਮਥੁਰਾ ਪਹੁੰਚੇ। ਇਥੋਂ ਆਗਰਾ ਗਏ। ਉਹ ਇਥੇ ਮਾਈ ਜੱਸੀ ਦੇ ਘਰ ਥਾਨ ਮਹੱਲ ਵਿੱਚ ਠਹਿਰੇ, ਜਿਥੇ ਅੱਜਕਲ ਗੁਰਦੁਆਰਾ ਮਾਈ ਥਾਨ ਬਣਿਆ ਹੋਇਆ ਹੈ। ਆਗਰੇ ਤੋਂ ਬਾਅਦ ਕਾਨਪੁਰ ਅਤੇ ਫਤਿਹਪੁਰ ਹੁੰਦੇ ਹੋਏ **1666** ਈ. ਦੇ ਲਗਭਗ ਪ੍ਰਯਾਗ (ਅਲਾਹਾਬਾਦ) ਪਹੁੰਚੇ। ਇਸ ਥਾਂ ਤੇ ਅੱਜਕਲ੍ਹ ਗੁਰਦੁਆਰਾ ਪੱਕੀ ਸੰਗਤ ਉਨ੍ਹਾਂ ਦੀ ਫੇਰੀ ਯਾਦ ਵਿੱਚ ਬਣਿਆ ਹੋਇਆ ਹੈ।

### ਬਨਾਰਸ, ਸਹਸਰਾਮ ਅਤੇ ਗਯਾ

ਬਨਾਰਸ ਪਹੁੰਚ ਕੇ ਗੁਰੂ ਸਾਹਿਬ ਆਪਣੇ ਸ਼ਰਧਾਲੂ ਜਵਾਹਰੀ ਮੱਲ ਨੂੰ ਮਿਲੇ ਤੇ ਸਿੱਖ ਸੰਗਤਾਂ ਨੇ ਗੁਰੂ

ਸਾਹਿਬ ਦਾ ਸੁਆਗਤ ਕੀਤਾ। ਬਨਾਰਸ ਵਿੱਚ ਗੁਰੂ ਜੀ ਦੀ ਘੋੜੀ, ਜੋ ਕਿ ਉਨ੍ਹਾਂ ਨੂੰ ਸੈਫ ਖਾਂ ਨੇ ਦਿੱਤੀ ਸੀ, ਬਿਮਾਰ ਹੋ ਗਈ ਤੇ ਫਿਰ ਮਰ ਗਈ। *15* ਦਿਨ ਬਨਾਰਸ ਰਹਿਣ ਪਿਛੋਂ ਗੁਰੂ ਸਾਹਿਬ ਸਹਸਰਾਮ ਆਏ ਜਿਥੇ ਮਸੰਦ ਫਰਗੂਸ਼ਾਹ (ਚਾਚਾ ਫਗੂ) ਰਹਿੰਦਾ ਸੀ। ਫਗੂ ਸ਼ਾਹ ਨੇ ਗੁਰੂ ਸਾਹਿਬ ਨੂੰ ਇਕ ਨਵੇਂ ਬਣਾਏ ਸੁੰਦਰ ਭਵਨ ਵਿੱਚ ਠਹਿਰਾਇਆ। ਇਥੋਂ ਗੁਰੂ ਸਾਹਿਬ ਬੋਧੀਆਂ ਦੇ ਪ੍ਰਸਿੱਧ ਤੀਰਥ ਸਥਾਨ ਗਯਾ ਪਹੁੰਚੇ। ਇੱਕ ਉਦਾਸੀ ਮਹੰਤ ਰਾਮ ਦਾਸ ਨੇ ਏਥੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ। ਜਿਥੇ ਵੀ ਗੁਰੂ ਸਾਹਿਬ ਗਏ, ਉਨ੍ਹਾਂ ਨੇ ਲੋਕਾਂ ਦੇ ਵਹਿਮਾਂ ਅਤੇ ਭਰਮਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ।ਗੁਰੂ ਸਾਹਿਬ ਗਯਾ ਤੋਂ ਚਲ ਕੇ ਪੈਦਲ ਪਟਨਾ ਪਹੁੰਚੇ। ਰਾਹ ਵਿੱਚ ਕਰਮ-ਨਾਸ ਨਦੀ ਪੈਂਦੀ ਸੀ, ਜਿਸ ਬਾਰੇ ਲੋਕਾਂ ਨੂੰ ਵਿਸ਼ਵਾਸ਼ ਸੀ ਕਿ ਇਸ ਵਿੱਚ ਇਸ਼ਨਾਨ ਕਰਨ ਨਾਲ ਮਨੁੱਖ ਦੇ ਸਾਰੇ ਚੰਗੇ ਕਰਮ ਨਾਸ਼ ਹੋ ਜਾਂਦੇ ਹਨ। ਗੁਰੂ ਸਾਹਿਬ ਇਸ ਨਦੀ ਵਿੱਚ ਨਹਾਏ ਤੇ ਲੋਕਾਂ ਨੂੰ ਸਿੱਧ ਕਰ ਦਿੱਤਾ ਕਿ ਨਦੀ ਵਿੱਚ ਨਹਾਉਣ ਨਾਲ ਇਮਾਨ ਅਤੇ ਚੰਗੇ ਗੁਣਾਂ ਦਾ ਨਾਸ਼ ਨਹੀਂ ਹੁੰਦਾ।

## ਪਟਨਾ

**ਮਈ 1666** ਈ. ਵਿੱਚ ਗੁਰੂ ਸਾਹਿਬ ਪਟਨਾ ਪਹੁੰਚੇ। ਤਿੰਨ ਮਹੀਨੇ ਗੁਰੂ ਸਾਹਿਬ ਏਥੇ ਹੀ ਰਹੇ। ਬਹੁਤ ਸ਼ਰਧਾਲੂ ਉਨ੍ਹਾਂ ਦੇ ਰੋਜ਼ਾਨਾ ਦਰਸ਼ਨ ਕਰਨ ਤੇ ਉਪਦੇਸ਼ ਸੁਣਨ ਆਉਂਦੇ। ਇਥੇ ਢਾਕੇ ਦੀ ਸੰਗਤ ਦੇ ਪ੍ਰਮੁੱਖ ਸਿੱਖ ਗੁਰੂ ਸਾਹਿਬ ਨੂੰ ਮਿਲੇ ਤੇ ਉਨ੍ਹਾਂ ਨੂੰ ਢਾਕੇ ਆਉਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਆਪਣੇ ਪਰਿਵਾਰ ਨੂੰ ਪਟਨੇ ਛੱਡ ਕੇ ਢਾਕੇ ਜਾਣ ਲਈ ਤਿਆਰ ਹੋ ਗਏ।

## ਢਾਕਾ

ਪਟਨਾ ਤੋਂ ਮੁਘੇਰ ਹੁੰਦੇ ਹੋਏ ਗੁਰੂ ਸਾਹਿਬ ਢਾਕੇ (ਵਰਤਮਾਨ ਬੰਗਲਾ ਦੇਸ਼) ਪਹੁੰਚੇ। ਢਾਕਾ ਸਿੱਖਾਂ ਦਾ ਇੱਕ ਬਹੁਤ ਵੱਡਾ ਕੇਂਦਰ ਹੈ।ਢਾਕੇ ਵਿਚ ਗੁਰੂ ਸਾਹਿਬ ਨੂੰ ਪਟਨੇ ਤੋਂ ਖਬਰ ਮਿਲੀ ਕਿ ਉਨ੍ਹਾਂ ਦੀ ਪਤਨੀ ਮਾਤਾ ਗੁਜਰੀ ਜੀ ਨੇ ਇੱਕ ਬਾਲਕ ਨੂੰ ਜਨਮ ਦਿੱਤਾ ਹੈ। ਇਹ ਬਾਲਕ ਬਾਦ ਵਿੱਚ ਵੱਡਾ ਹੋ ਕੇ ਗੁਰੂ ਗੋਬਿੰਦ ਸਿੰਘ ਬਣਿਆ। ਗੁਰੂ ਸਾਹਿਬ ਨੇ ਪਟਨੇ ਦੀ ਸੰਗਤ ਦੇ ਨਾਂ ਹੁਕਮਨਾਮਾਂ ਭੇਜਿਆ ਜਿਸ ਵਿੱਚ ਉਨ੍ਹਾਂ ਨੇ ਪਰਿਵਾਰ ਦੀ ਸੇਵਾ ਤੇ ਬੱਚੇ ਦੀ ਦੇਖਭਾਲ ਕਰਨ ਲਈ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਅਸੀਸਾਂ ਭੇਜੀਆਂ। ਇਥੇ ਗੁਰੂ ਸਾਹਿਬ ਤਕਰੀਬਨ ਇੱਕ ਸਾਲ ਦੇ ਲਗਭਗ ਰਹੇ।

## ਆਸਾਮ

ਢਾਕੇ ਤੋਂ ਚਲ ਕੇ ਗੁਰੂ ਸਾਹਿਬ ਰਾਜਾ ਰਾਮ ਸਿੰਘ ਦੇ ਨਾਲ ਆਸਾਮ ਵਲ ਚਲੇ ਗਏ। ਔਰੰਗਜ਼ੇਬ ਦੇ ਹੁਕਮ ਨਾਲ ਅਹੋਮੀ ਕਬੀਲੇ ਨੂੰ ਦਬਾਉਣ ਲਈ, ਜੋ ਮੁਗਲ ਹਕੂਮਤ ਵਿਰੁੱਧ ਬਾਗੀ ਹੋ ਗਿਆ ਸੀ, ਰਾਮ ਸਿੰਘ ਨੂੰ ਭੇਜਿਆ ਗਿਆ ਸੀ। ਰਾਜਾ ਰਾਮ ਸਿੰਘ ਦੇ ਸੈਨਿਕ ਆਸਾਮੀਆਂ ਦੇ ਜਾਦੂ ਟੂਣਿਆਂ ਤੋਂ ਬਹੁਤੇ ਘਬਰਾਂਦੇ ਸਨ। ਰਾਮ ਸਿੰਘ ਨੇ ਮਾਲਦ ਤੋਂ ਪੰਜ ਪੀਰਾਂ ਨੂੰ ਵੀ ਅਸਾਮੀਆਂ ਦੇ ਜਾਦੂ ਟੂਣਿਆਂ ਦਾ ਮੁਕਾਬਲਾ ਕਰਨ ਲਈ ਆਪਣੇ ਨਾਲ ਲੈ ਲਿਆ। ਉਸ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਵੀ ਅੱਗੇ ਨਾਲ ਚਲਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸਿੱਖ ਧਰਮ ਦਾ ਇਸ ਇਲਾਕੇ ਵਿੱਚ ਪ੍ਰਚਾਰ ਕਰਨ ਵਾਸਤੇ ਉਸ ਦੇ ਨਾਲ ਚਲਣਾ ਮੰਨ ਲਿਆ। **1669** ਈ. ਦੇ ਸ਼ੁਰੂ ਵਿੱਚ ਉਹ ਬ੍ਰਹਮਪੁੱਤਰ ਨਦੀ ਨੂੰ ਪਾਰ ਕਰਕੇ ਧੁਬਰੀ ਪਹੁੰਚ ਗਏ। ਮੁਗਲ ਫੌਜਾਂ ਅੱਗੇ ਜਾ ਕੇ ਰੰਗਮਤੀ ਰੁਕ ਗਈਆਂ। ਆਹੂਮਾਂ ਨੇ ਜਾਦੂ ਟੂਣਿਆਂ ਦਾ ਸਹਾਰਾ ਲਿਆ। ਪਰ ਸਭ ਵਿਅਰਥ ਗਏ।ਇਸ ਸਮੇਂ ਤੱਕ ਗੁਰੂ ਸਾਹਿਬ ਦੀ ਪ੍ਰਸਿੱਧੀ ਦੂਰ ਤੱਕ ਫੈਲ ਗਈ। ਆਸਾਮ ਦੇ ਲੋਕ ਬਹੁਤ ਵੱਡੀ ਗਿਣਤੀ ਵਿੱਚ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਲੱਗੇ। ਕੋਈ ਭਿਆਨਕ ਜੰਗ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਦੋਹਾਂ ਧਿਰਾਂ

ਵਿੱਚ ਸਮਝੌਤਾ ਕਰਾ ਦਿੱਤਾ। ਇਸ ਸਮਝੌਤੇ ਦੀ ਯਾਦ ਵਿੱਚ ਦੋਹਾਂ ਧਿਰਾਂ ਨੇ ਧੁਬਰੀ ਦੇ ਸਥਾਨ ਤੇ ਮਿੱਟੀ ਦਾ ਇੱਕ ਥੇਹ ਵੀ ਬਣਵਾਇਆ।

ਗੁਰੂ ਸਾਹਿਬ ਅਜੇ ਪੂਰਬ ਵੱਲ ਹੀ ਸਨ ਕਿ ਉੱਤਰੀ ਭਾਰਤ ਤੋਂ ਉਨ੍ਹਾਂ ਨੂੰ ਔਰੰਗਜ਼ੇਬ ਦੀਆਂ ਲੋਕਾਂ ਉਪਰ ਹੋ ਰਹੀਆਂ ਸਖਤੀਆਂ ਦੀਆਂ ਖਬਰਾਂ ਮਿਲਣ ਲੱਗੀਆਂ।ਉਨ੍ਹਾਂ ਕੋਲ ਹਿੰਦੂਆਂ ਦੇ ਮੰਦਰਾਂ ਨੂੰ ਜ਼ਬਰੀ ਢਾਹੁਣ, ਇਸਲਾਮ ਧਾਰਨ ਗ੍ਰਹਿਣ ਕਰਨ ਲਈ ਹਿੰਦੂਆਂ ਨੂੰ ਮਜ਼ਬੂਰ ਕਰਨਾ ਅਤੇ ਯਾਤਰਾ ਕਰ ਲਾਉਣ ਦੀ ਦਿਲ ਦੁਖਾਊ ਖਬਰਾਂ ਪਹੁੰਚਣ ਲੱਗੀਆਂ। ਇਨ੍ਹਾਂ ਖਬਰਾਂ ਨੂੰ ਸੁਣ ਕੇ ਗੁਰੂ ਸਾਹਿਬ ਆਸਾਮ ਤੋਂ ਸਿੱਧੇ ਪੰਜਾਬ ਵੱਲ ਨੂੰ ਚਲ ਪਏ। ਰਾਹ ਵਿੱਚ ਰੋਹਤਕ, ਕੁਰਕਸ਼ੇਤਰ, ਪਹੇਵਾ ਅਤੇ ਲਖਨੌਰ ਹੁੰਦੇ ਹੋਏ, ਉਹ ਬਕਾਲੇ ਤੋਂ ਉਥੇ ਅਨੰਦਪੁਰ ਪਹੁੰਚੇ।ਉਹ ਪਰਿਵਾਰ ਸਮੇਤ ਇਥੇ ਹੀ ਰਹਿਣ ਲੱਗ ਪਏ।

## ਮਾਲਵੇ ਦੀ ਦੂਜੀ ਫੇਰੀ

***1673*** ਤੋਂ ***1675*** ਈ. ਵਿੱਚ ਗੁਰੂ ਜੀ ਨੇ ਮਾਲਵਾ ਤੇ ਬਾਂਗਰ ਪ੍ਰਦੇਸ਼ਾਂ ਦੀ ਦੂਜੀ ਵਾਰ ਯਾਤਰਾ ਕੀਤੀ। ਉਨ੍ਹਾਂ ਦਾ ਪੁੱਤਰ ਗੋਬਿੰਦ ਦਾਸ ਅਤੇ ਪਤਨੀ ਵੀ ਇਸ ਯਾਤਰਾ ਵਿੱਚ ਨਾਲ ਰਹੇ। ਸਭ ਤੋਂ ਪਹਿਲੇ ਉਹ ਪਟਿਆਲਾ ਨੇੜੇ ਸੈਫਾਬਾਦ ਦੇ ਸੈਫ ਖਾਂ ਨੂੰ ਮਿਲੇ। ਉਸ ਨੇ ਗੁਰੂ ਸਾਹਿਬ ਦਾ ਸੁਆਗਤ ਕੀਤਾ ਤੇ ਕੀਮਤੀ ਤੋਹਫੇ ਵੀ ਦਿੱਤੇ। ਉਸ ਤੋਂ ਬਾਅਦ ਗੁਰੂ ਸਾਹਿਬ ਨੇ ਬਹੁਤ ਸਾਰੇ ਮਾਲਵੇ ਤੇ ਬਾਂਗਰ ਦੇ ਪਿੰਡਾਂ ਤੇ ਕਸਬਿਆਂ ਦਾ ਦੌਰਾ ਕੀਤਾ। ਇਨ੍ਹਾਂ ਵਿੱਚੋਂ ਮਾਲਵੇ ਦੇ ਮਹੱਤਵਪੂਰਨ ਸਥਾਨਾਂ ਦੇ ਨਾਂ ਇਸ ਤਰ੍ਹਾਂ ਹਨ- ਮੂਲੋਵਾਲ, ਢਿਲਵਾਂ, ਖੀਵਾ, ਭੀਖੀ, ਮੌੜ, ਤਲਵੰਡੀ ਅਤੇ ਬਠਿੰਡਾ। ਬਾਂਗਰ ਵਿੱਚ ਧਮਤਾਨ ਵੀ ਗਏ। ਇਨ੍ਹਾਂ ਸਥਾਨਾਂ ਤੇ ਗੁਰੂ ਸਾਹਿਬ ਨੇ ਕਿਸਾਨਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਹੂਲਤਾਂ ਲਈ ਕਈ ਥਾਈ ਖੂਹ ਵੀ ਪੁਟਵਾਏ।

## ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ

ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਚਾਂਦਨੀ ਚੌਕ ਦਿੱਲੀ ਵਿੱਚ **11 ਨਵੰਬਰ, *1675*** ਈ. ਨੂੰ ਸ਼ਹੀਦ ਕਰ ਦਿੱਤਾ ਗਿਆ। ਕੁਝ ਕੁ ਇਤਿਹਾਸਕਾਰਾਂ ਨੇ ਉਨ੍ਹਾਂ ਦੀ ਸ਼ਹਾਦਤ ਬਾਰੇ ਕਈ ਭੁਲੇਖੇ ਪਾ ਦਿੱਤੇ ਹਨ। ਬਹੁਤ ਇਤਿਹਾਸਕਾਰਾਂ ਨੇ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦੀ ਨੀਤੀ ਨੂੰ ਗੁਰੂ ਸਾਹਿਬ ਸ਼ਹਾਦਤ ਦਾ ਮੂਲ ਕਾਰਨ ਦੱਸਿਆ ਹੈ। ਪਰ ਜੇ ਡੂੰਘਾਈ ਤੇ ਗੰਭੀਰਤਾ ਨਾਲ ਵੇਖਿਆ ਜਾਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸ਼ਹੀਦੀ ਕਈ ਸਮੂਹਕ ਕਾਰਨਾਂ ਦਾ ਫਲ ਸੀ। ਜਿਨ੍ਹਾਂ ਦਾ ਆਪਸ ਵਿੱਚ ਬਹੁਤ ਗੂੜ੍ਹਾ ਸੰਬੰਧ ਸੀ ਅਤੇ ਕਿਸੇ ਹੋਰ ਨਤੀਜੇ ਤੇ ਪਹੁੰਚਣ ਤੋਂ ਪਹਿਲਾਂ ਸਾਨੂੰ ਇਨ੍ਹਾਂ ਸਾਰੇ ਪੱਖਾਂ ਤੇ ਵਿਚਾਰ ਕਰ ਲੈਣੀ ਚਾਹੀਦੀ ਹੈ।

**1) ਔਰੰਗਜ਼ੇਬ ਦੀ ਕੱਟੜਤਾ:-** ਔਰੰਗਜ਼ੇਬ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਸ ਦਾ ਹਿੰਦੂਆਂ ਅਤੇ ਸਿੱਖਾਂ ਪ੍ਰਤੀ ਰਵੱਈਆਂ ਬੜਾ ਸਖਤ ਸੀ। ਉਹ ਸਾਰੇ ਦੇਸ਼ ਨੂੰ ਇਸਲਾਮ ਦੀ ਧਰਤੀ ਵਿੱਚ ਬਦਲਣਾ ਚਾਹੁੰਦਾ ਸੀ। ਹਿੰਦੂਆਂ ਨੂੰ ਬੇਇਜ਼ਤ ਤੇ ਧਰਮ ਛੱਡਣ ਲਈ ਮਜਬੂਰ ਕਰਨ ਲਈ ਉਸ ਨੇ ਉਨ੍ਹਾਂ ਉੱਤੇ ਹਰ ਤਰ੍ਹਾਂ ਦੀਆਂ ਬੰਦਸ਼ਾ ਲਾਈਆਂ। ਹਿੰਦੂਆਂ ਦੇ ਮੰਦਰਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਹਿੰਦੂ ਆਪਣੀ ਮਰਜੀ ਨਾਲ ਦਾੜ੍ਹੀ ਵੀ ਚਾਰ ਉਗਲਾਂ ਤੋਂ ਵੱਧ ਨਹੀਂ ਸਨ ਰੱਖ ਸਕਦੇ। ਉੱਚੀਆਂ ਸਰਕਾਰੀ ਨੌਕਰੀਆਂ ਵਿੱਚ ਵੀ ਹਿੰਦੂਆ ਨਾਲ ਵਿਤਕਰਾ ਕਰਨਾ ਸ਼ੁਰੂ ਕਰ ਦਿੱਤਾ। ਖਾਫੀ ਖਾਂ ਅਨੁਸਾਰ ਔਰੰਗਜ਼ੇਬ ਨੇ ਸਿੱਖਾਂ ਦੇ ਧਾਰਮਿਕ ਸਥਾਨਾਂ ਨੂੰ ਤਬਾਹ ਕਰਨ ਤੇ ਮਸੰਦਾਂ ਨੂੰ ਸ਼ਹਿਰ ਵਿੱਚੋਂ ਬਾਹਰ ਕੱਢਣ ਦੇ ਵੀ ਹੁਕਮ ਦਿੱਤੇ। ਇਨ੍ਹਾਂ ਸਾਰੀਆਂ ਗੱਲਾਂ ਦੀ ਖਬਰ ਗੁਰੂ ਸਾਹਿਬ ਨੂੰ ਆਸਾਮ ਵਿੱਚ ਮਿਲ ਗਈ ਅਤੇ ਉਨ੍ਹਾਂ ਨੇ ਝੱਟ ਪੰਜਾਬ ਵਾਪਸ ਆਉਣ ਦੀ ਤਿਆਰੀ ਕਰ ਲਈ। ਇਸ ਲਈ ਔਰੰਗਜ਼ੇਬ ਦੀ ਕੱਟੜਤਾ ਤੋਂ ਧਰਮ ਨੂੰ ਬਚਾਉਣਾ ਹੀ ਉਨ੍ਹਾਂ ਦੀ ਸ਼ਹਾਦਤ ਦਾ ਮੁੱਖ ਕਾਰਨ ਬਣਿਆ।

**2) ਗੁਰੂ ਸਾਹਿਬ ਦੇ ਧਰਮ ਪ੍ਰਚਾਰਕ ਦੌਰੇ:-** ਗੁਰੂ ਜੀ ਦੀ ਗੁਰ-ਗੱਦੀ ਸੰਭਾਲਣ ਦੇ ਤੁਰੰਤ ਬਾਅਦ ਆਪਣੇ ਧਰਮ ਦੇ ਪ੍ਰਚਾਰ ਲਈ ਮਾਝਾ, ਮਾਲਵਾ, ਦਿੱਲੀ, ਮਥੁਰਾ, ਬਨਾਰਸ, ਪਟਨਾ ਤੇ ਢਾਕੇ ਤੋਂ ਹੁੰਦੇ ਹੋਏ ਆਸਾਮ ਤੱਕ ਪਹੁੰਚੇ। ਇੰਨੀਆਂ ਲੰਮੀਆਂ ਯਾਤਰਾਵਾਂ ਗੁਰੂ ਨਾਨਕ ਦੇਵ ਜੀ ਤੋਂ ਬਾਦ ਸਿਰਫ ਗੁਰੂ ਤੇਗ ਬਹਾਦਰ ਜੀ ਨੇ ਹੀ ਕੀਤੀਆਂ ਹਨ। ਮਾਲਵੇ ਤੇ ਤਕਰੀਬਨ ਸਾਰੇ ਪ੍ਰਸਿਧ ਸਥਾਨਾਂ ਤੇ ਉਹ ਗਏ ਆਪਣੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਵਾਧਾ ਕੀਤਾ ਤੇ ਢਾਕੇ ਤੱਕ ਉਨ੍ਹਾਂ ਨੇ ਸਿੱਖ ਸੰਗਤ ਦੀ ਸਥਾਪਨਾ ਕੀਤੀ। ਥਾਂ-ਥਾਂ ਤੇ ਉਨ੍ਹਾਂ ਨੇ ਨਾ ਕਿਸੇ ਕੋਲੋਂ ਡਰੋ ਨਾ ਕਿਸੇ ਨੂ ਡਰਾਓ ਦਾ ਸੰਦੇਸ਼ ਦਿੱਤਾ। ਇੱਕ ਪਾਸੇ ਔਰੰਗਜ਼ੇਬ ਦਾ ਲੋਕਾਂ ਨੂੰ ਜ਼ਬਰਦਸਤੀ ਇਸਲਾਮ ਵਿੱਚ ਲਿਆਉਣ ਤੇ ਦੂਜੇ ਪਾਸੇ ਗੁਰੂ ਸਾਹਿਬ ਦਾ ਲੋਕਾਂ ਨੂੰ ਆਪਣੇ ਧਰਮ ਵਿੱਚ ਦ੍ਰਿੜ੍ਹ ਰਹਿਣ ਦਾ ਸੁਨੇਹਾ ਦੇਣਾ, ਦੋ ਪ੍ਰਸਪਰ ਵਿਰੋਧੀ ਗੱਲਾਂ ਸਨ। ਇਸ ਲਈ ਇਨ੍ਹਾਂ ਦੇ ਪ੍ਰਚਾਰਕ ਦੌਰਿਆਂ ਦਾ ਔਰੰਗਜ਼ੇਬ ਦੀ ਕੱਟੜਤਾ ਦੀ ਨੀਤੀ ਨਾਲ ਟਾਕਰਾ ਹੋ ਜਾਣਾ ਸੁਭਾਵਕ ਹੀ ਸੀ। ਮੁਗਲ ਸਰਕਾਰ ਦੇ ਜਾਸੂਸਾਂ ਤੇ ਅਫਸਰਾਂ ਨੂੰ ਵੀ ਗੁਰੂ ਸਾਹਿਬ ਦੇ ਪ੍ਰਚਾਰ ਦੌਰਿਆਂ ਵਿੱਚ ਬਗਾਵਤ ਵੀ ਅੱਗ ਸੁਲਗਦੀ ਦਿਸੀ ਤੇ ਉਨ੍ਹਾ ਨੇ ਵੀ ਗਲਤ ਰਿਪੋਰਟਾਂ ਭੇਜਕੇ ਔਰੰਗਜ਼ੇਬ ਨੂੰ ਗੁਰੂ ਸਾਹਿਬ ਦੇ ਵਿਰੁੱਧ ਉਕਸਾਇਆ।ਅਜਿਹੀਆਂ ਰਿਪੋਰਟਾਂ ਦੇ ਆਧਾਰ ਤੇ ਹੀ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਸਜ਼ਾਂ ਦੇਣ ਦਾ ਫੈਸਲਾ ਕਰ ਲਿਆ ਸੀ।

**3) ਧੀਰ ਮੱਲ ਤੇ ਰਾਮ ਰਾਏ ਦੀ ਵਿਰੋਧਤਾ:-** ਕਿਹਾ ਜਾਂਦਾ ਹੈ ਕਿ ਧੀਰ ਮੱਲ ਤੇ ਰਾਮ ਰਾਏ ਜਿਹੇ ਗੁਰੂ ਸਾਹਿਬ ਦੇ ਸੰਬੰਧੀ ਵੀ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਬਣੇ। ਧੀਰ ਮੱਲ ਗੁਰੂ ਹਰਿਰਾਏ ਦਾ ਵੱਡਾ ਭਰਾ ਸੀ। ਉਹ ਗੁਰੂ ਤੇਗ ਬਹਾਦਰ ਜੀ ਦੇ ਵਿਰੁੱਧ ਆਪ ਵੀ ਹੋਰਨਾਂ ਸੋਢੀਆਂ ਦੀ ਤਰ੍ਹਾਂ ਗੁਰੂ ਬਣ ਬੈਠਾ ਸੀ। ਉਸ ਨੇ ਸੀਹਾਂ ਮਸੰਦ ਨਾਲ ਮਿਲ ਕੇ ਗੁਰੂ ਸਾਹਿਬ ਨੂੰ ਜਾਨ ਤੋਂ ਮਾਰਨ ਦੀ ਵੀ ਕੋਸ਼ਿਸ ਕੀਤੀ ਸੀ। ਸਾਰੇ ਪਾਸੇ ਨਾਕਾਮਯਾਬ ਰਹਿਣ ਮਗਰੋਂ, ਉਸ ਨੇ ਰਾਮਰਾਏ, ਜੋ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਵੱਡਾ ਭਰਾ ਸੀ, ਰਾਹੀ ਔਰੰਗਜ਼ੇਬ ਨੂੰ ਉਕਸਾਇਆ, ਰਾਮ ਰਾਏ ਵੀ ਗੁਰੂ ਹਰਕ੍ਰਿਸ਼ਨ ਜੀ ਤੋਂ ਬਾਦ ਸਿੱਖਾਂ ਦਾ ਗੁਰੂ ਨਾਮਜਦ ਹੋਣਾ ਚਾਹੁੰਦਾ ਸੀ, ਪਰ ਗੁਰੂ ਹਰਕ੍ਰਿਸ਼ਨ ਜੀ ਨੇ ਰਾਮ ਰਾਏ ਦੀ ਥਾਂ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਨਾਮਜ਼ਦ ਕਰ ਦਿੱਤਾ। ਰਾਮਰਾਏ ਦਾ ਔਰੰਗਜ਼ੇਬ ਦੇ ਦਰਬਾਰ ਵਿੱਚ ਕਾਫੀ ਜਿਆਦਾ ਰਸੂਖ ਸੀ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਵੀ ਔਰੰਗਜ਼ੇਬ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਇਆ। ਪਰ ਚਾਹੇ ਧੀਰ ਮੱਲ ਤੇ ਰਾਮ ਰਾਏ ਗੁਰੂ ਸਾਹਿਬ ਦੇ ਵਿਰੋਧੀ ਤਾ ਜ਼ਰੂਰ ਸਨ ਪਰ ਉਹ ਔਰੰਗਜ਼ੇਬ ਨੂੰ ਕਿਸੇ ਹੱਦ ਤੱਕ ਪ੍ਰਭਾਵਤ ਕਰ ਸਕੇ, ਇਸ ਬਾਰੇ ਕੋਈ ਇਤਿਹਾਸਕ ਸਮਾਂ ਗਵਾਹੀ ਨਹੀਂ ਭਰਦਾ।

**4) ਨਕਸ਼ਬੰਦੀਆਂ ਦੀ ਦੁਸ਼ਮਣੀ:-** ਸ਼ੇਖ ਅਹਿਮਦ ਸਰਹਿੰਦੀ ਤੋਂ ਬਾਦ ਸ਼ੇਖ ਮਾਸੂਮ (1624-68 ਈ) ਸਰਹਿੰਦੀ ਨਕਸ਼ਬੰਦੀਆਂ ਦਾ ਮੁਖੀ ਬਣਿਆ। ਇਹ ਕੱਟੜ ਮੁਸਲਮਾਨ ਸਨ, ਜਿਨ੍ਹਾਂ ਨੇ ਸਰਹਿੰਦ ਵਿੱਚ ਅੰਦੋਲਨ ਚਲਾਇਆ। ਉਹ ਹਿੰਦੂਆਂ ਨੂੰ ਰਿਆਇਤਾਂ ਦੇਣ ਦੇ ਸਖਤ ਵਿਰੋਧੀ ਸਨ। ਉਨ੍ਹਾਂ ਅਨੁਸਾਰ ਕਾਫਰਾਂ ਨੂੰ ਬੇਇੱਜਤ ਕਰਨ ਵਿੱਚ ਹੀ ਇਸਲਾਮ ਦੀ ਸ਼ਾਨ ਹੈ। ਸ਼ੇਖ ਮਾਸੂਮ ਔਰੰਗਜ਼ੇਬ ਦਾ ਮਿੱਤਰ ਸੀ ਅਤੇ ਔਰੰਗਜੇਬ ਨਕਸ਼ਬੰਦੀ ਅੰਦੋਲਨ ਦੇ ਪੱਖ ਵਿੱਚ ਸੀ। ਸ਼ੇਖ ਸ਼ੈਫਉਦੀਨ ਜੋ ਕਿ ਸ਼ੇਖ ਮਾਸੂਮ ਦਾ ਪੁੱਤਰ ਸੀ, ਕਈ ਵਰ੍ਹੇ ਮੁਗਲ ਦਰਬਾਰ ਵਿਚ ਰਿਹਾ। ਨਕਸ਼ਬੰਦੀ ਸਿੱਖ ਅੰਦੋਲਨ ਨੂੰ ਆਪਣੇ ਪ੍ਰਭਾਵ ਵਿੱਚ ਰੋੜਾ ਸਮਝਦੇ ਸਨ। ਗੁਰੂ ਸਾਹਿਬ ਦੀ ਦਿਨੋ-ਦਿਨ ਵੱਧ ਰਹੀ ਮਾਨਤਾ ਤੇ ਉਨ੍ਹਾਂ ਦਾ ਪ੍ਰਚਾਰਕ ਦੌਰੇ ਇਨ੍ਹਾਂ ਨੂੰ ਚੁਭਦੇ ਸਨ। ਇਸ ਈਰਖਾ ਕਾਰਨ ਉਨ੍ਹਾਂ ਨੇ ਵੀ ਔਰੰਗਜ਼ੇਬ ਨੂੰ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ ਵਾਸਤੇ ਭੜਕਾਣ ਦਾ ਵਿਚਾਰ ਵੀ ਮੰਨਣਯੋਗ ਲੱਗਦਾ ਹੈ।

**5) ਕਸ਼ਮੀਰੀ ਪੰਡਤਾਂ ਦੀ ਫਰਿਆਦ:-** ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਨ ਬਹੁਤੇ ਇਤਿਹਾਸਕਾਰ ਕਸ਼ਮੀਰੀ ਪੰਡਤਾਂ ਦੀ ਫਰਿਆਦ ਨੂੰ ਮੰਨਦੇ ਹਨ। ਕਸ਼ਮੀਰ ਦਾ ਸੂਬੇਦਾਰ ਸ਼ੇਰ ਅਫਗਾਨ

ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ। ਜੋ ਇਸਲਾਮ ਮੰਨਣ ਤੋਂ ਇਨਕਾਰ ਕਰਦੇ ਸਨ, ਉਨ੍ਹਾਂ ਨੂੰ ਉਸ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਸੀ। ਕਸ਼ਮੀਰੀ ਪੰਡਤਾਂ ਦਾ ਇੱਕ ਵਫਦ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਸਾਹਿਬ ਕੋਲ ਸਹਾਇਤਾ ਲਈ ਪਹੁੰਚਿਆ। ਉਨ੍ਹਾਂ ਦਾ ਇਹ ਵਿਸ਼ਵਾਸ਼ ਸੀ ਕਿ ਮੁਗਲਾਂ ਤੋਂ ਉਨ੍ਹਾਂ ਦੀ ਰਾਖੀ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਹੀ ਕਰ ਸਕਦਾ ਹੈ। ਜੋ ਸ਼ਰਨ ਆਵੇ, ਤਿਸ ਕੰਠ ਲਾਵੇਂ ਵਿੱਚ ਵਿਸ਼ਵਾਸ ਕਰਨ ਵਾਲੇ ਕਿਵੇਂ ਉਨ੍ਹਾਂ ਨੂੰ ਨਿਰਾਸ਼ ਕਰ ਸਕਦੇ ਸਨ। ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀਆਂ ਦੁੱਖ-ਤਕਲੀਫਾਂ ਸੁਣੀਆਂ ਤੇ ਡੂੰਘੀ ਸੋਚ ਵਿੱਚਾਰ ਵਿੱਚ ਪੈ ਗਏ ਅਤੇ ਮਾਮਲੇ ਨੂੰ ਪੂਰੀ ਤਰ੍ਹਾਂ ਘੋਖਣ ਤੋਂ ਬਾਦ ਉਨ੍ਹਾਂ ਨੇ ਧਰਮ ਦੀ ਰੱਖਿਆ ਲਈ ਆਪਣਾ ਆਤਮ ਬਲੀਦਾਨ ਦੇਣ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਦੇ ਸਰਕਾਰੀ ਕਰਮਚਾਰੀਆਂ ਨੂੰ ਕਹਿਣ ਕੇ ਜੇ ਉਹ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਵਿੱਚ ਲੈ ਆਉਣ ਤਾਂ ਉਹ ਆਪਣੇ ਆਪ ਧਰਮ ਬਦਲ ਲੈਣਗੇ। ਕਸ਼ਮੀਰੀ ਪੰਡਤਾਂ ਨੇ ਵਾਪਸ ਜਾ ਕੇ ਇਹ ਸ਼ਬਦ ਸ਼ੇਰ ਅਫਗਾਨ ਨੂੰ ਕਹਿ ਦਿੱਤੇ। ਇਹ ਗੱਲ ਔਰੰਗਜ਼ੇਬ ਤੱਕ ਪੁਹੰਚ ਗਈ ਤਾਂ ਉਸ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਉਣ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਚਿੱਤਰ ਨਾਟਕ ਵਿੱਚ ਇਸ ਸ਼ਹੀਦੀ ਦਾ ਕਾਰਨ ਤਿਲਕ ਜੰਜੂ ਦੀ ਰੱਖਿਆ ਕਰਨਾ ਹੀ ਲਿਖਿਆ ਹੈ, ਉਨ੍ਹਾਂ ਨੇ ਇਸ ਸ਼ਹਾਦਤ ਨੂੰ ਕਲਯੁਗ ਦੀ ਮਹਾਨ ਘਟਨਾ ਦੱਸਿਆ ਹੈ।

ਗੁਰੂ ਤੇਗ ਬਹਾਦਰ ਜੀ ਨੇ *8* ਜੁਲਾਈ *1675* ਈ. ਨੂੰ ਆਪਣੇ *9* ਸਾਲਾਂ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਨੂੰ ਸਿੱਖਾਂ ਦਾ ਅਗਲਾ ਗੁਰੂ ਥਾਪ ਦਿੱਤਾ। ਦੋ ਦਿਨਾਂ ਬਾਅਦ ਉਹ ਆਪਣੇ ਸਾਥੀਆਂ ਨਾਲ ਆਨੰਦਪੁਰ ਤੋਂ ਦਿੱਲੀ ਵੱਲ ਚਲ ਪਏ। ਡਾ. ਫੌਜਾ ਸਿੰਘ ਅਨੁਸਾਰ ਉਨ੍ਹਾਂ ਨੂੰ *12* ਜੁਲਾਈ ਨੂੰ ਮਲਿਕਪੁਰ ਰੰਗੜਾ ਦੇ ਸਥਾਨ ਤੇ ਰੋਪੜ ਥਾਣੇ ਦੇ ਮੁਖੀ ਮਿਰਜ਼ਾ ਨੂਰ ਮੁਹੰਮਦ ਨੇ ਕੈਦੀ ਬਣਾ ਲਿਆ। ਰੋਪੜ ਤੋਂ ਉਨ੍ਹਾਂ ਨੂੰ ਸਰਹਿੰਦ ਭੇਜ ਦਿੱਤਾ ਤੇ ਲਗਭਗ ਚਾਰ ਮਹੀਨਿਆਂ ਪਿਛੋਂ ਉਨ੍ਹਾਂ ਨੂੰ ਦਿੱਲੀ ਪਹੁੰਚਾ ਦਿੱਤਾ। ਦਿੱਲੀ ਵਿੱਚ ਉਨ੍ਹਾਂ ਨੂੰ ਚਾਂਦਨੀ ਚੌਕ ਦੀ ਕੋਤਵਾਲੀ ਵਿੱਚ ਕੁਝ ਦਿਨ ਕੈਦ ਰਖਿਆ ਗਿਆ। ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਜਾਂ ਕਰਾਮਾਤ ਦਿਖਾਉਣ ਲਈ ਕਿਹਾ, ਜੋ ਗੁਰੂ ਸਾਹਿਬ ਨਾਂਹ ਕਰ ਦਿੱਤੀ। ***11*** ਨਵੰਬਰ, ***1675*** ਈ. ਨੂੰ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਨਾਲ ਗ੍ਰਿਫਤਾਰ ਕੀਤੇ ਤਿੰਨ ਸਾਥੀਆਂ- ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਨੂੰ ਗੁਰੂ ਸਾਹਿਬ ਦੇ ਸਾਹਮਣੇ ਸਖਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

## ਕੀ ਗੁਰੂ ਸਾਹਿਬ ਦੀ ਸ਼ਹਾਦਤ ਦੇ ਕਾਰਨ ਰਾਜਨੀਤਿਕ ਸਨ ਜਾਂ ਧਾਰਮਿਕ?

ਇਤਿਹਾਸਕਾਰ ਕਨਿੰਘਮ, ਟਰੰਪ ਅਤੇ ਲਤੀਫ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਧਾਰਮਿਕ ਨਹੀਂ ਸਗੋਂ ਰਾਜਨੀਤਿਕ ਸਮਝਦੇ ਹਨ। ਉਨ੍ਹਾਂ ਦੇ ਵਿੱਚਾਰ ਦਾ ਆਧਾਰ ਗੁਲਾਮ ਹੁਸੈਨ ਦੀ ਪੁਸਤਕ ਸੀਅਰ-ਉਲ-ਮੁਤਾਖਰੀਨ ਹੈ। ਉਸ ਨੇ ਆਪਣੀ ਲਿਖਤ ਵਿੱਚ ਗੁਰੂ ਜੀ ਬਾਰੇ ਕਾਫੀ ਭੁਲੇਖੇ ਪਾਏ ਹਨ। ਉਸ ਨੇ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਉਨ੍ਹਾਂ ਦਾ ਮੁਸਲਮਾਨ ਸੰਤ ਹਾਫਿਜ ਆਦਮ ਨਾਲ ਮਿਲ ਕੇ ਪੰਜਾਬ ਦੇ ਪਿੰਡਾਂ ਨੂੰ ਲੁਟਣਾ ਤੇ ਜ਼ਬਰਦਸਤੀ ਚੰਦੇ ਇਕੱਠੇ ਕਰਨਾ ਲਿਖਿਆ ਹੈ। ਇਹ ਪੁਸਤਕ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਕਈ ਸੌ ਸਾਲ ਬਾਅਦ ਲਿਖੀ ਗਈ। ਬਾਅਦ ਦੇ ਇਤਿਹਾਸਕਾਰਾਂ ਨੇ ਤੱਥਾਂ ਦੀ ਘੋਖ ਕੀਤੇ ਬਿਨਾਂ ਉਨ੍ਹਾਂ ਦੀ ਸ਼ਹਾਦਤ ਨੂੰ ਧਾਰਮਿਕ ਨਾ ਸਮਝ ਕੇ ਸਗੋਂ ਰਾਜਨੀਤਿਕ ਵਿਦਰੋਹੀ ਕਹਿਣਾ ਸ਼ੁਰੂ ਕਰ ਦਿੱਤਾ। ਪਰ ਵਾਸਤਵ ਵਿੱਚ ਇਹ ਵਿਚਾਰ ਠੀਕ ਨਹੀਂ। ਗੁਲਾਮ ਹੁਸੈਨ ਨਾ ਤਾਂ ਗੁਰੂ ਸਾਹਿਬ ਦਾ ਸਮਕਾਲੀ ਸੀ ਅਤੇ ਨਾ ਹੀ ਪੰਜਾਬ ਦਾ ਰਹਿਣ ਵਾਲਾ ਸੀ। ਉਸ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਰਖਿਆ ਗਿਆ ਤੇ ਬਾਅਦ ਵਿੱਚ ਉਨ੍ਹਾਂ ਦੇ ਚਾਰ ਟੋਟੇ ਕਰਕੇ ਗਵਾਲੀਅਰ ਦੇ ਕਿਲ੍ਹੇ ਦੇ ਚਾਰ ਦਰਵਾਜ਼ਿਆਂ ਤੇ ਲਟਕਾ ਦਿੱਤੇ।

ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਗੁਲਾਮ ਹੁਸੈਨ ਨੂੰ ਪੰਜਾਬ ਅਤੇ ਗੁਰੂ ਸਹਿਬ ਨਾਲ ਸੰਬੰਧਤ ਘਟਨਾਂਵਾਂ ਬਾਰੇ ਉਕਾ ਹੀ ਜਾਣਕਾਰੀ ਨਹੀਂ ਸੀ। ਕਿਉਂਕਿ ਸਾਰੇ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਸਨ ਕਿ ਗੁਰੂ ਸਾਹਿਬ ਨੂੰ ਚਾਦਨੀ ਚੌਕ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ ਸੀ। ਗੁਰੂ ਸਾਹਿਬ ਦਾ ਹਾਫਿਜ ਆਦਮ ਨਾਲ ਕੋਈ ਵੀ ਸੰਬੰਧ ਨਹੀਂ ਹੋ ਸਕਦਾ ਕਿਉਂਕਿ ਉਸ ਨੂੰ ਤਾਂ 1642 ਈ. ਵਿੱਚ ਸ਼ਾਹ ਜਹਾਨ ਦੇ ਵੇਲੇ ਹੀ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਗੁਲਾਮ ਹੁਸੈਨ ਤੋਂ ਬਿਨ੍ਹਾਂ ਹੋਰ ਸਮਕਾਲੀ ਲਿਖਤਾਂ ਵਿੱਚ ਗੁਰੂ ਸਾਹਿਬ ਦੇ ਲੁੱਟ ਮਾਰ ਕਰਨ ਬਾਰੇ ਕੁਝ ਲਿਖਿਆ ਨਹੀਂ ਮਿਲਦਾ।

ਦਰਅਸਲ, ਗੁਲਾਮ ਹੁਸੈਨ ਨੂੰ ਘਟਨਾਵਾਂ ਦਾ ਠੀਕ ਗਿਆਨ ਨਹੀਂ ਸੀ। ਗੁਰੂ ਸਾਹਿਬ ਦੀ ਸ਼ਹਾਦਤ ਦਾ ਅਸਲੀ ਕਾਰਨ ਤਾਂ ਔਰੰਗਜੇਬ ਦੀ ਧਾਰਮਿਕ ਕੱਟੜਤਾ ਦੀ ਨੀਤੀ ਸੀ। ਇਸ ਗੱਲ ਦੀ ਪੁਸ਼ਟੀ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਬਚਿੱਤਰ ਨਾਟਕ ਤੋਂ ਵੀ ਮਿਲਦੀ ਹੈ। ਜਿਸ ਵਿੱਚ ਸਪੱਸ਼ਟ ਸ਼ਬਦਾਂ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੇ ਪਿਤਾ ਜੀ ਨੇ ਤਿਲਕ ਅਤੇ ਜੰਜੂ ਭਾਵ ਧਾਰਮਿਕ ਅਜ਼ਾਦੀ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ। ਡਾ. ਇੰਦੂ ਭੂਸ਼ਨ ਬੈਨਰਜੀ ਵੀ ਸਾਰੇ ਤੱਥਾਂ ਦੀ ਛਾਣਬੀਣ ਕਰਨ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਗੁਰੂ ਸਾਹਿਬ ਨੂੰ ਔਰੰਗਜ਼ੇਬ ਨੇ ਆਪਣੀ ਧਾਰਮਿਕ ਕੱਟੜਤਾ ਕਾਰਨ ਸ਼ਹੀਦ ਕੀਤਾ ਤੇ ਬਾਕੀ ਸਾਰੀਆਂ ਗੱਲਾਂ ਤਾਂ ਸਿਰਫ ਬਹਾਨੇ ਮਾਤਰ ਹਨ। ਸੋ ਗੁਰੂ ਸਾਹਿਬ ਦੀ ਸ਼ਹੀਦੀ ਇੱਕ ਸਵੈ-ਇੱਛਤ ਬਲੀਦਾਨ ਸੀ ਜੋ ਧਰਮ ਦੀ ਖਾਤਰ ਦਿੱਤੀ ਗਈ।

## ਸ਼ਹਾਦਤ ਦੇ ਸਿੱਟੇ

**1. ਖਾਲਸੇ ਦਾ ਜਨਮ:-** ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਆਪਣੇ ਸ੍ਰਧਾਲੂਆਂ ਨੂੰ ਹਥਿਆਰਬੰਦ ਕਰਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਨੇ ਇੱਕ ਸੁਚੱਜੇ ਸੰਗਠਨ ਵਿੱਚ ਆਪਣੇ ਸ਼ਰਧਾਲੂਆਂ ਨੂੰ ਲਿਆਉਣ ਲਈ **1699** ਈ. ਵਿੱਚ ਇੱਕ ਨਵੀਂ ਕੌਮ ਖਾਲਸਾ ਦੀ ਸਥਾਪਨਾ ਕੀਤੀ। ਡਾ. ਫੌਜਾ ਸਿੰਘ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਨ ਹੀ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਥਾਪਨਾ ਕੀਤੀ। 1675 ਈ. ਵਿੱਚ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਇਹ ਅਨੁਭਵ ਕੀਤਾ ਜਾਣ ਲੱਗਾ ਕਿ ਸਿੱਖਾਂ ਦਾ ਇਕ ਸਦ੍ਰਿੜ ਸੰਗਠਨ ਬਣਾਉਣਾ ਬਹੁਤ ਜ਼ਰੂਰੀ ਹੈ।

**2. ਬਦਲੇ ਦੀ ਭਾਵਨਾ ਪੈਦਾ ਹੋਣਾ:-** ਗੁਰੂ ਸਾਹਿਬ ਦੀ ਸ਼ਹਾਦਤ ਨੇ ਹਿੰਦੂਆਂ ਤੇ ਸਿੱਖਾਂ ਤੇ ਬੜਾ ਗਹਿਰਾ ਪ੍ਰਭਾਵ ਪਾਇਆ। ਉਹ ਸਮਝਣ ਲੱਗੇ ਕਿ ਉਨ੍ਹਾਂ ਦੇ ਗੁਰੂ ਸਾਹਿਬ ਬਿਨਾਂ ਕਿਸੇ ਅਪਰਾਧ ਦੇ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋਏ। ਉਨ੍ਹਾਂ ਦੇ ਦਿਲਾਂ ਵਿੱਚ ਬਦਲੇ ਦੀ ਭਾਵਨਾ ਪੈਦਾ ਹੋ ਗਈ। ਡਾ. ਗੋਕਲ ਚੰਦ ਅਨੁਸਾਰ:

"The whole Punjab began to burn with indignation and revenge."

ਇਸ ਤਰ੍ਹਾਂ ਸ਼ਹਾਦਤ ਨੇ ਮੁਗਲ ਹਕੂਮਤ ਪ੍ਰਤੀ ਨਫਰਤ ਦੇ ਬੀਜ ਬੀਜੇ।

**3. ਅਨੋਖੀ ਸ਼ਹਾਦਤ:-** ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਤਿਹਾਸ ਵਿੱਚ ਲਾਸਾਨੀ ਸੀ। ਇਹ ਇੱਕ ਅਦੁੱਤੀ ਕੁਰਬਾਨੀ ਸੀ, ਜਿਹੜੀ ਕਿ ਕਿਸੇ ਦੂਜੇ ਦੇ ਧਰਮ ਬਚਾਉਣ ਦੀ ਖਾਤਰ ਦਿੱਤੀ ਗਈ। ਡਾ. ਗੰਡਾ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਇਤਿਹਾਸ ਵਿੱਚ ਇੱਕ ਅਨੋਖੀ ਘਟਨਾ ਹੈ। ਉਹ ਨਾ ਤਾਂ ਆਪ ਬ੍ਰਾਹਮਣ ਸਨ ਅਤੇ ਨਾ ਹੀ ਜਨੇਊ ਜਾਂ ਪਵਿੱਤਰ ਧਾਗਾ ਪਾਉਣ ਅਤੇ ਮੱਥੇ ਤੇ ਤਿਲਕ ਲਾਉਣ ਦੇ ਰਿਵਾਜ਼ ਵਿੱਚ ਵਿਸ਼ਵਾਸ਼ ਰੱਖਦੇ ਸਨ। ਇਸ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਾਦਤ ਨੂੰ ਕਲਯੁੱਗ ਦੀ ਮਹਾਨ ਘਟਨਾ ਕਿਹਾ

ਹੈ ।

**4. ਧਾਰਮਿਕ ਅਜ਼ਾਦੀ:-** ਗੁਰੂ ਸਾਹਿਬ ਦੀ ਸ਼ਹਾਦਤ ਨੇ ਮੁਗਲਾਂ ਦੇ ਜ਼ਬਰਦਸਤੀ ਧਰਮ ਬਦਲਣ ਦੇ ਪ੍ਰੋਗਰਾਮ ਨੂੰ ਠੱਲ ਪਾਈ। ਹਿੰਦੂ ਧਰਮ ਦੇ ਪੈਰੋਕਾਰਾਂ ਦੀ ਧਾਰਮਿਕ ਭਾਵਨਾ ਅਤੇ ਆਜ਼ਾਦੀ ਕਾਇਮ ਰਹੀ। ਔਰੰਗਜ਼ੇਬ ਹਿੰਦੂਆਂ ਨੂੰ ਮੁਸਲਮਾਨ ਨਾ ਬਣਾ ਸਕਿਆ। ਉਨ੍ਹਾਂ ਦੀ ਸ਼ਹਾਦਤ ਨੇ ਹਿੰਦੂਆਂ ਨੂੰ ਬਲ ਦਿੱਤਾ ਅਤੇ ਉਹ ਇਸਲਾਮ ਗ੍ਰਹਿਣ ਕਰਨ ਦੀ ਥਾਂ ਮੁਗਲ ਸਰਕਾਰ ਦੀਆਂ ਗਲਤ ਪੂਰਨ ਨੀਤੀਆਂ ਦਾ ਵਿਰੋਧ ਕਰਨ ਲੱਗੇ। ਇਸ ਤਰ੍ਹਾਂ ਹਿੰਦੂ ਇਸਲਾਮ ਵਿੱਚ ਜ਼ਬਰਦਸਤੀ ਜਜ਼ਬ ਹੋਣ ਤੋਂ ਬੱਚ ਗਏ।

**5. ਸਵੈ-ਬਲਿਦਾਨ ਦੀ ਭਾਵਨਾ:-** ਇਸ ਸ਼ਹਾਦਤ ਨੇ ਕੁਰਬਾਨੀਆਂ ਦਾ ਇੱਕ ਲੜੀਵਾਰ ਸਿਲਸਿਲਾ ਸ਼ੁਰੂ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਆਪਣੇ ਚਾਰੇ ਪੁੱਤਰ ਧਰਮ ਲਈ ਕੁਰਬਾਨ ਕਰ ਦਿੱਤੇ। ਇਸ ਤੋਂ ਬਾਅਦ ਬੰਦਾ ਸਿੰਘ ਬਹਾਦਰ, ਬੋਤਾ ਸਿੰਘ ਸੰਧੂ, ਭਾਈ ਮਨੀ ਸਿੰਘ ਅਤੇ ਹਕੀਕਤ ਰਾਏ ਨੇ ਸਿੱਖ ਧਰਮ ਵਾਸਤੇ ਆਪਣੀਆਂ ਕੁਰਬਾਨੀਆਂ ਦਿੱਤੀਆਂ। ਸਿੱਖਾਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਆਜ਼ਾਦੀ ਦਾ ਜੀਵਨ ਜਿਉਣਾ ਹੀ ਮਨੁੱਖ ਦਾ ਧਰਮ ਹੈ।

**ਪਾਠ ਨੰਬਰ : 2.3**

# ਉਦਾਸੀ ਸੰਪ੍ਰਦਾਇ ਦਾ ਆਰੰਭ, ਵਿਕਾਸ ਅਤੇ ਵਿਸ਼ੇਸ਼ ਸਿਧਾਂਤ

ਜਗਤ ਹਿੱਤਕਾਰੀ ਸਤਿਗੁਰੂ ਨਾਨਕ ਦੇਵ ਜੀ (1469 ਈ. - 1539 ਈ.) ਦੁਆਰਾ ਚਲਾਏ ਗਏ ਨਿਰਮਲ ਪੰਥ (ਸਿੱਖ ਧਰਮ) ਦੇ ਅੰਤਰਗਤ ਸਮੇਂ ਦੇ ਫੇਰ ਨਾਲ ਕਈ ਨਿੱਕੇ-ਨਿੱਕੇ ਪੰਥ/ਮਤ ਉਤਪੰਨ ਹੋਏ। ਇਨ੍ਹਾਂ ਵਿਚੋਂ ਉਦਾਸੀ ਮੱਤ ਇਕ ਅਜਿਹਾ ਬਲਵਾਨ ਅਤੇ ਪ੍ਰਭਾਵਸ਼ਾਲੀ ਭੇਖ ਹੈ ਜੋ ਨਿਰੰਤਰ ਵਿਕਸਿਤ ਹੁੰਦਾ ਰਿਹਾ। ਇਸ ਮੱਤ ਦੇ ਵਿਕਾਸ ਦਾ ਮੁੱਖ ਕਾਰਨ ਬਾਬਾ ਸ੍ਰੀ ਚੰਦ ਜੀ ਦੀ ਮਹਾਨ ਸ਼ਖ਼ਸੀਅਤ, ਸ਼ੁੱਧ ਆਚਰਣ ਅਤੇ ਅਧਿਆਤਮਿਕ ਪ੍ਰਾਪਤੀਆਂ ਸਨ ਜੋ ਸਦਾ ਹੀ ਮਾਨਵ ਮਨ ਨੂੰ ਆਦਰਸ਼ਕ ਜੀਵਨ ਬਤੀਤ ਕਰਨ ਲਈ ਪ੍ਰੇਰਣਾ ਦਿੰਦੀਆਂ ਰਹਿਣਗੀਆਂ। ਕਈ ਵਿਦਵਾਨ ਬਾਬਾ ਸ੍ਰੀ ਚੰਦ ਜੀ ਨੂੰ ਉਦਾਸੀ ਸੰਪ੍ਰਦਾਇ ਦਾ ਮੋਢੀ ਮੰਨਦੇ ਹਨ।

ਉਦਾਸੀ ਪਦ ਅਨੇਕਾਰਥੀ ਹੈ। ਇਸ ਪਦ ਦਾ ਮੂਲ ਸੰਸਕ੍ਰਿਤ ਦੇ ਸ਼ਬਦ 'ਉਦਾਸ' ਨਾਲ ਹੈ ਜਿਸ ਦੇ ਕੋਸ਼ਗਤ ਅਰਥ ਇਹ ਹਨ - ਬੇਲਾਗ, ਬੀਤਰਾਗ, ਨਿਰਪੇਖ, ਵਿਰਕਤ, ਵਿਰਾਗੀ, ਇਕ ਸਾਧੂ ਸਮਾਜ, ਉਦਾਸੀ ਮੱਤ, ਨਾਨਕਸ਼ਾਹੀ ਸਾਧੂ।

## ਸੰਪ੍ਰਦਾਇ ਦੇ ਮੋਢੀ

ਸ੍ਰੀ ਗੁਰੂ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਲਿਖਤਾਂ ਅਨੁਸਾਰ ਉਦਾਸੀ ਸੰਪ੍ਰਦਾਇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਵੀ ਕਾਇਮ ਸੀ ਪਰ ਬਾਬਾ ਸ੍ਰੀ ਚੰਦ ਜੀ ਨੇ ਇਸ ਨੂੰ ਨਵੀਂ ਦਿਸ਼ਾ ਦਿੱਤੀ। ਬਾਬਾ ਸ੍ਰੀ ਚੰਦ ਜੀ ਇਕ ਮਹਾਨ ਜਤੀ, ਹਠੀ ਅਤੇ ਤਪਸਵੀ ਮਹਾਂ-ਪੁਰਖ ਸਨ। ਆਪ ਦਾ ਜਨਮ ਭਾਦਰੋਂ ਸ਼ੁਦੀ ਨੌਵੀਂ ਵਾਲੇ ਦਿਨ ਵਿਕਰਮ, ਸੰਮਤ 1551 (1494 ਈ.) ਨੂੰ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਖੇ ਮਾਤਾ ਸੁਲਖਣੀ ਦੀ ਕੁੱਖੋਂ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਹੋਇਆ। ਉਸ ਵੇਲੇ ਗੁਰੂ ਦੇਵ ਜੀ ਸੁਲਤਾਨਪੁਰ ਲੋਧੀ ਦੇ ਸਥਾਨਕ ਹਾਕਮ ਦੌਲਤ ਖਾਨ ਲੋਧੀ ਦੇ ਮੋਦੀ-ਖਾਨੇ ਵਿਚ ਕੰਮ ਕਰਦੇ ਸਨ। ਆਪਣੀ ਨੌਕਰੀ ਦੇ ਨਾਲ ਨਾਲ ਗੁਰੂ ਜੀ ਅਕਾਲ ਪੁਰਖ ਦੀ ਯਾਦ ਵਿਚ ਲੀਨ ਰਹਿ ਕੇ ''ਸਤਿਨਾਮ'' ਦਾ ਉਚਾਰਨ ਕਰਦੇ ਸਨ। ਸਾਖੀਕਾਰਾਂ ਦਾ ਕਥਨ ਹੈ ਕਿ ਅਨਾਜ ਤੋਲਣ ਸਮੇਂ ਜਦ ਆਪ ''ਤੇਰਾਂ'' ਦੀ ਗਿਣਤੀ ਤੇ ਪੁੱਜਦੇ ਤਾਂ ''ਤੇਰਾਂ ਤੇਰਾਂ'' ਨੂੰ ਦੁਹਰਾਉਣ ਲੱਗ ਜਾਂਦੇ ਸਨ। ਗੁਰੂ ਜੀ ਦੀ ਇਸ ਅਧਿਆਤਮਿਕ ਉਚਤਾ ਦਾ ਪ੍ਰਭਾਵ ਬਾਲਕ ਸ੍ਰੀ ਚੰਦ ਦੇ ਮਨ ਤੇ ਬਹੁਤ ਡੂੰਘਾ ਪਿਆ। ਉਸ ਨੇ ਬਚਪਨ ਤੋਂ ਹੀ ਪਿਤਾ ਵਾਂਗ ''ਸਤਿਨਾਮ'' ਦਾ ਅਭਿਆਸ ਕਰਨਾ ਆਰੰਭ ਕਰ ਦਿੱਤਾ।

ਸਾਖੀਕਾਰਾਂ ਦਾ ਕਥਨ ਹੈ ਕਿ ਸ੍ਰੀ ਚੰਦ ਬਾਲਪਨ ਤੋਂ ਇਕ ਅਸਾਧਾਰਨ ਬਾਲਕ ਸੀ। ਜਨਮ ਸਮੇਂ ਉਸ ਦੇ ਸਰੀਰ ਉਪਰ ਸਾਧੂਆਂ ਵਾਂਗ ਰਾਖ ਮਲੀ ਹੋਈ ਸੀ, ਕੇਸ ਲੰਮੇ ਸਨ ਅਤੇ ਕੰਨਾਂ ਵਿਚ ਮਾਸ ਦੀਆਂ ਮੁੰਦਰਾਂ ਸਨ। ਇਹ ਸਾਰੇ ਚਿੰਨ੍ਹ, ਇਕ ਤਰ੍ਹਾਂ ਨਾਲ ਉਸ ਦੇ ਇਕ ਮਹਾਨ ਸਾਧੂ ਬਣਨ ਵੱਲ ਸੰਕੇਤ ਸਨ। ਬਾਲਕ ਸ੍ਰੀ ਚੰਦ ਦੀਆਂ ਮਾਨਸਿਕ ਰੁਚੀਆਂ ਸਾਧਾਰਣ ਬਾਲਕਾਂ ਨਾਲੋਂ ਵੱਖਰੀਆਂ ਸਨ। ਸੰਸਾਰਕ ਪਦਾਰਥਾਂ ਲਈ ਉਸ ਨੂੰ ਕੋਈ ਮੋਹ ਨਹੀਂ ਸੀ। ਉਹ ਸਦਾ ਇਕਾਂਤਵਾਸੀ ਸ਼ਾਂਤਚਿਤ ਹੋ ਕੇ ਅਕਾਲ ਪੁਰਖ ਦੇ ਧਿਆਨ ਵਿਚ ਮਗਨ ਰਹਿੰਦਾ ਸੀ। ਇਸੇ ਕਾਰਨ ਉਸ ਨੇ ਬਾਲ-ਜਤੀ ਰਹਿ ਕੇ, ਤਪ ਤਿਆਗ, ਸੰਜਮ ਤੇ ਨਾਮ-ਸਾਧਨਾ ਵਾਲਾ ਉਪਕਾਰੀ ਜੀਵਨ ਬਤੀਤ ਕਰਨ ਦਾ ਨਿਰਣਾ ਕਰ ਲਿਆ।

ਬਾਬਾ ਸ੍ਰੀ ਚੰਦ ਜੀ ਦੇ ਜੀਵਨ ਸਮਾਚਾਰਾਂ ਨੂੰ ਜਦ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਇਹ ਪਤਾ ਚਲਦਾ ਹੈ ਕਿ ਆਪ ਨੇ ਆਪਣੇ ਪੂਜਨੀਕ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦੇਸ਼ਾਂ ਨੂੰ ਅਮਲੀ ਰੂਪ ਦੇਣ ਲਈ ਕਠੋਰ ਤਪੱਸਿਆ ਅਤੇ ਕਰੜੇ ਅਨੁਸ਼ਾਸਨ ਵਿਚ ਰਹਿ ਕੇ ਦੀਨਾਂ, ਦੁਖੀਆਂ ਅਤੇ ਦਰਦਮੰਦਾਂ ਦੀ ਸਹਾਇਤਾ ਕੀਤੀ। ਬਾਬਾ ਸ੍ਰੀ ਚੰਦ ਜੀ ਦੇ ਜੀਵਨ ਦਾ ਮਨੋਰਥ ਪਰਉਪਕਾਰ ਸੀ। ਇਕ ਆਮ ਸਾਧੂ/ਸੰਨਿਆਸੀ ਵਾਂਗ ਉਹ ਕੇਵਲ ਨਿੱਜੀ ਮੁਕਤੀ ਦੇ ਸੁਆਰਥ ਨੂੰ ਮੁੱਖ ਰੱਖ ਕੇ ਜੀਵਨ ਬਤੀਤ ਕਰਨਾ ਪਸੰਦ ਨਹੀਂ ਕਰਦੇ ਸਨ। ਆਪਣੇ ਪਿਤਾ ਵਾਂਗ ਉਹ ਜਨ-ਕਲਿਆਣ ਨਾਲ ਸੰਬੰਧਿਤ ਕਾਰਜਾਂ ਵਿਚ ਵਧੇਰੇ ਉਤਸ਼ਾਹ ਨਾਲ ਲੋੜਵੰਦਾਂ ਦੀ ਅਗਵਾਈ ਕਰਨੀ ਆਪਣਾ ਫਰਜ਼ ਸਮਝਦੇ ਸਨ। ਅਧਿਆਤਮਿਕ ਸਾਧਨਾ ਦੁਆਰਾ ਉਨ੍ਹਾਂ ਨੇ ਜੋ ਚਮਤਕਾਰੀ ਸ਼ਕਤੀਆਂ ਪ੍ਰਾਪਤ ਕੀਤੀਆਂ ਸਨ, ਉਨ੍ਹਾਂ ਦਾ ਲਾਭ ਵਧੇਰੇ ਕਰਕੇ ਪੀੜਤ, ਦੁਖੀ ਤੇ ਰੋਗੀ ਜਨਤਾ ਲਈ ਸੀ। ਉਹ ਜਨ-ਸਾਧਾਰਣ ਨੂੰ ਤਪ ਅਤੇ ਤਿਆਗ ਵਾਲਾ ਜੀਵਨ ਬਤੀਤ ਕਰਨ ਲਈ ਪ੍ਰੇਰਨਾ ਦਿੰਦੇ। ਉਨ੍ਹਾਂ ਦਾ ਦ੍ਰਿੜ੍ਹ ਵਿਚਾਰ ਸੀ ਕਿ ਸਾਧਨਾ ਇਕ ਗੰਭੀਰ ਅਤੇ ਨੇਮ ਨਾਲ ਅਭਿਆਸ ਕਰਨ ਵਾਲਾ ਕਰਮ ਹੈ। ਸੰਸਾਰ ਵਿਚ ਕੰਵਲ ਫੁੱਲ ਵਾਂਗ ਬੇਲਾਗ ਹੋ ਕੇ ਸੇਵਾ ਤੇ ਸਿਮਰਨ ਵਾਲਾ ਨਿਸ਼ਕਾਮ ਜੀਵਨ ਬਤੀਤ ਕਰਨਾ ਮਨੁੱਖ ਦਾ ਧਰਮ ਹੈ। ਆਪ ਦਾ ਦ੍ਰਿੜ੍ਹ ਵਿਚਾਰ ਸੀ ਕਿ ਸੰਸਾਰ ਦੀਆਂ ਜ਼ਿੰਮੇਵਾਰੀਆਂ ਨੂੰ ਤਿਆਗ ਕੇ ਜੀਵਨ ਬਤੀਤ ਕਰਨਾ ਉਚਿਤ ਹੈ।

ਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਜੀਵਾਂ ਦੇ ਉਪਕਾਰ ਲਈ ਉਦਾਸੀਆਂ ਕੀਤੀਆਂ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :

> ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ ।।
> ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ।।
> ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ ।।
> ਚੜਿਆ ਸੋਧਣਿ ਧਰਤ ਲੁਕਾਈ ।। (ਵਾਰ 1, 24)

ਇਸੇ ਆਸ਼ੇ ਨੂੰ ਮੁੱਖ ਰੱਖਦੇ ਹੋਏ ਬਾਬਾ ਸ੍ਰੀ ਚੰਦ ਜੀ ਨੇ ਲਗਭਗ ਉਨ੍ਹਾਂ ਸਾਰੇ ਤੀਰਥਾਂ, ਨਗਰਾਂ ਅਤੇ ਥਾਵਾਂ ਤੇ ਪੈਦਲ ਜਾ ਕੇ ਵਹਿਮਾਂ, ਭਰਮਾਂ ਅਤੇ ਅੰਧਕਾਰ ਵਿਚ ਫਸੀ ਹੋਈ ਲੋਕਾਈ ਨੂੰ ਪਵਿੱਤਰ ਤੇ ਉਪਕਾਰੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਪੰਡਿਤਾਂ ਤੇ ਮੌਲਵੀਆਂ ਵੱਲੋਂ ਪੈਦਾ ਕੀਤੇ ਗਏ ਵੱਖਵਾਦ ਤੋਂ ਉਪਰ ਉਠ ਕੇ ਆਪਸੀ ਪ੍ਰੇਮ ਅਤੇ ਸ਼ਾਂਤੀ ਵਾਲਾ ਜੀਵਨ ਬਤੀਤ ਕਰਨ ਉਪਰ ਬਾਬਾ ਸ੍ਰੀ ਚੰਦ ਜੀ ਨੇ ਬਲ ਦਿੱਤਾ। ਬਾਬਾ ਸ੍ਰੀ ਚੰਦ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ 30 (ਤੀਹ) ਸਾਲ ਪਦ-ਯਾਤਰਾ ਕੀਤੀ। ਇਸ ਯਾਤਰਾ ਸਮੇਂ ਆਪ ਨੇ ਹਿੰਦੂ ਧਰਮ ਦੇ ਅਨੁਯਾਈਆਂ ਨੂੰ ਮੁਸਲਮਾਨ ਹਾਕਮਾਂ ਵੱਲੋਂ ਕੀਤੇ ਜਾ ਰਹੇ ਜ਼ੁਲਮ ਤੇ ਜਬਰ ਤੋਂ ਬਚਾਇਆ। ਕਸ਼ਮੀਰ, ਸਿੰਧ, ਪਿਸ਼ਾਵਰ, ਕਾਬਲ ਆਦਿ ਸੂਬਿਆਂ ਦੇ ਮੁਸਲਮਾਨ ਹਾਕਮ ਹਿੰਦੂ ਜਨਤਾ ਨੂੰ ਇਸਲਾਮ ਵਿਚ ਪ੍ਰਵੇਸ਼ ਕਰਨ ਲਈ ਮਜ਼ਬੂਰ ਕਰ ਰਹੇ ਸਨ। ਇਨ੍ਹਾਂ ਪ੍ਰਾਂਤਾਂ ਦੇ ਹਿੰਦੂ ਬਾਬਾ ਸ੍ਰੀ ਚੰਦ ਜੀ ਪਾਸ ਸਹਾਇਤਾ ਲਈ ਆਏ। ਆਪ ਨੇ ਥਾਂ ਥਾਂ ਤੇ ਜਾ ਕੇ ਮੁਸਲਮਾਨ ਹਾਕਮਾਂ ਨੂੰ ਆਪਣੀ ਚਮਤਕਾਰੀ ਸ਼ਕਤੀ ਨਾਲ ਪ੍ਰਭਾਵਿਤ ਕਰਕੇ ਉਨ੍ਹਾਂ ਤੋਂ ਪ੍ਰਣ ਲਏ ਕਿ ਉਹ ਹਿੰਦੂਆਂ ਨੂੰ ਹਰ ਪ੍ਰਕਾਰ ਨਾਲ ਧਾਰਮਿਕ ਆਜ਼ਾਦੀ ਦੇ ਕੇ ਉਨ੍ਹਾਂ ਦੀ ਰੱਖਿਆ ਕਰਨਗੇ। ਅੱਜ ਇਨ੍ਹਾਂ ਸਾਰੀਆਂ ਥਾਵਾਂ ਉਪਰ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿਚ ਧਰਮਸ਼ਾਲਾਂ ਕਾਇਮ ਹਨ ਜਿਥੇ ਅੱਜ ਵੀ ''ਸਤਿਨਾਮ'' ਦਾ ਪ੍ਰਚਾਰ ਜਾਰੀ ਹੈ। ਬਾਬਾ ਸ੍ਰੀ ਚੰਦ ਜੀ ਦੇ ਬਚਨ ਹਨ ਕਿ ਵਾਸਤਵ ਵਿਚ ਧਨਵਾਨ ਉਹ ਹੈ ਜਿਸ ਦਾ ਮਨ ਦੂਜਿਆਂ ਦੀ ਸੇਵਾ ਤੇ ਭਲਾਈ ਲਈ ਤਤੱਪਰ ਰਹਿੰਦਾ ਹੈ।

## ਬਾਬਾ ਸ੍ਰੀ ਚੰਦ ਜੀ ਦੀ ਸਿੱਖਿਆ ਦਾ ਸਾਰ

ਮਾਨਵ ਜੀਵਨ ਨੂੰ ਉਪਕਾਰੀ ਤੇ ਗੁਣਕਾਰੀ ਬਣਾਉਣ ਲਈ ਬਾਬਾ ਸ੍ਰੀ ਚੰਦ ਜੀ ਨੇ ਜੋ ਮਾਤਰਾ ਰਚੀ, ਉਹ

ਆਪਣੇ ਆਪ ਵਿਚ ਇਕ ਸੰਪੂਰਣ ਦਸਤਾਵੇਜ਼ ਹੈ। ਇਸ ਮਾਤਰਾ ਨੂੰ ਪਰਮਾਰਥ ਵਿਕਾਸ ਦਾ ਪਾਠ ਸਮਝ ਕੇ ਬਾਬਾ ਸ੍ਰੀ ਚੰਦ ਜੀ ਦੇ ਸੇਵਕ ਅਰਥਾਤ ਉਦਾਸੀ ਸੰਤ ਯਾਦ ਕਰਕੇ ਇਨ੍ਹਾਂ ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨ ਦਾ ਯਤਨ ਕਰਦੇ ਹਨ। ਤੱਤ-ਗਿਆਨ ਦੀ ਪ੍ਰਾਪਤੀ ਲਈ ਇਹ ਰਚਨਾ ਬੜੀ ਮਹੱਤਵਪੂਰਨ ਹੈ। ਸੰਖੇਪ ਵਿਚ ਇਨ੍ਹਾਂ ਤੱਥਾਂ ਉਪਰ ਬਲ ਦਿੱਤਾ ਗਿਆ ਹੈ।

1. ਸੰਸਾਰ ਤੋਂ ਵਿਰਕਤ ਰਹਿ ਕੇ ਤਪ ਤਿਆਗ ਕਰਨਾ।
2. ਨਾਮ ਸਿਮਰਨ (ਕੇਵਲ ਅਕਾਲ ਪੁਰਖ ਦਾ ਸਿਮਰਨ ਕਰਨਾ ਹੈ)।
3. ਗ੍ਰਿਹਸਤ ਤੋਂ ਨਿਰਪੇਖ ਹੋ ਕੇ ਪਵਿੱਤਰ ਜੀਵਨ ਬਤੀਤ ਕਰਨਾ।
4. ਪਰਉਪਕਾਰ ਲਈ ਤੱਤਪਰ ਰਹਿਣਾ।
5. ਅਧਿਆਤਮਿਕ ਮਾਰਗ ਲਈ ਕ੍ਰਿਆਸ਼ੀਲ ਰਹਿਣਾ।

ਮਾਤਰਾ ਸਾਹਿਬ ਦਾ ਪਾਠ ਇਸ ਪ੍ਰਕਾਰ ਹੈ।

ਕਹੁ ਰੇ ਬਾਲੇ ਕਿਨ ਮੁੰਡਿਆ,
ਕਿਨ ਮੁੰਡਾਇਆ ।।
ਕਿਸ ਕਾ ਭੇਜਿਆ, ਨਗਰੀ ਆਇਆ ।।
ਸਤਿਗੁਰ ਮੁੰਡਿਆ, ਲੇਖ ਮੁੰਡਾਇਆ ।।
ਗੁਰੂ ਕਾ ਭੇਜਿਆ, ਨਗਰੀ ਆਇਆ ।।
ਚੇਤੋ ਨਗਰੀ, ਤਾਰੋ ਗਾਮ ।।
ਅਲਖ ਪੁਰਖ ਕਾ ਸਿਮਰੋ ਨਾਮ ।।
ਗੁਰੂ ਅਬਿਨਾਸ਼ੀ ਖੇਲ ਰਚਾਇਆ ।।
ਅਗਮ ਨਿਗਮ ਕਾ ਪੰਥ ਬਤਾਇਆ ।।
ਗਿਆਨ ਦੀ ਗੋਦੜੀ ਖਿਮਾ ਦੀ ਟੋਪੀ ।।
ਜਤ ਕਾ ਆੜਬੰਦ ਸ਼ੀਲ ਲੰਗੋਟੀ ।।2।।
ਅਕਾਲ ਖਿੰਥਾ ਨਿਰਾਸ ਝੋਲੀ ।।
ਜੁਗਤ ਕਾ ਟੋਪ ਗੁਰਮੁਖੀ ਬੋਲੀ ।।3।।
ਭਰਮ ਦਾ ਚੋਲਾ ਸਤ ਕੀ ਸੇਲੀ।
ਮਰਯਾਦਾ ਮੇਖਲੀ ਲੈ ਗਏ ਮੇਲੀ ।।4।।
ਧਿਆਨ ਕਾ ਬਟੂਆ ਨਿਰਤ ਕਾ ਸੂਈਦਾਨ ।।
ਬ੍ਰਹਮ ਅੰਚਲਾ ਲੈ ਪਹਿਰੇ ਸੁਜਾਨ ।।5।।
ਬਹੁਰੰਗ ਮੋਰ ਛੜ ਨਿਰਲੇਪ ਦ੍ਰਿਸ਼ਟੀ ।।
ਨਿਰਭਉ ਜੰਗ ਡੋਰਾ ਨਾ ਕੋ ਦੁਸ਼ਟੀ ।।6।।
ਜਾਪ ਲੰਗੋਟਾ ਸਿਫਤ ਉਡਾਨੀ ।।
ਸਿੰਙੀ ਸ਼ਬਦ ਅਨਾਹਦ ਗੁਰਬਾਣੀ ।।7।।

ਸਰਨ ਕਾ ਮੁੰਦ੍ਰਾ, ਸ਼ਿਵ ਵਿਭੂਤਾ ।।
ਹਰਿ ਭਗਤ ਮਿਗਾਨੀ ਲੈ ਪਹਿਰੇ ਗੁਰ ਪੂਤਾ ।।8।।
ਸੰਤੋਖ ਸੂਤ ਵਿਵੇਕ ਧਾਗੇ ।।
ਅਨੇਕ ਟੱਲੀ ਤਾਹਿ ਲਾਗੇ ।।9।।
ਸੁਰਤ ਕੀ ਸੂਈ ਲੈ ਸਤਿਗੁਰ ਸੀਵੇ ।।
ਜੋ ਰਾਖੇ ਸੋ ਨਿਰਭਉ ਥੀਵੇ ।।10।।
ਸਾਹ, ਸੁਪੈਦ, ਜਰਦ, ਸੁਰਖਾਈ ।।
ਜੋ ਲੈ ਪਹਿਰੇ ਸੋ ਗੁਰਭਾਈ ।।11।।
ਤ੍ਰੈਗੁਣ ਚਕਮਕ ਅਗਨ ਮਥ ਪਾਈ ।।
ਦੁਖ ਸੁਖ ਧੂਣੀ ਦੇਹ ਜਲਾਈ ।।12।।
ਸੰਜਮ ਕ੍ਰਿਪਾਲੂ ਸੋਭਾ ਧਾਰੀ ।।
ਚਰਨ ਕੰਵਲ ਮਹਿ ਸੁਰਤ ਹਮਾਰੀ ।।13।।
ਭਾਉ ਭੋਜਨ ਅੰਮ੍ਰਿਤ ਕਰ ਪਾਇਆ ।।
ਭਲਾ ਬੁਰਾ ਨਹੀਂ ਮੰਨ ਵਸਾਇਆ ।।14।।
ਪਾਤਰ ਵਿਚਾਰ ਫਰੂਆ ਬਹੁ ਗੁਣਾ ।।
ਕਰਮੰਡਲ ਤੂੰਬਾ ਕਿਸ਼ਤੀ ਘਣਾ ।।15।।
ਅੰਮ੍ਰਿਤ ਪਿਆਲਾ ਉਦਕ ਮਨ ਦਇਆ ।।
ਜੋ ਪੀਵੇ ਸੋ ਸੀਤਲ ਭਇਆ ।।16।।
ਇੜਾ ਮੈਂ ਆਵੈ ਪਿੰਗਲਾ ਮੈਂ ਧਾਵੈ ।।
ਸੁਖਮਨਾ ਕੇ ਘਰ ਸਹਿਜ ਸਮਾਵੈ ।।17।।
ਨਿਰਾਸ ਮੱਥ ਨਿਰੰਤਰ ਧਿਆਨ ।।
ਨਿਰਭਉ ਨਗਰੀ ਗੁਰ ਦੀਪਕ ਗਿਆਨ ।।18।।
ਅਰਥਿਰ ਰਿੱਧ ਅਮਰਪਦ ਦੰਡਾ ।।
ਧੀਰਜ ਫਹੁੜੀ ਤਪ ਕਰ ਪੰਜਾ ।।19।।
ਵਸ ਕਰ ਆਸਾ ਸਮ ਦ੍ਰਿਸ਼ਟ ਚੌਗਾਨ ।।
ਹਰਖ ਸੋਗ ਮਨਿ ਮਹਿ ਨਹੀਂ ਆਨ ।।20।।
ਸਹਿਜ ਵੈਰਾਗੀ ਕਰੇ ਵੈਰਾਗ ।।
ਮਾਯਾ ਮੋਹਣੀ ਸਗਲ ਤਿਆਗ ।।21।।
ਨਾਮ ਕੀ ਪਾਖਰ ਪਵਨ ਕਾ ਘੋੜਾ ।।
ਨਿਹ ਕਰਮ ਜੀਨ ਤਤ ਕਾ ਜੋੜਾ ।।22।।

ਨਿਰਗੁਣ ਢਾਲ ਗੁਰ ਸ਼ਬਦ ਕਮਾਨ ।।
ਅਕਲ ਸੰਜੋਯ ਪ੍ਰੀਤ ਕੇ ਬਾਨ ।।23।।
ਅਕਲ ਕੀ ਬਰਛੀ ਗੁਣਾਂ ਕੀ ਕਟਾਰੀ ।।
ਮਨ ਕੋ ਮਾਰ ਕਰੋ ਅਸਵਾਰੀ ।।24।।
ਬਿਖਮ ਗੜ ਤੋੜ ਨਿਰਭਉ ਘਰ ਆਵੈ ।।
ਨੌਬਤ ਸੰਖ ਨਗਾਰਾ ਆਵੈ ।।25।।
ਗੁਰ ਅਬਿਨਾਸੀ ਸੂਖਮ ਵੇਦ ।।
ਨਿਰਬਾਣ ਵਿਦਿਯਾ ਅਪਾਰ ਭੇਦ ।।26।।
ਅਖੰਡ ਜਨੇਊ ਨਿਰਮਲ ਧੋਤੀ ।।
ਸੋਹੰ ਜਾਪ ਸਚ ਮਾਲ ਪਰੋਤੀ ।।27।।
ਸਿਖਿਆ ਗੁਰ ਮੰਤਰ ਗਾਇਤ੍ਰੀ ਹਰਿਨਾਮ ।।
ਨਿਹਚਲ ਆਸਨ ਕਰ ਬਿਸਰਾਮ ।।28।।
ਤਿਲਕ ਸੰਪੂਰਣ ਤਰਪਣ ਜਸ ।।
ਪੂਜਾ ਪ੍ਰੇਮ ਭੋਗ ਮਹਾ ਰਸ ।।29।।
ਨਿਰਵੈਰ ਸੰਧਿਆ ਦਰਸ਼ਨ ਛਾਪਾ ।।
ਵਾਦ ਵਿਵਾਦ ਮਿਟਾਵੇ ਆਪਾ ।।30।।
ਪੀਤ ਪੀਤਾਂਬਰ ਮਨ ਮ੍ਰਿਗਸ਼ਾਲਾ ।।
ਚੀਤ ਚੀਤਾਂਬਰ ਰੁਣ ਝੁਣ ਮਾਲਾ ।।31।।
ਬੁਧ ਬਾਘੰਬੁਰ ਕਲਾ ਪੋਸਤੀਨ ।।
ਖੋਸ ਖੜਾਵਾਂ ਏਹ ਮਤਿ ਲੀਨ ।।32।।
ਤੋੜਾ ਚੂੜਾ ਔਰ ਜੰਜੀਰ ।।
ਲੈ ਪਹਿਰੇ ਨਾਨਕ ਸ਼ਾਹ ਫਕੀਰ ।।33।।
ਜਟਾ ਜੂਟ ਮੁਕਟ ਮਿਥ ਹੋਇ ।।
ਮੁਕਤਾ ਫਿਰੇ ਬੰਧਨ ਨਹੀਂ ਕੋਇ ।।34।।
ਨਾਨਕ ਪੂਤਾ ਸ੍ਰੀ ਚੰਦ ਬੋਲੇ ।।
ਜੁਗਤ ਪਛਾਣੇ ਤਤਿ ਵਿਰੋਲੇ ।।35।।
ਐਸੀ ਮਾਤ੍ਰਾ ਲੈ ਪਹਿਰੇ ਕੋਇ ।।
ਆਵਾ ਗਵਨ ਮਿਟਾਵੈ ਸੋਇ ।।36।।

ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪੂਜਨੀਕ ਪਿਤਾ ਸਤਿਗੁਰ ਨਾਨਕ ਦੇਵ ਦੀ ਉਸਤਤੀ ਵਿਚ ਆਰਤੀ ਉਚਾਰੀ ਸੀ, ਜਿਸ ਦਾ ਪਾਠ ਇਸ ਪ੍ਰਕਾਰ ਹੈ : - ਇਹ - ਆਰਤਾ ਕਰਕੇ ਪ੍ਰਸਿੱਧ ਹੈ।

ਆਰਤਾ ਕੀਜੇ ਨਾਨਕ ਸ਼ਾਹ ਪਾਤਸਾਹ ਕਾ
ਹਰਿ ਹਰਿ ਦੀਨ ਦੁਨੀ ਕੇ ਸ਼ਹਨਸ਼ਾਹ ਕਾ

1. ਚਾਰ ਕੁੰਟ ਜਾਕੀ ਧਰਮਸ਼ਾਲਾ
ਸੰਗਤ ਗਾਵੇ ਸ਼ਬਦ ਰਸਾਲਾ
2. ਕੋਟ ਦੇਵੀ ਜਾਕੀ ਜੋਤ ਜਗਾਵੇ
ਕੋਟ ਤੇਤੀਸ ਜਾਕੀ ਉਸਤੱਤ ਗਾਵੇ।
3. ਛਿਨਵੇ ਕਰੋੜ ਜਾਕੇ ਜੋਤ ਉਜਾਲੇ।
ਚੰਦ ਸੂਰਜ ਜਾਕੀ ਜੋਤ ਉਜਾਲੇ।
4. ਭਾਰ ਅਠਾਰਹਿ ਜਾਕੀ ਪਹੁਪ ਕੀ ਮਾਲਾ
ਪਰਮ ਜੋਤ ਸਤਿਗੁਰ ਦੀਨ ਦਯਾਲਾ
5. ਪਵਨ ਰਾਇ ਜਾਕਉ ਚਵਰ ਝੁਲਾਵੇ
ਰਿਖਿ ਮੁਨੀ ਜਾਕਉ ਧਿਆਨ ਲਗਾਵੇ।
6. ਪੰਜ ਪਰਵਾਨ ਹੈ ਸਤਿਗੁਰ ਪੂਰਾ
ਬਾਜੇ ਸ਼ਬਦ ਅਨਾਹਦ ਤੂਰਾ।
7. ਘੰਟਾ ਬਾਜੇ ਧੁਨ ਉਅੰਕਾਰਾ
ਅਧਰ ਅਖੰਡ ਜਾਕੋ ਝਿਲ ਮਿਲ ਕਾਰਾ।
8. ਸਤਿਨਾਮ ਹੈ ਸੋ ਸਤਿ ਸਾਰਾ
ਨਾਨਕ ਨਾਮ ਸੰਤਨ ਅਧਾਰਾ।
9. ਸ੍ਰੀ ਚੰਦ ਬਖਾਨ ਸਤਿਗੁਰ ਨਾਨਕ ਪੂਤਾ
ਅਗਮ ਅਗਾਧ ਅਡੋਲ ਅਵਧੂਤਾ।
10. ਜੋ ਨਾਨਕ ਸ਼ਾਹ ਕਾ ਆਰਤਾ ਗਾਵੇ
ਬਸੈ ਬੈਕੁੰਠ ਪਰਮ ਗਤ ਪਾਵੇ।
11. ਸਰਨ ਪਰੇ ਕੀ ਰਾਖ ਦਿਆਲਾ
ਨਾਨਕ ਤੁਮਰੇ ਬਾਲ ਗੁਪਾਲਾ।

## ਬਾਬਾ ਸ੍ਰੀ ਚੰਦ ਜੀ ਅਤੇ ਗੁਰੂ ਸਾਹਿਬਾਨ ਦੇ ਸਬੰਧ

ਸਿੱਖ ਸਾਹਿਤਿਕ ਸੋਮੇਂ ਇਸ ਗੱਲ ਦਾ ਸਪੱਸ਼ਟ ਉੱਲੇਖ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰੀਰਕ ਜਾਮਾ ਤਿਆਗਣ ਤੋਂ ਪਹਿਲਾਂ ਗੁਰਗੱਦੀ ਤੇ ਆਸੀਨ ਕਰਨ ਹਿੱਤ ਆਪਣੇ ਪੁੱਤਰਾਂ ਅਤੇ ਪ੍ਰਮੁੱਖ ਸਿੱਖਾਂ ਦੀ ਪ੍ਰੀਖਿਆ ਕਈ ਤਰੀਕਿਆਂ ਨਾਲ ਲਈ। ਉਨ੍ਹਾਂ ਦੇ ਦੋਵੇਂ ਪੁੱਤਰ ਨਾ ਸਿਰਫ ਉਨ੍ਹਾਂ ਦੇ ਹਰ ਹੁਕਮ ਨੂੰ ਪਾਲਣ ਤੋਂ ਇਨਕਾਰ ਕਰਦੇ ਸਗੋਂ ਗੁਰੂ-ਪਿਤਾ ਦੀ ਆਗਿਆ ਨੂੰ ਅਨੁਚਿਤ ਦੱਸ ਕੇ ਤ੍ਰਿਸਕਾਰ ਵੀ ਕਰਦੇ। ਸ੍ਰੀ ਗੁਰੂ ਜੀ ਨੇ ਜਦੋਂ ਗੁਰਗੱਦੀ ਗੁਰੂ ਅੰਗਦ ਦੇਵ ਜੀ ਨੂੰ ਦੇ ਦਿੱਤੀ ਤਾਂ ਵਿਰੋਧ-ਸਰੂਪ ਸ੍ਰੀ ਚੰਦ ਜੀ ਨੇ ਸਰੀਰ ਤੇ ਸੁਆਹ ਮਲ ਕੇ ਅਤੇ ਖਿੱਲਰੇ ਵਾਲਾਂ ਵਿਚ ਬਿਭੂਤ ਪਾ

ਕੇ ਨੰਗੇ ਸਰੀਰ ਸ਼ਮਸ਼ਾਨ ਭੂਮੀ ਵਿਚ ਆਸਣ ਲਾਇਆ ਅਤੇ ਇਥੋਂ ਉਦਾਸੀ ਮੱਤ ਦਾ ਆਰੰਭ ਹੋਇਆ। ਪੁੱਤਰਾਂ ਦੇ ਵਿਰੋਧ ਨੂੰ ਭਾਂਪਦਿਆਂ ਗੁਰੂ ਨਾਨਕ ਦੇਵ ਜੀ ਨੇ ਦੂਸਰੇ ਗੁਰੂ ਜੀ ਨੂੰ ਕਰਤਾਰਪੁਰ ਤੋ ਖਡੂਰ ਜਾਣ ਦੀ ਆਗਿਆ ਕੀਤੀ। ਫਿਰ ਭੀ ਬਾਬਾ ਸ੍ਰੀ ਚੰਦ ਜੀ ਨੇ ਗੁਰਗੱਦੀ ਦਾ ਵਿਰੋਧ ਜਾਰੀ ਰਖਿਆ। ਸ੍ਰੀ ਗੁਰੂ ਅਮਰਦਾਸ ਜੀ ਵੇਲੇ ਸਿੱਖ ਪੰਥ ਤੇ ਉਦਾਸੀ ਮੱਤ ਦੇ ਨਿਖੇੜੇ ਲਈ ਸ੍ਰੀ ਗੁਰੂ ਜੀ ਨੇ ਉਚੇਚੇ ਯਤਨ ਕੀਤੇ ਅਤੇ ਸਿੱਖਾਂ ਨੂੰ ਬਾਬਾ ਸ੍ਰੀ ਚੰਦ ਜੀ ਦੇ ਭ੍ਰਾਮਿਕ ਪ੍ਰਚਾਰ ਤੋਂ ਸੁਚੇਤ ਕੀਤਾ। ਗੁਰੂ ਰਾਮਦਾਸ ਦੀ ਲੰਮੀ ਦਾੜ੍ਹੀ ਤੇ ਬਾਬਾ ਜੀ ਨੇ ਕਿੰਤੂ-ਪ੍ਰੰਤੂ ਕੀਤਾ, ਪਰ ਸ੍ਰੀ ਗੁਰੂ ਜੀ ਦੀ ਨਿਮਰਤਾ ਕਾਰਨ ਉਹ ਇਹ ਹਕੀਕਤ ਨੂੰ ਸਮਝ ਗਏ ਕਿ ਵਾਸਤਵ ਵਿਚ ਅਧਿਆਤਮਿਕਤਾ ਗੁਰੂ ਦੀ ਸੱਚੀ ਬਖਸ਼ਿਸ਼ ਨਾਲ ਸਬੰਧਿਤ ਹੈ ਨਾ ਕਿ ਗੁਰੂ-ਪੁੱਤਰ ਹੋਣ ਨਾਲ। ਪੰਜਵੇਂ ਅਤੇ ਛੇਵੇਂ ਗੁਰੂ ਜੀ, ਬਾਬਾ ਸ੍ਰੀ ਚੰਦ ਜੀ ਦਾ, ਗੁਰੂ-ਪੁੱਤਰ ਹੋਣ ਕਰਕੇ ਸਤਿਕਾਰ ਕਰਦੇ ਰਹੇ ਪਰ ਉਹਨਾਂ ਨੇ ਸ੍ਰੀ ਚੰਦ ਜੀ ਦੀ ਧਾਰਮਿਕ ਸਾਧਨਾ ਉੱਤੇ ਕਦੇ ਪ੍ਰਵਾਨਗੀ ਦੀ ਮੁਹਰ ਨਹੀਂ ਲਗਾਈ। ਬਾਬਾ ਗੁਰਦਿੱਤਾ ਜੀ ਦਾ ਸ੍ਰੀ ਚੰਦ ਜੀ ਦੀ ਗੱਦੀ ਦੇ ਅਧੀਨ ਹੋ ਜਾਣਾ ਭੀ ਇਸ ਮੱਤ ਨੂੰ ਸਿੱਖ ਪੰਥ ਨਾਲ ਰਲਗੱਡ ਕਰਨ ਦੇ ਅਸਮਰੱਥ ਹੈ ਕਿਉਂਕਿ ਬਾਬਾ ਗੁਰਦਿੱਤਾ ਜੀ ਭੀ ਗੁਰੂ ਦੇ ਭਾਣੇ ਵਿਚ ਚੱਲਣ ਵਾਲੇ ਪੁੱਤਰ ਨਹੀਂ ਸਨ, ਇਹ ਗੱਲ ਮੁਹਸਿਨ ਫਾਨੀ ਦੀ ਲਿਖਤ ਵਿਚੋਂ ਸਪੱਸ਼ਟ ਹੋ ਜਾਂਦੀ ਹੈ। ਬਾਬਾ ਸ੍ਰੀ ਚੰਦ ਜੀ ਨੇ ਜਿਸ ਤਰ੍ਹਾਂ ਆਪਣੀ ਵੱਖਰੀ ਗੱਦੀ ਚਲਾਈ ਉਸ ਨੂੰ ਸਿੱਖ ਪੰਥ ਵਿਚ ਪ੍ਰਵਾਨਗੀ ਦੇਣੀ ਅਸੰਭਵ ਹੈ। ਪਿਛਲੇਰੇ ਗੁਰੂ ਪਾਤਸ਼ਾਹਾਂ ਦੇ ਉਦਾਸੀ ਮੱਤ ਨਾਲ ਸੰਬੰਧ ਠੀਕ ਰਹੇ ਅਤੇ ਖਾਲਸਈ ਸੰਘਰਸ਼ ਦੌਰਾਨ ਉਦਾਸੀ ਮੱਤ ਦੇ ਸੇਵਕਾਂ ਨੇ ਗੁਰਦੁਆਰਿਆਂ ਦੀ ਸਾਰ-ਸੰਭਾਲ ਵੀ ਕੀਤੀ ਪਰ ਗੁਰਦੁਆਰਿਆਂ ਵਿਚੋਂ ਗੁਰ-ਮਰਯਾਦਾ ਨੂੰ ਅਲੋਪ ਕਰ ਦੇਣ ਕਰਕੇ ਸਿੱਖਾਂ ਨੇ ਕੁਰਬਾਨੀ ਭਰਿਆ ਇਕ ਹੋਰ ਸੰਘਰਸ਼ ਕਰਕੇ ਗੁਰਦੁਆਰਿਆਂ ਨੂੰ ਉਦਾਸੀਆਂ ਮਹੰਤਾਂ ਤੋਂ ਮੁਕਤ ਕਰਵਾਇਆ। ਬਹੁਤ ਸਾਰੇ ਉਦਾਸੀਆਂ ਨੇ ਸਿਰਫ ਲਾਲਚ ਵਸ ਹੋ ਕੇ ਆਪਣੇ ਧਰਮ ਅਸਥਾਨਾਂ ਵਿਚੋਂ ਗੁਰੂ ਗ੍ਰੰਥ ਹਟਾ ਕੇ ਉਨ੍ਹਾਂ ਨੂੰ ਮੰਦਰਾਂ ਵਿਚ ਬਦਲ ਦਿੱਤਾ ਅਤੇ ਬਾਬਾ ਸ੍ਰੀ ਚੰਦ ਜੀ ਨੂੰ ਸ਼ਿਵ ਜੀ ਦਾ ਅਵਤਾਰ ਦੱਸ ਕੇ ਸਿੱਖ ਮੱਤ ਨਾਲੋਂ ਸੁਤੰਤਰ ਬਨਾਉਣ ਦਾ ਯਤਨ ਕੀਤਾ।

## ਉਦਾਸੀ ਸੰਪ੍ਰਦਾਇ ਦਾ ਵਿਕਾਸ

ਬਾਬਾ ਸ੍ਰੀ ਚੰਦ ਜੀ ਤੋਂ ਪਿਛੋਂ ਉਦਾਸੀ ਸੰਤਾਂ ਨੇ ਗੁਰੂ ਸਾਹਿਬਾਨ ਵਿਚ ਪੂਰਨ ਸ਼ਰਧਾ ਰੱਖ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਗੁਰੂ ਗੋਬਿੰਦ ਸਿੰਘ ਦੇ ਯੁੱਧਾਂ ਵਿਚ ਵੀ ਉਦਾਸੀ ਸੰਤ ਸੂਰਬੀਰ ਸਿਪਾਹੀਆਂ ਵਾਂਗ ਲੜਦੇ ਹੋਏ ਸ਼ਹੀਦ ਹੋਏ।

ਬਾਬਾ ਗੁਰਦਿੱਤਾ ਜੀ ਨੇ ਉਦਾਸੀ ਭੇਖ ਦੇ ਚਾਰ ਮੁਖੀ ਸੇਵਕਾਂ ਨੂੰ ਵੱਖ ਵੱਖ ਥਾਵਾਂ ਤੇ ਪ੍ਰਚਾਰ ਕਰਨ ਲਈ ਨਿਯੁਕਤ ਕੀਤਾ। ਇਨ੍ਹਾਂ ਦੇ ਨਾਉਂ ਸਨ ਬਾਲੂ ਹਸਨਾਂ, ਅਲਮਸਤ, ਫੂਲ ਸਾਹਿਬ ਅਤੇ ਗੋਇੰਦ ਸਾਹਿਬ। ਇਨ੍ਹਾਂ ਮਹਾਂਪੁਰਖਾਂ ਦੇ ਉਦਮ ਨਾਲ ਸਥਾਪਿਤ ਕੀਤੀਆਂ ਸ਼ਾਖਾਂ ਉਦਾਸੀ ਮੱਤ ਵਿਚ ''ਚਾਰ ਧੂੰਏ'' ਦੇ ਨਾਉਂ ਨਾਲ ਪ੍ਰਸਿੱਧ ਹਨ। ਇਨ੍ਹਾਂ ਦੇ ਅਸਥਾਨਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਬਾਲੂ ਹਸਨਾ .................... ਚਰਨ ਕੌਲ (ਆਨੰਦਪੁਰ ਸਾਹਿਬ ਦੇ ਨੇੜੇ)

ਅਲਮਸਤ ........................ ਨਾਨਕ ਮਤਾ

ਫੂਲ ਸਾਹਿਬ ...................... ਬਹਾਦੁਰਪੁਰ (ਜ਼ਿਲ੍ਹਾ ਹੁਸ਼ਿਆਰਪੁਰ)

ਗੋਇੰਦ ਸਾਹਿਬ ................... ਸੰਗਲ ਵਾਲਾ ਅਖਾੜਾ, ਅੰਮ੍ਰਿਤਸਰ

ਇਸੇ ਤਰ੍ਹਾਂ ਸਮੇਂ ਸਮੇਂ ਗੁਰੂ ਘਰ ਦੇ ਸੇਵਕ ਗੁਰੂ ਸਾਹਿਬਾਨ ਪਾਸੋਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਰਹੇ। ਉਦਾਸੀ ਮੱਤ ਵਿਚ ਛੇ ਬਖਸ਼ਿਸ਼ਾਂ ਅਤੇ ਅਨੇਕ ਉਪ-ਬਖਸ਼ਿਸ਼ਾਂ ਦਾ ਵਰਣਨ ਮਿਲਦਾ ਹੈ।

## ਛੇ ਬਖਸ਼ਿਸ਼ਾਂ

ਛੇ ਬਖਸ਼ਿਸ਼ਾਂ ਦੇ ਨਾਉਂ ਇਹ ਹਨ - ਭਗਤ ਭਗਵਾਨ ਜੀ, ਸੁਥਰੇ ਸ਼ਾਹ ਜੀ, ਸੰਗਤਿ ਸਾਹਿਬ, ਮੀਹਾਂ ਸਾਹਿਬ, ਬਖਤ ਮੱਲ ਜੀ ਅਤੇ ਜੀਤ ਮੱਲ ਜੀ।

ਅੱਜ ਉਦਾਸੀ ਸੰਤਾਂ ਦੀ ਗਿਣਤੀ ਵੀਹ ਹਜ਼ਾਰ (20,000) ਤੋਂ ਉਪਰ ਹੈ। ਉਦਾਸੀ ਸੰਤਾਂ ਦੇ ਪ੍ਰਚਾਰ ਸਦਕਾ ਇਸ ਵੇਲੇ ਕਈ ਪ੍ਰਸਿੱਧ ਡੇਰੇ ਹਨ ਜਿਨ੍ਹਾਂ ਦਾ ਬਿਉਰਾ ਇਸ ਪ੍ਰਕਾਰ ਹੈ :

| | ਸੰਸਥਾ ਦਾ ਠਾਂ | ਡੇਰਿਆਂ ਦੀ ਗਿਣਤੀ |
|---|---|---|
| 1. | ਬਾਲੂ ਹਸਨਾ | 403 |
| 2. | ਅਲਮਸਤ | 176 |
| 3. | ਫੂਲ ਸਾਹਿਬ | 36 |
| 4. | ਮੀਹਾਂ ਸਾਹਿਬ | 232 |
| 5. | ਭਗਤ ਭਗਵਾਨ ਸਾਹਿਬ | 8 |
| 6. | ਸੁਥਰੇ ਸਾਹਿਬ | 383 |
| 7. | ਦੀਵਾਨਾ ਸਾਹਿਬ | 20 |
| 8. | ਮਲਿਏ ਕੀ ਸੰਸਥਾ | 6 |

ਇਨ੍ਹਾਂ ਤੋਂ ਇਲਾਵਾ ਕਈ ਹੋਰ ਵੀ ਮਹੱਤਵਪੂਰਣ ਉਦਾਸੀ ਸੰਤਾਂ ਦੇ ਡੇਰੇ ਹਨ। ਉਦਾਸੀ ਸੰਪ੍ਰਦਾਇ ਦਾ ਵੱਡਾ ਅਖਾੜਾ ਅਲਾਹਾਬਾਦ ਹੈ। ਇਥੇ ਚਾਰ ਮਹੰਤ ਹਨ ਜੋ ਵੱਖ ਵੱਖ ਪ੍ਰਾਂਤਾਂ ਦੇ ਡੇਰਿਆਂ ਦੇ ਮੁੱਖੀ ਹਨ। ਕੰਨਖਲ (ਹਰਿਦੁਆਰ) ਵਿਖੇ ਵੀ ਵੱਡੇ ਅਖਾੜੇ ਦਾ ਦਫਤਰ ਹੈ। ਇਨ੍ਹਾਂ ਸਾਰੇ ਡੇਰਿਆਂ ਨਾਲ ਜਾਗੀਰਾਂ ਹਨ ਅਤੇ ਸਾਰੇ ਉਦਾਸੀ ਸੰਤ ਗੁਰਮਤਿ ਦਾ ਪ੍ਰਚਾਰ ਕਰਦੇ ਹਨ। ''ਸਤਿਨਾਮ'' ਦਾ ਗੁਰ ਮੰਤਰ ਦੇ ਕੇ ਨਾਮ ਜਪਾਉਂਦੇ ਹਨ। ਇਨ੍ਹਾਂ ਦੇ ਅਨੁਯਾਈਆਂ ਦੀ ਗਿਣਤੀ ਲੱਖਾਂ ਵਿਚ ਹੈ ਜੋ ਸਾਰੇ ਭਾਰਤ ਵਿਚ ਫੈਲੇ ਹੋਏ ਹਨ। ਉਦਾਸੀ ਸੰਤਾਂ ਨੇ ਕਈ ਸਕੂਲ, ਕਾਲਜ ਅਤੇ ਪਾਠਸ਼ਾਲਾ ਆਰੰਭ ਕੀਤੀਆਂ ਹਨ ਜਿਥੇ ਮੁਫਤ ਵਿਦਿਆ ਦਿੱਤੀ ਜਾਂਦੀ ਹੈ। ਗਰੀਬ ਵਿਦਿਆਰਥੀਆਂ ਨੂੰ ਪੁਸਤਕਾਂ ਤੇ ਭੋਜਨ ਵੀ ਦਿੱਤਾ ਜਾਂਦਾ ਹੈ। ਉਦਾਸੀ ਸੰਤਾਂ ਨੇ ਵਿਸ਼ੇਸ਼ ਕਰਕੇ ਉਤਰੀ ਭਾਰਤ ਵਿਚ ਕਈ ਪਬਲਿਕ ਸਕੂਲ ਅਤੇ ਵਿਦਿਅਕ ਸੰਸਥਾਵਾਂ ਸਥਾਪਿਤ ਕਰਕੇ ਵਿਦਿਆ ਦਾ ਪ੍ਰਚਾਰ ਕੀਤਾ ਹੈ। ਸਮੇਂ ਦੇ ਫੇਰ ਨਾਲ ਉਦਾਸੀ ਮੱਤ ਦੇ ਸੰਤਾਂ ਨੇ ਹੋਰ ਭੇਖਾਂ ਤੋਂ ਅਨੇਕ ਪ੍ਰਭਾਵ ਕਬੂਲੇ ਹਨ। ਅੱਜ ਉਦਾਸੀ ਮੱਤ ਦੇ ਨਿਯਮਾਂ ਦੀ ਸੂਚੀ ਦਾ ਘੇਰਾ ਬਹੁਤ ਵੱਡਾ ਹੋ ਗਿਆ ਹੈ। ਇਕ ਉਦਾਸੀ ਸਾਧੂ ਦੀ ਰਹਿਣੀ ਬਹਿਣੀ ਅਤੇ ਹੋਰ ਸਾਧੂਆਂ ਦੀਆਂ ਰਹੁ-ਰੀਤੀਆਂ ਵਿਚ ਅੰਤਰ ਕਾਫ਼ੀ ਘਟ ਗਿਆ ਹੈ।

ਗਿਆਨੀ ਗਿਆਨ ਸਿੰਘ ਨੇ ਉਦਾਸੀ ਸੰਤ ਬਾਰੇ ਇਹ ਬਚਨ ਲਿਖੇ ਸਨ :-

ਰੰਗ ਮਜੀਠ ਕਿਰਮਚੀ ਚੋਲਾ।
ਸਿਰ ਪਰ ਕਲਕੀ ਤਾਜ ਅਮੋਲਾ।
ਗਲ ਮੈਂ ਮੇਲੀ ਤੇ ਉਨ ਮਾਲਾ।
ਝੋਲੀ ਤੂੰਬੀ ਆਸਣ ਕਾਲਾ।
ਦਾੜ੍ਹੀ ਕੇਸ ਕੇਸ ਸਭ ਰਖਤੇ।
ਨਿਸਦਿਨ ਨਾਮ ਅੰਮ੍ਰਿਤ ਰਸ ਚਖਤੇ। (ਪੰਥ ਪ੍ਰਕਾਸ਼, ਪੰਨਾ 1272)

ਮਹੰਤ ਗਣੇਸ਼ਾ ਸਿੰਘ ਜੀ ਨੇ ਆਪਣੀ ਪੁਸਤਕ 'ਭਾਰਤ ਮੱਤ ਦਰਪਣ' ਵਿਚ ਉਦਾਸੀਆਂ ਬਾਰੇ ਇਹ ਵਿਚਾਰ ਪ੍ਰਗਟਾਏ ਹਨ :-

> ''ਗੁਰੂ ਆਪਣੇ ਪੈਰ ਦੇ ਅੰਗੂਠੇ ਧੋ ਕੇ ਸਤਿਨਾਮ ਪੜ੍ਹ ਕੇ ਚੇਲੇ ਨੂੰ ਪਾਹੁਲ ਪਿਲਾਉਂਦਾ ਹੈ। ਦਸਮੇ ਦਵਾਰ ਸਿਰ ਤੋਂ ਕੈਂਚੀ ਨਾਲ ਲਟ ਕਤਰਦਾ ਹੈ। ਇਸ਼ਟ ਗੁਰੂ ਗ੍ਰੰਥ ਸਾਹਿਬ। ਮਾਤ੍ਰਾ, ਗੁਰ ਪ੍ਰਨਾਲੀ ਕੰਠ ਰਖਨੀ ''ਮਜੀਠੇ, ਸੰਧੂਰੀ ਜਾ ਗੈਰੁਏ ਬਸਤਰ ਓਢਣੇ, ਨਾਂਗੇ ਨੰਗੇ ਰਹਿ ਕੇ ਧੂਣੀ ਤਾਪਦੇ ਹਨ, ਇਹ ਬਿਰਬਾਣ ਕਹੇ ਜਾਂਦੇ ਹਨ। ਮਦ, ਮਾਸ, ਭੰਗ ਤਮਾਕੂ ਆਦਿ ਦੀ ਵਰਤੋਂ ਮਨ੍ਹਾ ਹੈ। ਨਾਮ ਦੀ ਖੁਮਾਰੀ ਵਿਚ ਮਸਤ ਰਹਿਣ ਦੀ ਤਾਕੀਦ ਹੈ।''

## ਉਦਾਸੀ ਭੇਖ ਦੇ ਨੇਮ

ਬਾਬਾ ਸ੍ਰੀ ਚੰਦ ਦੁਆਰਾ ਆਰੰਭ ਕੀਤੇ ਗਏ ਉਦਾਸੀ ਭੇਖ ਦੇ ਮੁੱਖ ਨਿਯਮ ਇਹ ਸਨ। ''ਸਤਿਨਾਮ'' ਦਾ ਨਿਰੰਤਰ ਅਭਿਆਸ, ਇਕ ਅਕਾਲ ਪੁਰਖ ਵਿਚ ਵਿਸ਼ਵਾਸ, ਵਿਰਕਤ ਜੀਵਨ, ਵੈਸ਼ਨਵ ਭੋਜਨ ਅਤੇ ਨਸ਼ਿਆਂ ਤੋਂ ਪਰਹੇਜ਼। ਉਦਾਸੀ ਸੰਤ ਜਤੀ ਰਹਿ ਭਗਵੇਂ ਬਸਤਰ ਧਾਰਨ ਕਰਕੇ ਅਲਪ ਅਹਾਰ ਤੇ ਸੁਲਪ ਨੀਂਦ ਕਰਕੇ ਵੱਧ ਤੋਂ ਵੱਧ ਸਮਾਂ ਨਾਮ ਅਭਿਆਸ ਵਿਚ ਬਤੀਤ ਕਰਦਾ ਹੈ। ਉਦਾਸੀ ਸੰਤ ਸੰਸਾਰ ਦੇ ਕੋਨੇ ਕੋਨੇ ਵਿਚ ਜਾ ਕੇ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਗਟਾਈ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ। ਰੂਸ ਵਿਖੇ ਬਾਕੂ ਯੂਨੀਵਰਸਿਟੀ ਦੇ ਵਿਦਵਾਨਾਂ ਨੇ ਖੋਜ ਕਰਕੇ ਇਕ ਅਜਿਹੀ ਧਰਮਸ਼ਾਲਾ ਲੱਭੀ ਹੈ ਜਿਸ ਦੀਆਂ ਕੰਧਾਂ ਉਪਰ ਗੁਰਮੁੱਖੀ ਵਿਚ ਮੂਲ-ਮੰਤਰ ਦੇ ਨਾਲ ਨਾਲ, ਉਨ੍ਹਾਂ ਉਦਾਸੀ ਸੰਤਾਂ ਦੇ ਨਾਉਂ ਵੀ ਉਕਰੇ ਹੋਏ ਹਨ ਜੋ ਸਮੇਂ ਸਮੇਂ ਉਥੇ ਰਹਿ ਕੇ ਪ੍ਰਚਾਰ ਕਰਦੇ ਸਨ।

ਉਦਾਸੀ ਸੰਤਾਂ ਨੇ ਵਿਸ਼ੇਸ਼ ਕਰਕੇ ਸੰਕਟਕਾਲੀਨ ਸਮੇਂ (1708 ਈ. ਤੋਂ 1900 ਈ. ਤਕ) ਗੁਰਮਤਿ ਦਾ ਭਰਵਾਂ ਪ੍ਰਚਾਰ ਕਰਕੇ ਸਿੱਖ ਧਰਮ ਦੇ ਗੌਰਵ ਨੂੰ ਕਾਇਮ ਰਖਿਆ। ਇਨ੍ਹਾਂ ਸੰਤਾਂ ਨੇ ਗੁਰਬਾਣੀ ਦੇ ਪ੍ਰਚਾਰ ਲਈ ਮਹੱਤਵਪੂਰਣ ਗ੍ਰੰਥ ਲਿਖ ਕੇ ਪ੍ਰਸੰਸਾਜਨਕ ਸੇਵਾ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਉਦਾਸੀ ਸੰਤਾਂ ਦਾ ਪ੍ਰਭਾਵ ਬਹੁਤ ਅਧਿਕ ਸੀ। ਰਾਜਿਆਂ ਵੱਲੋਂ ਉਦਾਸੀ ਸੰਤਾਂ ਦੇ ਡੇਰਿਆਂ ਨੂੰ ਜ਼ਮੀਨਾਂ ਦਿੱਤੀਆਂ ਗਈਆਂ। ਹੌਲੀ ਹੌਲੀ ਇਨ੍ਹਾਂ ਜਾਇਦਾਦਾਂ ਕਰਕੇ ਉਦਾਸੀ ਸਾਧੂਆਂ ਵਿਚ ਗਿਰਾਵਟ ਆ ਗਈ ਅਤੇ ਗੁਰਦੁਆਰਿਆਂ ਵਿਚ ਉਨ੍ਹਾਂ ਨੇ ਮਨਮਤਿ ਸ਼ੁਰੂ ਕਰ ਦਿੱਤੀ। ਇਸੇ ਦਾ ਸਿੱਟਾ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ। ਲਹਿਰ ਦੇ ਪ੍ਰਭਾਵ ਕਾਰਨ ਉਦਾਸੀ ਸੰਤਾਂ ਦੇ ਪਾਸੋਂ ਗੁਰਦੁਆਰੇ ਆਜ਼ਾਦ ਕਰਵਾ ਲਏ ਅਤੇ ਇਨ੍ਹਾਂ ਦਾ ਪ੍ਰਬੰਧ ਗੁਰਦੁਆਰਾ ਕਮੇਟੀ ਨੇ ਲੈ ਲਿਆ। ਕੁਝ ਇਸ ਕਾਰਣ ਮਤਭੇਦ ਪੈਦਾ ਹੋਣ ਨਾਲ ਉਦਾਸੀ ਸੰਤਾਂ ਵੱਲੋਂ ਪ੍ਰਚਾਰ ਦੀ ਗਤੀ ਧੀਮੀ ਹੋ ਗਈ। ਫਿਰ ਵੀ ਇਹ ਸੰਤ ਗੁਰਮਤਿ ਪ੍ਰਚਾਰ ਦਾ ਕੰਮ ਆਪਣੀ ਵਿੱਤ ਅਨੁਸਾਰ ਕਰੀ ਜਾ ਰਹੇ ਹਨ।

## ਵਧੇਰੇ ਅਧਿਐਨ ਲਈ ਪੁਸਤਕਾਂ ਵਾਚੀਆਂ ਜਾਣ


1. ਮਹੰਤ ਗਣੇਸ਼ਾ ਸਿੰਘ — *ਭਾਰਤ ਮਤ ਦਰਪਣ,* ਅੰਮ੍ਰਿਤਸਰ, 1926।
2. ਭਾਈ ਰਣਧੀਰ ਸਿੰਘ — *ਉਦਾਸੀ ਸਿੱਖਾਂ ਦੀ ਵਿਥਿਆ,* ਅੰਮ੍ਰਿਤਸਰ।
3. ਈਸ਼ਰ ਸਿੰਘ ਨਾਰਾ — *ਇਤਿਹਾਸ ਬਾਬਾ ਸ੍ਰੀ ਚੰਦ ਜੀ ਸਾਹਿਬ ਉਦਾਸੀਨ ਸੰਪ੍ਰਦਾਇ,* ਦਿੱਲੀ, 1959, ਦੂਜੀ ਛਾਪ, 1975।
4. ਆਚਾਰੀਆ ਸੀਤਾ ਰਾਮ ਚਤੁਰਵੇਦੀ — *ਭਾਰਤ ਕੇ ਉਦਾਸੀਨ ਸੰਤ,* ਕਾਸ਼ੀ, 1967, (ਹਿੰਦੀ ਵਿਚ)।

5. ਗੋਬਿੰਦ ਸਦਨ ਨਵੀਂ ਦਿੱਲੀ — *ਬਾਬਾ ਸ੍ਰੀ ਚੰਦ,* 1990 (ਅੰਗਰੇਜ਼ੀ ਵਿਚ)।

6. ਡਾ. ਬਲਬੀਰ ਸਿੰਘ ਨੰਦਾ — *ਪੁਰਾਤਨ ਸਿੱਖ ਸੰਪ੍ਰਦਾਇ,* ਜਸਲੀਨ ਪ੍ਰਕਾਸ਼ਨ, ਚੰਡੀਗੜ੍ਹ।

7. ਡਾ. ਗੁਰਨਾਮ ਕੌਰ (ਸੰਪਾ.) — *ਉਦਾਸੀ ਸੰਪ੍ਰਦਾਇ ਦਾ ਅਕਾਦਮਿਕ ਪਰਿਪੇਖ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਪਾਠ ਨੰਬਰ : 2.4**

## ਸੇਵਾਪੰਥੀ ਸੰਪ੍ਰਦਾਇ ਦਾ ਆਰੰਭ, ਵਿਕਾਸ ਅਤੇ ਵਿਸ਼ੇਸ਼ ਸਿਧਾਂਤ

ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਈ ਗਈ ਸੇਵਾ, ਸਿਮਰਨ ਅਤੇ ਘਾਲ-ਕਮਾਈ ਦੀ ਸਿੱਖਿਆ ਨੂੰ ਭਾਈ ਕਨ੍ਹਈਆ ਜੀ ਨੇ ਅਮਲੀ ਰੂਪ ਦੇ ਕੇ ਗੁਰੂ ਤੇਗ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਸੀ। ਕਥਨੀ ਤੇ ਕਰਨੀ ਦੇ ਸੂਰਬੀਰ ਇਸ ਮਹਾਂਪੁਰਖ ਨੂੰ ਸੇਵਾਪੰਥੀ ਸੰਪ੍ਰਦਾਇ ਦਾ ਮੋਢੀ ਹੋਣ ਦਾ ਮਾਣ ਪ੍ਰਾਪਤ ਹੈ। ਇਸ ਤਿਆਗੀ, ਵੈਰਾਗੀ ਅਤੇ ਤਪੱਸਵੀ ਕਰਮਯੋਗੀ ਦੇ ਜੀਵਨ ਸਮਾਚਾਰ ਬੜੇ ਰੌਚਕ ਸਨ। ਵਿਦਵਾਨਾਂ ਨੇ ਆਪ ਦੇ ਜੀਵਨ ਸਮਾਚਾਰਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਭਾਈ ਕਨ੍ਹਈਆ ਜੀ ਨੂੰ ਜਤੀ, ਹਠੀ, ਸੰਤੋਖੀ, ਸੂਰਬੀਰ, ਬ੍ਰਹਮ-ਗਿਆਨੀ, ਸਮਾਜ-ਸੇਵੀ ਆਦਿ ਕਹਿ ਕੇ ਸਤਿਕਾਰਿਆ ਹੈ।

### ਸੰਪ੍ਰਦਾਇ ਦੇ ਮੋਢੀ ਦੇ ਜੀਵਨ ਸਮਾਚਾਰ

ਭਾਈ ਕਨ੍ਹਈਆ ਜੀ (ਜੀਵਨ ਕਾਲ 1648-1718) ਦੇ ਪਿਤਾ ਭਾਈ ਨੱਥੂ ਰਾਮ ਜੀ ਵਜ਼ੀਰਾਬਾਦ ਦੇ ਨੇੜੇ ਪਿੰਡ ਸੋਧਰੇ (ਪਾਕਿਸਤਾਨ) ਦੇ ਵਸਨੀਕ ਸਨ। ਆਪ ਦੇ ਪਿਤਾ ਇਕ ਖਤਰੀ ਹੋਣ ਦੇ ਨਾਤੇ, ਸੌਦਾਗਰੀ ਕਰਦੇ ਸੀ। ਇਸ ਦੇ ਨਾਲ ਨਾਲ ਖੇਤੀਬਾੜੀ ਵੀ ਕਰਦੇ ਸਨ। ਆਪ ਦੀ ਮਾਤਾ ਦਾ ਨਾਉਂ ਮਾਤਾ ਸੁੰਦਰੀ ਸੀ। ਬਚਪਨ ਤੋਂ ਹੀ ਭਾਈ ਕਨ੍ਹਈਆ ਜੀ ਸਾਤਵਿਕ ਬਿਰਤੀ ਵਾਲੇ ਬਾਲਕ ਸਨ। ਸਮੇਂ ਦੇ ਫੇਰ ਨਾਲ ਦਇਆ, ਨਿਮਰਤਾ ਅਤੇ ਸੇਵਾ ਭਾਵ ਆਦਿ ਸ਼ੁਭ ਗੁਣਾਂ ਦੇ ਧਾਰਣੀ ਹੋ ਕੇ ਬਹੁਤਾ ਸਮਾਂ ਸਤਿਪੁਰਖਾਂ ਦੀ ਸੰਗਤ ਵਿਚ ਬਿਤਾ ਕੇ ਪ੍ਰਸੰਨ ਰਹਿੰਦੇ ਸਨ। ਆਪ ਦੇ ਮਨ ਵਿਚ ਪ੍ਰਭੂ-ਮਿਲਾਪ ਦੀ ਪ੍ਰਬਲ ਇੱਛਾ ਸੀ। ਇਸੇ ਅਭਿਲਾਸ਼ਾ ਦੇ ਫਲਸਰੂਪ ਆਪ ਗੁਰੂ ਤੇਗ ਬਹਾਦੁਰ ਜੀ ਪਾਸ ਆਨੰਦਪੁਰ ਪੁਜੇ। ਦਰਸ਼ਨ ਕਰਦੇ ਹੀ ਆਪ ਦੀ ਸੁਰਤਿ ਟਿਕ ਗਈ ਅਤੇ ਸੇਵਾ ਵਿਚ ਜੁਟ ਗਏ। ਭਾਈ ਕਨ੍ਹਈਆ ਦੀ ਨਿਸ਼ਕਾਮ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਤੇਗ ਬਹਾਦਰ ਜੀ ਨੇ ਪ੍ਰਚਾਰ ਕਰਨ ਲਈ ਆਦੇਸ਼ ਦਿੰਦੇ ਹੋਏ ਫਰਮਾਇਆ, ''ਹੇ ਪੁਰਖ ! ਜਿਨ ਕਉ ਕਛ ਭੋਜਨ ਆਪਣੀ ਓਰੁ ਤੇ ਪਰਮੇਸ਼ਰ ਦੀਆ ਹੈ, ਤਿਨਹੁੰ ਨੇ ਜੀਵਹੁੰ ਸਾਥ ਬਾਂਟਿ ਖਾਇਆ। ਤੁਮ ਕਾਹੇ ਕੇ ਏਕਲੇ ਖਾਵਤ ਹੋ, ਤੁਮ ਭੀ ਬਾਂਟਿ ਖਾਵਹੁ।............. ਅਰ ਕਿਸੀ ਜੀਵ ਦਾ ਰਿਦਾ ਪ੍ਰਸੰਨ ਕਰਨਾ, ਕਿਸੀ ਕਉ ਗੁਰਮਤਿ ਕਾ ਘਾਸ ਪਾਵਣਾ, ਇਹੀ ਗੁਰਮੰਤਰ ਹੈ। ਤਾਂਤੇ ਤੁਮ ਜਾਵੋ। ਕਹੂੰ ਧਰਮਸਾਲ ਬਨਾਇ ਕਰ ਥਮਿ ਪਰੋ। ਆਪਿ ਭੀ ਸੁਖੀ ਹੋਵਹੁ ਕਿਸੀ ਅਵਰੁ ਕਉ ਸੁਖ ਦੇਵਹੁ (ਭਾਈ ਸਹਜ ਰਾਮ, *ਪਰਚੀਆਂ ਭਾਈ ਕਨ੍ਹਯਾ ਜੀ,* ਪੰਨਾ 38-39)

ਗੁਰੂ ਜੀ ਦੀ ਆਗਿਆ ਪਾ ਕੇ ਭਾਈ ਕਨ੍ਹਈਆ ਜੀ ਨੇ ਪਿੰਡ ਕਾਹਵਾ (ਜ਼ਿਲ੍ਹਾ ਅਟਕ, ਪਾਕਿਸਤਾਨ) ਵਿਖੇ ਸੁੰਦਰ ਧਰਮਸਾਲ ਤਿਆਰ ਕਰਵਾ ਕੇ ਸੇਵਾ ਤੇ ਗੁਰਮਤਿ ਪ੍ਰਚਾਰ ਦਾ ਕੰਮ ਆਰੰਭ ਦਿੱਤਾ। ਆਪ ਨੇ ਮੁਸਾਫਰਾਂ ਦੀ ਸੇਵਾ ਦਾ ਇਕ ਅਜਿਹਾ ਆਦਰਸ਼ਕ ਕੇਂਦਰ ਕਾਇਮ ਕੀਤਾ, ਜਿਥੇ ਸੰਸਾਰਿਕ ਸੁੱਖਾਂ ਦੇ ਨਾਲ ਨਾਲ ਗੁਰਬਾਣੀ ਦਾ ਪ੍ਰਚਾਰ ਤਪਦੇ ਮਨਾਂ ਨੂੰ ਸ਼ਾਂਤੀ ਤੇ ਸੁੱਖ ਵੀ ਦਿੰਦਾ ਸੀ। ਇਸ ਪ੍ਰਚਾਰ ਸਦਕਾ ਅਟਕ ਦੇ ਇਲਾਕੇ ਵਿਚ ਕਈ ਲੋਕ ਸਿੱਖ ਸਜ ਗਏ। ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਦੇ ਸਮਾਚਾਰ ਸੁਣ ਕੇ ਭਾਈ ਕਨ੍ਹਈਆ ਜੀ ਸੰਗਤ ਸਮੇਤ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਲਈ ਅਨੰਦਪੁਰ ਪੁੱਜੇ। ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਵਿਚ ਸਿੱਖਾਂ ਅਤੇ ਮੁਲਾਂ ਦੀ ਸਮਦ੍ਰਿਸ਼ਟੀ ਨਾਲ ਦੇਖਭਾਲ ਕਰਦੇ ਹੋਏ ਆਪ ਨੇ ਪਿਆਸਿਆਂ ਦੀ ਪਿਆਸ ਬੁਝਾਂਦੇ ਹੋਏ, ਫੱਟੜਾਂ ਦੀ ਮਰਹਮ ਪੱਟੀ ਕਰਦੇ ਹੋਏ, ਮਨ ਬਚਨ ਤੇ ਕਰਮ ਨਾਲ ਗੁਰੂ ਜੀ ਦੇ ਉਪਦੇਸ਼ਾਂ ਨੂੰ ਅਮਲੀ ਜਾਮਾ ਪਹਿਨਾ ਕੇ ਸੇਵਾ ਤੇ ਪ੍ਰੇਮ ਦੇ ਆਦਰਸ਼ ਨੂੰ ਨਵਾਂ ਰੂਪ

ਪ੍ਰਦਾਨ ਕੀਤਾ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਕਵੀ ਸੰਤੋਖ ਸਿੰਘ ਨੇ ਲਿਖਿਆ ਹੈ :-

ਜਿਨ ਸਿੰਘਨਿ ਕੋ ਜਲ ਪਿਲਾਵੈ।
ਤਿਮ ਤੁਰਕਨਿ ਕੋ ਨਿਤ ਤ੍ਰਿਪਤਾਵੈ।
ਤਿਸ ਕੋ ਦੇਖਿ ਖਾਲਸਾ ਰਿਸੈ।
ਜਲ ਕਯੋਂ ਦੇਤਿ ਰਿਪੁਨਿ ਗਨ ਬਸੈ ?
ਕਈ ਵਾਰ ਤਿਸ ਦੇਤਿ ਹਟਾਇ।
ਸੋ ਨਹਿ ਮਿਟੈ ਦੇਤਿ ਜਲ ਜਾਇ।

ਸਿੰਘਾਂ ਦੀ ਸ਼ਿਕਾਇਤ ਸੁਣ ਕੇ ਜਦ ਗੁਰੂ ਜੀ ਨੇ ਭਾਈ ਕਨ੍ਹਈਆ ਜੀ ਨੂੰ ਬੁਲਾ ਕੇ ਪੁੱਛਿਆ ਤਾਂ ਭਾਈ ਸਾਹਿਬ ਨੇ ਕਿਹਾ, ਮੈਨੂੰ ਤਾਂ ਮੈਦਾਨੇ ਜੰਗ ਵਿਚ ਹਰ ਕੋਈ ਤੁਹਾਡਾ ਹੀ ਰੂਪ ਦਿਖਾਈ ਦਿੰਦਾ ਹੈ। ਕੋਈ ਸ਼ਤਰੂ ਜਾਂ ਮਿੱਤਰ ਨਹੀਂ ਦਿੱਸਦਾ। ''ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ'' (ਪੰਨਾ 1299) ਦੇ ਗੁਰਵਾਕ ਅਨੁਸਾਰ ਭਾਈ ਕਨ੍ਹਈਆ ਜੀ ਨੇ ਸਭ ਦੇ ਮਨ ਨੂੰ ਮੋਹ ਲਿਆ। ਇਤਿਹਾਸਕਾਰਾਂ ਦਾ ਕਥਨ ਹੈ ਕਿ ਗੁਰੂ ਜੀ ਨੇ ਪ੍ਰਸੰਨ ਹੋ ਕੇ ਮਰਹਮ-ਪੱਟੀ ਦਿੰਦੇ ਹੋਏ ਫੁਰਮਾਇਆ ਕਿ ਫਟੜਾਂ ਦੀ ਸੇਵਾ ਵੀ ਕਰੋ। ਸੀਸ ਤਲੀ ਤੇ ਰੱਖ ਕੇ ਭਾਈ ਸਾਹਿਬ ਨੇ ਸਿਰਲਥ ਸੂਰਮਿਆਂ ਵਾਂਗ ਯੁੱਧ ਵਿਚ ਬੜੀ ਸ਼ਰਧਾ, ਪ੍ਰੇਮ ਤੇ ਲਗਨ ਨਾਲ ਲੋੜਵੰਦਾਂ ਨੂੰ ਜੀਵਨ ਦਾਨ ਦੇ ਕੇ ਸੇਵਾ ਕੀਤੀ। ਜਿਵੇਂ ਬੱਦਲ ਵਰਖਾ ਸਮੇਂ ਸਭ ਦੀ ਖੇਤੀ ਉਪਰ ਇਕੋ ਜਿਹਾ ਵਸਦਾ ਹੈ ਇਸ ਤਰ੍ਹਾਂ ਭਾਈ ਕਨ੍ਹਈਆ ਜੀ ਨੇ ਸਮਦ੍ਰਿਸ਼ਟੀ ਨਾਲ ਸਿੱਖਾਂ ਅਤੇ ਮੁਗਲਾਂ ਦੀ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਦਸਤੀ ਰੁਮਾਲ ਬਖਸ਼ ਕੇ ਮਹੰਤ ਥਾਪਿਆ ਅਤੇ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ। ਭਾਈ ਕਨ੍ਹਈਆ ਜੀ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਦੋ ਨੌਜਵਾਨ ਆਪ ਦੇ ਚੇਲੇ ਬਣ ਗਏ ਜੋ ਸਮੇਂ ਦੇ ਫੇਰ ਨਾਲ ''ਸੇਵਾ ਪੰਥੀ'' ਦੇ ਨਾਉਂ ਨਾਲ ਪ੍ਰਸਿੱਧ ਹੋਏ। ਭਾਈ ਸੇਵਾ ਰਾਮ (ਜੀਵਨ ਕਾਲ 1658-1728 ਈ.) ਅਤੇ ਭਾਈ ਅੱਡਣ ਸ਼ਾਹ ਜੀ (ਜੀਵਨ ਕਾਲ 1688-1757 ਈ.) ਇਸ ਸੰਪ੍ਰਦਾਇ ਦੇ ਮਹਾਨ ਤਪੱਸਵੀ, ਕਰਨੀ ਵਾਲੇ ਮਹਾਂਪੁਰਖ ਸਨ ਜਿਨ੍ਹਾਂ ਦੀ ਪ੍ਰਸਿੱਧੀ ਕਾਰਨ ਇਸ ਸੰਪ੍ਰਦਾਇ ਨੂੰ ''ਸੇਵਾ ਪੰਥੀ ਅਡੱਣਸ਼ਾਹੀ'' ਸੰਪ੍ਰਦਾਇ ਕਿਹਾ ਜਾਂਦਾ ਹੈ। ਭਾਈ ਵੀਰ ਸਿੰਘ ਜੀ ਨੇ ਇਸ ਸੰਪ੍ਰਦਾਇ ਦੇ ਸੰਤਾਂ ਬਾਰੇ ਇਹ ਵਿਚਾਰ ਪ੍ਰਸਤੁਤ ਕੀਤੇ ਹਨ :-

> ''ਅੱਡਣਸ਼ਾਹੀ ਡੇਰਿਆਂ ਵਿਚ ਭੁੱਖੇ ਨੂੰ ਪ੍ਰਸ਼ਾਦਾ, ਜ਼ਖਮੀਆਂ ਨੂੰ ਮਲ੍ਹਮ ਤੇ ਤਾਪ ਵਾਲਿਆਂ ਨੂੰ ਗਿਲੋ ਆਦਿ ਮਿਲਦੀ ਹੁੰਦੀ ਸੀ। ਆਪਣੇ ਨਿਰਬਾਹ ਵਾਸਤੇ ਅਕਸਰ ਅਡਣਸ਼ਾਹੀ ਸਾਧ ਮੁੰਝ ਕੁੱਟਦੇ, ਵਾਣ ਵੱਟਦੇ ਤੇ ਇਸ ਦੀ ਵਟਕ ਪਰ ਨਿਰਬਾਹ ਟੋਰਦੇ ਹੁੰਦੇ ਸਨ। ............ ਟਿਕਾਣੇ ਦੀ ਕੁਟੀਆ ਵਿਚ ਸਾਧੂ ਰਹਿੰਦੇ ਹਨ, ਇਕ ਇਕ ਨੁਕਰ ਵਿਚ ਇਕ ਇਕ ਦਾ ਡੇਰਾ ਹੈ। ਹਰ ਕੋਈ ਉਥੇ ਮੁੰਞ ਕੁੱਟ ਕੇ ਵਾਣ ਵੱਟਦਾ ਹੈ ਟੋਪੀ ਜਾਂ ਕੇਸ ਧਾਰੀ ਹੈ ਤਾਂ ਨਿੱਕੀ ਪੱਗ, ਲੰਗੋਟੀ ਜਾਂ ਕਛਹਿਰਾ ਤੇ ਸਿਆਲ ਹੋਵੇ ਤਾਂ ਅੱਧੀਆਂ ਬਾਹਾਂ ਦੀ ਕੁੜਤੀ, ਇਹ ਵਸਤਾਂ ਹਰੇਕ ਦੀਆਂ ਆਪੋ ਆਪਣੀਆਂ ਵੱਖਰੀਆਂ ਹਨ। ਪਰ ਚਾਦਰਾ ਚੋਹੁੰਆਂ ਦਾ ਇਕੋ ਸਾਂਝਾ ਹੈ। ਜਿਹੜਾ ਕੋਈ ਬਾਹਰ ਕਿਸੇ ਕਾਰਜ ਜਾਂ ਮੁੰਞ ਖਰੀਦਣ ਜਾਵੇ, ਇਸ ਚਾਦਰੇ ਦੀ ਬੁਕਲ ਮਾਰ ਜਾਵੇ, ਫਿਰ ਆ ਕੇ ਟੰਗਣੇ ਤੇ ਧਰ ਦੇਵੇ। ਐਸਾ ਤਿਆਗ ਦਾ ਜੀਵਨ, ਧਰਮ ਦਾ ਜੀਵਨ ਬਸਰ ਕਰਦੇ ਹੋਏ ਫੇਰ ਟਿਕਾਣੇ ਦੀ ਸੇਵਾ ਕਰਨੀ। ਝਾੜੂ ਦੇਣਾ, ਪਾਣੀ ਭਰਨਾ, ਸੰਗਤ ਨੂੰ ਨ੍ਹਵਾਲਣਾ, ਗਰਮੀ ਵਿਚ ਪੱਖੇ ਕਰਨੇ, ਚੱਕੀ ਪੀਹਣੀ, ਹਰ ਗੱਲੇ ਤਤਪਰ ਰਹਿਣਾ।''

ਸੇਵਾ ਪੰਥੀ ਸੰਤਾਂ ਲਈ ''ਸ੍ਰੀ ਸੰਤ ਰਤਨਮਾਲਾ'' ਵਿਚ ਜੋ ਨਿਯਮ ਦਰਜ ਹਨ ਉਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਤਿਆਗ ਤਪੱਸਿਆ ਤੇ ਦੈਵੀ-ਸੰਪਤੀ ਨੂੰ ਗ੍ਰਹਿਣ ਕਰਨ. ਉਪਰ ਬਲ ਦਿੱਤਾ ਗਿਆ ਹੈ। ਇਸ ਦੇ ਨਾਲ ਨਾਲ ਧਰਮ ਦੀ ਕਿਰਤ, ਵੰਡ ਛਕਣ ਲਈ ਵੀ ਤਾਕੀਦ ਕੀਤੀ ਗਈ ਹੈ। ਅਧਿਆਤਮਕ ਜੀਵਨ ਦੀ ਉਨਤੀ ਲਈ ਗੁਰਬਾਣੀ ਨਾਲ ਦ੍ਰਿੜ੍ਹ ਪ੍ਰੀਤ ਲਗਾ ਕੇ ਸਵਾਸ ਸਵਾਸ ਨਾਮ ਜਪਣ ਦਾ ਅਭਿਆਸ ਲਾਜ਼ਮੀ ਹੈ। ਡੇਰੇ ਦੀ ਗੱਦੀ ਦੇਣ ਸਮੇਂ ਨਵੇਂ ਸਥਾਪਿਤ ਕੀਤੇ ਜਾਣ ਵਾਲੇ ਮਹੰਤ ਨੂੰ ''ਝਾੜੂ ਤੇ ਛੰਨਾ'' ਸਾਹਮਣੇ ਰੱਖ ਕੇ ਮੱਥਾ ਟੇਕਣ ਦਾ ਭਾਵ ਇਹ ਹੈ ਕਿ ਗੁਰਦੁਆਰੇ ਦੇ ਝਾੜੂ ਦੀ ਅਤੇ ਸਾਧ ਸੰਗਤ ਨੂੰ ਜਲ ਛਕਾਉਣ ਦੀ ਸੇਵਾ ਸੌਂਪੀ ਜਾ ਰਹੀ ਹੈ। ਡਾਕਟਰ ਬਲਬੀਰ ਸਿੰਘ ਜੀ ਨੇ ਸੇਵਾਪੰਥੀ ਸੰਪ੍ਰਦਾਇ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਿਆ ਹੈ :-

> ''ਸਾਧੂ ਸਮਾਜ ਵਿਚ ਅੱਡਣਸ਼ਾਹੀ ਸੰਪ੍ਰਦਾਇ ਇਕ ਨਵੀਨ ਤਜ਼ਰਬਾ ਸੀ। ਸਾਧੂ ਹੋਣਾ, ਵਿਰਕਤ ਹੋਣਾ, ਫੇਰ ਕਿਰਤ ਕਰਨੀ, ਫੇਰ ਆਪਣੀ ਕਮਾਈ ਵੰਡ ਕੇ ਛੱਕਣੀ, ਇਹ ਅੱਡਣਸ਼ਾਹ ਦਾ ਪ੍ਰਤਾਪ ਸੀ। ਸਾਧੂ ਹੋਣਾ ਮੰਗਤੇ ਹੋਣ ਦੇ ਬਰਾਬਰ ਹੈ। ਪਰ ਅੱਡਣਸ਼ਾਹੀ ਆਗੂਆਂ ਨੇ ਸਾਧੂਆਂ ਨੂੰ ਮੰਗਤਿਆਂ ਦੀ ਸ਼੍ਰੇਣੀ ਤੋਂ ਚੁੱਕ ਕੇ ਦਾਤਾ ਪਦ ਉਪਰ ਬਿਠਾ ਦਿੱਤਾ ਸੀ। ਇਹ ਅੱਡਣਸ਼ਾਹੀ ਕਰਾਮਾਤ ਸੀ ਜੋ ਅੱਜ ਤਕ ਦੁਨੀਆਂ ਦੇ ਕਿਸੇ ਫਿਰਕੇ ਨੇ ਕਰਕੇ ਨਹੀਂ ਦਿਖਾਈ। ਅੱਡਣਸ਼ਾਹੀਆਂ ਨੇ ਨਿਸ਼ਕਾਮ ਸੇਵਾ ਦਾ ਭੇਦ ਲੱਭ ਲਿਆ ਸੀ।''

ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਲੋਕ ਗਮਨ ਤੋਂ ਪਹਿਲਾਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿੰਦੇ ਹੋਏ ਫੁਰਮਾਇਆ ਸੀ ''ਮੇਰਾ ਹੁਕਮ ਹੈ, ਮੇਰੀ ਜਗਹ ਸ੍ਰੀ ਗੁਰੂ ਗ੍ਰੰਥ ਜੀ ਕੋ ਜਾਨਣਾ। ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ''ਪ੍ਰਗਟ ਗੁਰਾਂ ਦੀ ਦੇਹ'' ਮੰਨ ਕੇ ਸਤਿਕਾਰ ਕਰਨਾ।'' ਭਾਈ ਨੰਦ ਲਾਲ ਜੀ ਨੇ ਗੁਰੂ ਜੀ ਦੇ ਇਸ ਹੁਕਮ ਨੂੰ ਇਨ੍ਹਾਂ ਸ਼ਬਦਾਂ ਵਿਚ ਕਲਮਬੰਦ ਕੀਤਾ ਹੈ :-

ਮੇਰਾ ਰੂਪ ਗ੍ਰੰਥ ਜੀ ਜਾਣ।
ਇਸ ਮੇਂ ਭੇਦ ਨਹੀਂ ਕੁਝ ਮਾਨ।

(ਰਹਿਤਨਾਮਾ, 20)

ਗੁਰੂ ਜੀ ਦੇ ਇਸ ਆਦੇਸ਼ ਨੂੰ ਸਿੱਖ ਧਰਮ ਦੇ ਪੈਰੋਕਾਰਾਂ ਨੇ ਸਤਿਕਾਰ ਨਾਲ ਪ੍ਰਵਾਨ ਕਰਦੇ ਹੋਏ ਜੋ ਆਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤਾ ਹੈ, ਉਸ ਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ। ਸੇਵਾਪੰਥੀ ਸੰਤਾਂ ਨੇ ਗੁਰਬਾਣੀ ਦੇ ਪ੍ਰਚਾਰ ਲਈ ਜੋ ਲਾ-ਜਵਾਬ ਸੇਵਾ ਕੀਤੀ ਹੈ ਉਸ ਦਾ ਅੱਖਰਾਂ ਦੁਆਰਾ ਵਰਨਣ ਕਰਨਾ ਕਠਿਨ ਹੈ। ਪ੍ਰਸਿੱਧ ਸੇਵਾ ਪੰਥੀ ਸੰਤ ਭਾਈ ਫਤਹ ਚੰਦ, ਸ਼ਾਹ ਜੀਵਣੇ ਵਾਲਿਆਂ ਪਾਸੋਂ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਸਥਾ ਪ੍ਰਾਪਤ ਕਰਕੇ ਜੀਵਨ ਪ੍ਰਯੰਤ ਗੁਰਬਾਣੀ ਦੀ ਕਥਾ ਦੁਆਰਾ ਪ੍ਰਚਾਰ ਕਰਕੇ ਬੇਅੰਤ ਵਿਅਕਤੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਨੀ ਲਗਾ ਕੇ ਸ਼ੁੱਧ ਪਾਠ ਕਰਨਾ ਸਿਖਾਇਆ। ਇਹ ਸਿਲਸਿਲਾ ਸੰਤ ਕਰਤਾਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਰਾਘੋਮਾਜਰਾ, ਪਟਿਆਲਾ ਅਤੇ ਮਾਡਲ ਟਾਊਨ, ਪਟਿਆਲਾ ਵਿਖੇ ਨੇਮ ਨਾਲ ਚਲਦਾ ਰਿਹਾ। ਸੰਤ ਕਰਤਾਰ ਸਿੰਘ ਜੀ ਨੇ ਪ੍ਰਸਿੱਧ ਸੇਵਾਪੰਥੀ ਵਿਦਵਾਨ ਗਿਆਨੀ ਅਮੀਰ ਸਿੰਘ ਜੀ, ਅੰਮ੍ਰਿਤਸਰ ਵਾਲਿਆਂ ਪਾਸੋਂ ਸ੍ਰੀ ਦਸਮ ਗ੍ਰੰਥ ਜੀ ਦੀ ਸੰਥਯਾ ਲਈ ਸੀ। ਗਿਆਨੀ ਅਮੀਰ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਚ ਸੱਠ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਗੁਰਬਾਣੀ ਦੇ ਸੰਪ੍ਰਦਾਇ ਅਰਥਾਂ ਦੀ ਸੰਥਯਾ ਅਨੇਕ ਵਿਦਵਾਨਾਂ, ਸਾਧਾਂ ਸੰਤਾਂ ਨੂੰ ਦਿੱਤੀ ਸੀ। ਗਿਆਨੀ ਜੀ ਦੇ ਪਰਮ ਸ਼ਿਸ਼ ਸੰਤ ਗਿਆਨੀ ਕਿਰਪਾਲ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ ਉਥਾਨਕਾ, ਸਾਖੀਆਂ ਅਤੇ ਪ੍ਰਮਾਣਾਂ ਸਹਿਤ ਦਸ ਸੈਂਚੀਆਂ ਵਿਚ ਪ੍ਰਕਾਸ਼ਿਤ ਕਰ ਦਿੱਤਾ ਹੈ। ਅੱਜ

ਹਰ ਕਥਾਕਾਰ, ਪ੍ਰਚਾਰਕ, ਟੀਕਾਕਾਰ ਲਈ ਇਹ ਸੰਪ੍ਰਦਾਈ ਸਟੀਕ ਪ੍ਰੇਰਣਾ ਦਾ ਸਰੋਤ ਹੈ। ਗਿਆਨੀ ਅਮੀਰ ਸਿੰਘ ਜੀ ਦੇ ਡੇਰੇ ਦੀ ਦੇਖ-ਭਾਲ ਅੱਜਕਲ ਮਹੰਤ ਮੱਖਣ ਸਿੰਘ ਜੀ ਬੜੀ ਲਗਨ ਤੇ ਪ੍ਰੇਮ ਨਾਲ ਕਰ ਰਹੇ ਹਨ। ਸੇਵਾਪੰਥੀ ਸੰਤਾਂ ਦੇ ਡੇਰਿਆਂ ਵਿਚ ਨੇਮ ਨਾਲ ਗੁਰਬਾਣੀ ਦਾ ਪਠਨ ਪਾਠਨ ਅਤੇ ਅਖੰਡ ਪਾਠਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਰਾਮ ਕਿਸ਼ਨ ਜੀ ਸ੍ਰੀ ਗੁਰੂ ਗ੍ਰੰਥ ਜੀ ਨੂੰ ''ਪ੍ਰਗਟ ਗੁਰਾਂ ਦੀ ਦੇਹ'' ਜਾਣ ਕੇ ਸੇਵਾ ਕਰਦੇ ਹੁੰਦੇ ਸਨ। ਸਾਰੀ ਰਾਤ ਨੇਮ ਨਾਲ ''ਤਖਤਪੋਸ਼ ਤੇ ਡੱਠੀ ਮੰਜੀ ਸਾਹਿਬ ਦੇ ਪਾਵੇ ਨਾਲ ਸਿਰ ਜੋੜ ਕੇ ਨਾਮ ਰੰਗ ਵਿਚ ਮਸਤ ਹੋ ਕੇ ਟਿੱਕ ਜਾਂਦੇ ਸਨ।'' ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਘੰਟਿਆਂ ਬੱਧੀ ਡੰਡੌਤ ਕਰਦੇ ਹੋਏ ਗੁਰਬਾਣੀ ਦਾ ਗਾਇਨ ਕਰਦੇ ਸਨ। ਦਰਸ਼ਨ ਕਰ ਕੇ ਉਨ੍ਹਾਂ ਦੇ ਚਿਹਰੇ ਦਾ ''ਚਮਕਾਊ ਤੇ ਮੰਗਲ ਡਾਢਾ ਸੁਖਦਾਈ ਹੁੰਦਾ ਸੀ।'' ਸ੍ਰੀਮਾਨ ਭਾਈ ਹੀਰਾ ਸਿੰਘ ਜੀ ਸੇਵਾਪੰਥੀ ਦੇ ਉੱਦਮ ਨਾਲ, ਪਾਕਿਸਤਾਨ ਬਣਨ ਤੋਂ ਪਿਛੋਂ, ਸ਼ੇਰਾਂ ਵਾਲਾ ਗੇਟ ਦੇ ਅੰਦਰਵਾਰ ਭਾਈ ਰਾਮਕਿਸ਼ਨ ਜੀ ਦੀ ਯਾਦ ਵਿਚ ਸੁੰਦਰ ਧਰਮਸ਼ਾਲਾ ਸਥਾਪਿਤ ਕੀਤੀ ਗਈ ਸੀ। ਭਾਈ ਹੀਰਾ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਵ ਮੈਨੂੰ ਪ੍ਰਾਪਤ ਰਿਹਾ ਹੈ। ਉਨ੍ਹਾਂ ਦਾ ਜੀਵਨ ਬਹੁਤ ਉੱਚਾ ਤੇ ਸੁੱਚਾ ਸੀ। ਉਨ੍ਹਾਂ ਦੀ ਸਾਦਗੀ, ਨਿਰਮਾਣਤਾ ਤੇ ਸੇਵਾ ਭਾਵ ਮਨ ਨੂੰ ਮੋਹ ਲੈਣ ਵਾਲੀ ਸੀ। ਉਨ੍ਹਾਂ ਤੋਂ ਪਿਛੋਂ ਮਹੰਤ ਗੋਪਾਲ ਸਿੰਘ ਜੀ ਦੀ ਕੁਸ਼ਲ ਅਤੇ ਪ੍ਰਬੀਨ ਅਗਵਾਈ ਹੇਠ ਇਹ ਧਰਮ ਮੰਦਰ ਗੁਰਬਾਣੀ ਅਤੇ ਵਿਦਿਆ ਦੇ ਪ੍ਰਚਾਰ ਪ੍ਰਸਾਰ ਦਾ ਉੱਤਮ ਕੇਂਦਰ ਬਣ ਗਿਆ। ਭਾਈ ਰਾਮ ਕਿਸ਼ਨ ਗੁਰਮਤਿ ਸਕੂਲ ਅਤੇ ਗੁਰਮਤਿ ਵਿਚਾਰ ਕੇਂਦਰ ਸਫ਼ਲਤਾ ਨਾਲ ਚਲ ਰਹੇ ਹਨ। ਯੂਨੀਵਰਸਿਟੀ ਦੇ ਨੇੜੇ (ਅਰਬਨ ਅਸਟੇਟ) ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸਕੂਲ ਆਰੰਭ ਕਰਕੇ ਮਹੰਤ ਗੋਪਾਲ ਸਿੰਘ ਜੀ ਨੇ ਪ੍ਰਸੰਸਾ ਜਨਕ ਕਾਰਜ ਕੀਤਾ। ਇਸ ਦੇ ਨਾਲ ਹੀ ਗੁਰਦੁਆਰਾਂ ਸਾਹਿਬ ਦੀ ਸੁੰਦਰ ਇਮਾਰਤ ਦਾ ਨਿਰਮਾਣ ਕਾਰਜ ਚਲ ਰਿਹਾ ਹੈ। ਟਿਕਾਣਾ ਸਾਹਿਬ ਵੱਲੋਂ ਸੇਵਾਪੰਥੀ ਸਾਹਿਤ ਦਾ ਪ੍ਰਕਾਸ਼ਨ ਕਾਰਜ ਵੀ ਨਿਰੰਤਰ ਜਾਰੀ ਹੈ। ਮਹੰਤ ਗੋਪਾਲ ਸਿੰਘ ਜੀ ਅਪਰੈਲ 13, 1991 ਨੂੰ ਅਕਾਲ ਚਲਾਣਾ ਕਰ ਗਏ।

ਸੇਵਾਪੰਥੀ ਸੰਤਾਂ ਨੇ ਗੁਰਬਾਣੀ ਦੇ ਪ੍ਰਚਾਰ ਦੇ ਨਾਲ ਸਿੱਖ ਧਰਮ ਦੇ ਇਤਿਹਾਸਕ ਅਸਥਾਨਾਂ ਦੀ ਜੋ ਸੇਵਾ ਕੀਤੀ ਹੈ ਉਸ ਦਾ ਵਰਣਨ ਕਰਨਾ ਵੀ ਜ਼ਰੂਰੀ ਹੈ। ਪੰਡਿਤ ਨਿਸ਼ਚਲ ਸਿੰਘ ਜੀ ਯਮੁਨਾ ਨਗਰ ਵਾਲਿਆਂ (ਜੋ ਸੇਵਾਪੰਥੀ ਸੰਪ੍ਰਦਾਇ ਦੇ ਪ੍ਰਧਾਨ ਸਨ) ਨੇ ਪਟਨਾ ਸਾਹਿਬ ਅਤੇ ਅੰਮ੍ਰਿਤਸਰ ਵਿਖੇ ਸੁੰਦਰ ਭਵਨਾਂ ਦੇ ਨਿਰਮਾਣ ਕਾਰਜ ਵਿਚ ਦਿਲਚਸਪੀ ਲੈ ਕੇ ਕਾਰ ਸੇਵਾ ਦਾ ਪ੍ਰਸੰਸਾਜਨਕ ਕਾਰਜ ਕੀਤਾ ਸੀ। ਆਨੰਦਪੁਰ ਸਾਹਿਬ, ਹਰਿਦੁਆਰ ਅਤੇ ਹੋਰ ਕਈ ਥਾਵਾਂ ਉੱਤੇ ਪੰਡਿਤ ਜੀ ਦੇ ਉੱਦਮ ਨਾਲ ਯਾਦਗਾਰੀ ਸਥਾਨਾਂ ਦਾ ਨਿਰਮਾਣ ਕਾਰਜ ਸੰਪੂਰਣ ਹੋਇਆ। ਇਸ ਤੋਂ ਇਲਾਵਾ ਵਿਦਿਆ ਦੇ ਪ੍ਰਚਾਰ ਲਈ ਯਮੁਨਾ ਨਗਰ ਵਿਖੇ ਸਕੂਲ ਅਤੇ ਕਾਲਜ ਆਰੰਭ ਕਰਕੇ ਪੰਡਿਤ ਜੀ ਨੇ ਖਾਲਸਾ ਪੰਥ ਦੀ ਵੱਡਮੁੱਲੀ ਸੇਵਾ ਕੀਤੀ। ਇਹ ਸਾਰੇ ਅਦਾਰੇ ਅੱਜ ਕੱਲ੍ਹ ਕਰਮਜੀਤ ਸਿੰਘ ਜੀ ਦੀ ਅਗਵਾਈ ਹੇਠ ਵਿਕਸਿਤ ਹੋ ਰਹੇ ਹਨ। ਯਮੁਨਾ ਨਗਰ ਦੇ ਨਿਵਾਸੀਆਂ ਨੂੰ ਧਰਮੀ ਤੇ ਪਰਉਪਕਾਰੀ ਜੀਵਨ ਬਤੀਤ ਕਰਨ ਲਈ ਸੰਤਪੁਰੇ ਸਤੋਗਣੀ ਵਾਯੂਮੰਡਲ ਸਹਾਇਕ ਸਿੱਧ ਹੋ ਰਿਹਾ ਹੈ। ਪੰਡਿਤ ਜੀ ਦੀ ਯਾਦ ਵਿਚ ''ਸੰਤ ਨਿਸ਼ਚਲ ਸਿੰਘ ਪਬਲਿਕ ਸਕੂਲ'' ਆਰੰਭ ਕਰਕੇ ਸੰਤ ਤ੍ਰਿਲੋਚਨ ਸਿੰਘ ਜੀ ਨੇ ਮਹੱਤਵਪੂਰਨ ਕਾਰਜ ਕੀਤਾ।

ਅੰਮ੍ਰਿਤਸਰ ਵਿਖੇ ਸੰਤ ਸ਼ਾਮ ਸਿੰਘ ਸੇਵਾਪੰਥੀ (ਜੀਵਨ ਕਾਲ 1803-1926) ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਜੋ ਸੇਵਾ ਕੀਤੀ ਉਸ ਦਾ ਨਿਰੂਪਣ ਕਰਨਾ ਲਾਜ਼ਮੀ ਹੈ। ਪਰਕਰਮਾ ਵਿਖੇ ਨੇਮ ਨਾਲ ਕਈ ਕਈ ਵਾਰੀ ਝਾੜੂ ਦੇ ਕੇ ਸਫਾਈ ਕਰਨ ਦੀ ਪਿਰਤ ਨੂੰ ਬਾਬਾ ਸ਼ਾਮ ਸਿੰਘ ਜੀ ਨੇ ਨਵਾਂ ਰੂਪ ਦਿੱਤਾ ਸੀ। ਇਸ ਦੇ ਨਾਲ ਸਰੰਦਾ ਲੈ ਕੇ ਸਵੇਰ ਸ਼ਾਮ ਅਕਾਲ ਤਖ਼ਤ ਦੇ ਸਾਹਮਣੇ ਘੰਟਿਆਂ ਬੱਧੀ

ਕੀਰਤਨ ਕਰਦੇ ਹੋਏ ਉਨ੍ਹਾਂ ਨੇ ਅਣਗਿਣਤ ਸਿੰਘਾਂ ਨੂੰ ਗੁਰਬਾਣੀ ਨਾਲ ਜੋੜ ਕੇ ਸੇਵਾ ਕਰਨੀ ਸਿਖਲਾਈ। ਇਸ ਦੇ ਲਈ ਵੱਖ ਵੱਖ ਸੰਸਥਾਵਾਂ ਨੇ ਅਤੇ ਸਿੱਖਾਂ ਨੇ ਯਤਨ ਵੀ ਕੀਤੇ ਹਨ ਪਰ ਇਨ੍ਹਾਂ ਯਤਨਾਂ ਨੂੰ ਲੋੜੀਂਦੇ ਨਤੀਜਿਆਂ ਵਾਸਤੇ ਵਰਤਿਆ ਨਹੀਂ ਜਾ ਸਕਿਆ। ਸਰੰਦੇ ਨਾਲ ਕੀਰਤਨ ਕਰਨ ਦੀ ਪ੍ਰਥਾ ਨੂੰ ਮੁੜ ਸੁਰਜੀਤ ਕਰਕੇ ਆਪ ਨੇ ਪ੍ਰਸੰਸਾਜਨਕ ਕਾਰਜ ਕੀਤਾ। ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਸਮੇਂ ਬਾਬਾ ਸ਼ਾਮ ਸਿੰਘ ਜੀ ਨੂੰ ਪੰਜ ਪਿਆਰਿਆਂ ਵਿਚ ਸ਼ਾਮਲ ਕਰਕੇ ਪਹਿਲਾ ਟੱਕ ਇਨ੍ਹਾਂ ਤੋਂ ਲਗਵਾਇਆ ਗਿਆ ਸੀ। ਬਾਬਾ ਸ਼ਾਮ ਸਿੰਘ ਜੀ ਨੇ ਗੁਰਬਾਣੀ ਦੇ ਪ੍ਰਚਾਰ ਲਈ ਸਾਰਾ ਜੀਵਨ ਸਮਰਪਿਤ ਕਰਕੇ ਖਾਲਸਾ ਪੰਥ ਦੀ ਮਹਾਨ ਸੇਵਾ ਕੀਤੀ।

ਸੇਵਾਪੰਥੀ ਸੰਤਾਂ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਨ੍ਹਾਂ ਦੇ ਜੀਵਨ ਦਾ ਉੱਦੇਸ਼ ਪਰਉਪਕਾਰ ਹੈ। ਪਰਉਪਕਾਰੀ ਹੋਣ ਲਈ ਕਰੜੀ ਘਾਲ ਕਮਾਈ ਦੀ ਲੋੜ ਹੁੰਦੀ ਹੈ। ਇਸ ਮਾਰਗ ਤੇ ਸਫ਼ਲਤਾ ਨਾਲ ਚਲਣ ਲਈ ਆਤਮ-ਸੰਜਮ ਅਤੇ ਆਤਮ-ਚਿੰਤਨ ਨੂੰ ਜੀਵਨ ਦਾ ਆਧਾਰ ਬਣਾਉਣਾ ਜ਼ਰੂਰੀ ਹੁੰਦਾ ਹੈ। ਸੇਵਾਪੰਥੀ ਸੰਤ ਆਪਣੇ ਚੇਲਿਆਂ ਨੂੰ ਸੇਵਾ ਵਿਚ ਲਗਾ ਕੇ ਉਨ੍ਹਾਂ ਦੇ ਤਨ ਨੂੰ ਨਿਰਮਲ ਕਰਦੇ ਹਨ ਅਤੇ ਮਨ ਨੂੰ ਗੁਰਬਾਣੀ ਨਾਲ ਧੋ ਕੇ ਹਉਮੈ ਦੀ ਮੈਲ ਉਤਾਰਦੇ ਹਨ। ਗੁਰਬਾਣੀ ਦੇ ਨਿਰੰਤਰ ਅਭਿਆਸ ਨਾਲ ਜੀਵਨ ਨੂੰ ਉਚਾ ਤੇ ਸੁੱਚਾ ਬਣਾ ਕੇ ਸੇਵਾਪੰਥੀ ਸੰਤ ਪਰਉਪਕਾਰ ਲਈ ਤਤਪਰ ਰਹਿੰਦੇ ਹਨ। ਪਿਛਲੇ ਤਿੰਨ ਸੌ ਸਾਲਾਂ ਵਿਚ ਸੇਵਾਪੰਥੀ ਸੰਤਾਂ ਨੇ ਪਰਉਪਕਾਰੀ ਜੀਵਨ ਬਤੀਤ ਕਰਦੇ ਹੋਏ ਜਨਕਲਿਆਣ ਲਈ ਜੋ ਕਾਰਜ ਕੀਤੇ ਹਨ ਉਹਨਾਂ ਦੀ ਸੂਚੀ ਬਹੁਤ ਵੱਡੀ ਹੈ। ਅੱਜ ਲੋੜ ਹੈ ਇਸ ਸੰਪ੍ਰਦਾਇ ਦੇ ਇਤਿਹਾਸ ਨੂੰ ਲਿਖ ਕੇ, ਛਾਪ ਕੇ ਜਨ-ਸਾਧਾਰਣ ਤਕ ਪਹੁੰਚਾਉਣ ਦੀ, ਤਾਂ ਜੋ ਇਸ ਤੋਂ ਪ੍ਰੇਰਣਾ ਲੈ ਕੇ ਅਕਾਦਮਿਕਤਾ ਵਿਚ ਪਰਵੇਸ਼ ਕਰਨ ਵਾਲੇ ਨੌਜਵਾਨ ਆਪਣੇ ਜੀਵਨ ਨੂੰ ਸੇਵਾ, ਸਿਮਰਨ ਤੇ ਪਰਉਪਕਾਰੀ ਕਾਰਜਾਂ ਲਈ ਅਰਪਣ ਕਰ ਸਕਣ।

ਗੁਰਦੁਆਰਾ ਸੁਧਾਰ ਲਹਿਰ ਸਮੇਂ ਸੇਵਾ ਪੰਥੀ ਸੰਤਾਂ ਨੇ ਬਹੁਤ ਸੇਵਾ ਕੀਤੀ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਪਿਛੋਂ ਸੇਵਾ ਪੰਥੀ ਸੰਤਾਂ ਨਾਲ ਜੋ ਇਕਰਾਰਨਾਮਾ ਲਿਖਤੀ ਰੂਪ ਵਿਚ ਕੀਤਾ ਗਿਆ ਉਸ ਦੇ ਅੱਖਰ ਇਸ ਪ੍ਰਕਾਰ ਹਨ :

> ਸਮੂਹ ਸੇਵਾਪੰਥੀ ਅੱਡਣਸ਼ਾਹੀ ਗੁਰਦੁਆਰਿਆਂ ਅਥਵਾ ਟਿਕਾਣਿਆਂ ਦੇ ਪ੍ਰਬੰਧ ਸੰਬੰਧੀ ਅੱਜ ਮਈ 27, 1932 ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਸੇਵਾਪੰਥੀ ਅੱਡਣਸ਼ਾਹੀ, ਸੰਤਾਂ, ਮਹੰਤਾਂ, ਸਥਾਨਕ ਸੰਗਤਾਂ ਦੇ ਪ੍ਰਤੀਨਿਧਾਂ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧਾਂ ਦੇ ਦਰਮਿਆਨ ਵਿਚਾਰ ਹੋਈ। ਹਾਜ਼ਰ ਸੱਜਣਾਂ ਨੇ ਸਰਬਸੰਮਤੀ ਨਾਲ ਹੇਠ ਲਿਖੇ ਫੈਸਲੇ ਪਰਵਾਨ ਕੀਤੇ ਅਤੇ ਪਰਵਾਨਗੀ ਵਜੋਂ ਆਪਣੇ ਦਸਤਖਤ ਕੀਤੇ :

1. ਸੇਵਾਪੰਥੀ ਅੱਡਣਸ਼ਾਹੀ ਕਮੇਟੀ ਦੇ ਨਿਯਮ ਬਣਾ ਕੇ ਛੇਤੀ ਹੀ ਰਜਿਸਟਰ ਕਰਾਏ ਜਾਣ।
2. ਕਿਸੇ ਸੇਵਾਪੰਥੀ ਗੁਰਦੁਆਰੇ ਅਥਵਾ ਟਿਕਾਣੇ ਦੇ ਮਹੰਤ ਨੂੰ ਉਸ ਅਸਥਾਨ ਦੀ ਜਾਇਦਾਦ, ਬੈ ਜਾਂ ਰਹਿਣ ਕਰਨ ਦਾ ਅਖਤਿਆਰ ਨਹੀਂ ਹੋਵੇਗਾ, ਪਰ ਕਿਸੇ ਲਾਭ ਨੂੰ ਮੁੱਖ ਰੱਖਦੇ ਹੋਏ ਸਾਹਿਬ ਸੇਵਾਪੰਥੀ ਅੱਡਣਸ਼ਾਹੀ ਕਮੇਟੀ ਦੀ ਆਗਿਆ ਨਾਲ ਤਬਾਦਲਾ ਕਰ ਸਕਦੇ ਹਨ।
3. ਇਹਨਾਂ ਸਥਾਨਾਂ ਅਥਵਾ ਟਿਕਾਣਿਆਂ ਵਿਚ ਦਸ ਪਾਤਸ਼ਾਹੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਤੇ ਆਸ਼ੇ ਅਨੁਸਾਰ ਪ੍ਰਚਲਤ ਹੋਈ ਪੁਰਾਤਨ ਰਹੁ ਰੀਤੀ ਦੇ ਅਨੁਸਾਰ ਜਿਸ ਤਰ੍ਹਾਂ ਸੇਵਾਪੰਥੀ ਅੱਡਣਸ਼ਾਹੀ ਬਜ਼ੁਰਗ ਪ੍ਰਚਾਰ ਕਰਦੇ ਆਏ ਹਨ, ਉਸੇ ਤਰ੍ਹਾਂ ਹੁੰਦਾ

ਰਹੇਗਾ।

4. ਕਿਸੇ ਮੌਜੂਦਾ ਮਹੰਤ ਦੀ ਕੋਈ ਸ਼ਿਕਾਇਤ ਹੋਵੇ ਤਾਂ ਉਸ ਨੂੰ ਹਟਾਣਾ ਸੇਵਾਪੰਥੀ ਅੱਡਣਸ਼ਾਹੀ ਕਮੇਟੀ ਦੇ ਅਖਤਿਆਰ ਹੋਵੇਗਾ।
5. ਸ੍ਰੀ ਅੰਮ੍ਰਿਤਸਰ ਜੀ ਤੋਂ ਬਾਹਰਲੇ ਸਮੂੰਹ ਸੇਵਾਪੰਥੀ ਅੱਡਣਸ਼ਾਹੀ ਮੁਖੀਏ ਮੰਨਦੇ ਹਨ ਕਿ ਪੁਰਾਤਨ ਰੀਤੀ ਅਨੁਸਾਰ ਸਿੱਖ (ਸਿੰਘ ਅਤੇ ਸਹਜਧਾਰੀ) ਸੰਗਤਾਂ ਦੀ ਸੰਮਤੀ ਨਾਲ ਸੇਵਾਪੰਥੀ ਅੱਡਣਸ਼ਾਹੀ ਕਮੇਟੀ ਅਗੋਂ ਲਈ ਨਵਾਂ ਮਹੰਤ ਥਾਪਿਆ ਕਰੇਗੀ।
6. ਜੇ ਕੋਈ ਸੇਵਾਪੰਥੀ ਅੱਡਣਸ਼ਾਹੀ ਮਹੰਤ ਇਸ ਸੇਵਾਪੰਥੀ ਅੱਡਣਸ਼ਾਹੀ ਕਮੇਟੀ ਨਾਲ ਆਪਣੇ ਟਿਕਾਣੇ ਨੂੰ ਸਬੰਧਤ ਕਰਕੇ ਉਪਰ ਲਿਖੀਆਂ ਗੱਲਾਂ ਨਾ ਮੰਨੇ ਤਦ ਉਸ ਵਿਰੁੱਧ ਕਾਰਵਾਈ ਲਈ ਸੇਵਾਪੰਥੀ ਕਮੇਟੀ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਿਲ ਕੇ ਯਤਨ ਕਰਨਗੀਆਂ।

ਇਸ ਇਕਰਾਰਨਾਮੇ ਦੀ ਲੋਅ ਵਿਚ ਸੇਵਾਪੰਥੀ ਅੱਡਣਸ਼ਾਹੀ ਸਭਾ ਰਜਿਸਟਰ ਕਰਵਾਈ ਗਈ ਅਤੇ ਉਸ ਦੇ ਉਦੇਸ਼, ਨਿਯਮ ਅਤੇ ਉਪਨਿਯਮ ਤਿਆਰ ਕੀਤੇ ਗਏ। ਅੱਜ ਕਲ ਇਸ ਸਭਾ ਦੇ ਪ੍ਰਧਾਨ ਸ੍ਰੀਮਾਨ ਮਹੰਤ ਤੀਰਥ ਸਿੰਘ ਜੀ ਹਨ। ਇਨ੍ਹਾਂ ਦੀ ਅਗਵਾਈ ਹੇਠ ਟਿਕਾਣਾ ਭਾਈ ਜਗਤਾ ਜੀ, ਗੋਨਿਆਣਾ ਮੰਡੀ (ਬਠਿੰਡਾ) ਵਿਖੇ ਭਾਈ ਆਸਾ ਸਿੰਘ ਗਰਲਜ਼ ਕਾਲਜ, ਭਾਈ ਜਗਤਾ ਜੀ ਮਾਡਲ ਸਕੂਲ, ਭਾਈ ਸਹਿਜ ਰਾਮ ਗਿਆਨੀ ਕਾਲਜ ਅਤੇ ਭਾਈ ਕਨ੍ਹਈਆ ਚੈਰੀਟੇਬਲ ਹਸਪਤਾਲ ਸਫ਼ਲਤਾ ਨਾਲ ਜਨ-ਕਲਿਆਣ ਦੇ ਲਾਭ ਹਿੱਤ ਚਲ ਰਹੇ ਹਨ। ਮਹੰਤ ਤੀਰਥ ਸਿੰਘ ਜੀ ਗੁਰਬਾਣੀ ਦੇ ਪ੍ਰਚਾਰ ਲਈ ਨਿਰੰਤਰ ਪ੍ਰਯਾਸਸ਼ੀਲ ਹਨ। ਮਹੰਤ ਸਾਹਿਬ ਨੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਵਿਦਵਤਾ ਭਰਪੂਰ ਪ੍ਰਮਾਣ ਦੇ ਕੇ ਕਰਦੇ ਹਨ ਅਤੇ ਹਰਿ-ਨਾਮ ਸਿਮਰਣ ਲਈ ਪ੍ਰਚਾਰ ਕਰਦੇ ਹਨ। ਆਪ ਜੀ ਦੇ ਉਦਮ ਨਾਲ ਗੁਰਬਾਣੀ ਦੇ ਅਖੰਡ ਪਾਠਾਂ ਦਾ ਪ੍ਰਵਾਹ ਆਪ ਦੇ ਸਾਰੇ ਡੇਰਿਆਂ ਵਿਚ ਚਲਦਾ ਰਹਿੰਦਾ ਹੈ। ਸ੍ਰੀਮਾਨ ਮਹੰਤ ਤੀਰਥ ਸਿੰਘ ਜੀ ਦੀ ਸਰਪਰਸਤੀ ਹੇਠ ਸਰਬ ਹਿੰਦ ਸਿੱਖ ਐਜੂਕੇਸ਼ਨ ਕਾਨਫਰੰਸ 1985 ਵਿਚ ਗੋਨਿਆਨਾ ਮੰਡੀ ਅਤੇ ਨਵੰਬਰ 19-21, 1988 ਨੂੰ ਗੁਰਦੁਆਰਾ ਭਾਈ ਜਗਤਾ ਜੀ, ਮਲੋਟ ਵਿਖੇ ਆਯੋਜਿਤ ਕੀਤੀ ਗਈ। ਮਹੰਤ ਜੀ ਦੀ ਅਗਵਾਈ ਵਿਚ ਪਟਿਆਲਾ ਵਿਖੇ ਸਿੱਖ ਐਜੂਕੇਸ਼ਨ ਕਾਨਫ਼ਰੰਸ ਮਿਤੀ 3-10 ਮਈ, 1992 ਨੂੰ ਆਯੋਜਿਤ ਕੀਤੀ ਗਈ। ਸਿੱਖ ਜਗਤ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰਿਆਂ ਦੇ ਮੁਖੀਆਂ/ਪ੍ਰਬੰਧਕਾਂ ਨੂੰ ਇਕ ਥਾਂ ਇਕੱਤਰ ਕਰਕੇ ਗੁਰਮਤਿ ਪ੍ਰਚਾਰ ਲਈ ਪ੍ਰੇਰਣਾ ਦੇ ਕੇ ਸ੍ਰੀਮਾਨ ਮਹੰਤ ਤੀਰਥ ਸਿੰਘ ਜੀ ਨੇ ਪ੍ਰਸੰਸਾਜਨਕ ਕਾਰਜ ਕੀਤਾ ਹੈ।

ਮਹੰਤ ਤੀਰਥ ਸਿੰਘ ਜੀ ਨੇ ਸੇਵਾਪੰਥੀ ਸੰਤਾਂ ਦੇ ਨੈਤਿਕ ਅਤੇ ਧਾਰਮਿਕ ਨਿਯਮਾਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ :

1. ਕਿਰਤ ਵਿਰਤ ਧਰਮ ਦੀ ਕਰੇ, ਉਨੀ ਕਮਾਈ ਕਰੇ ਜੋ ਸਰੀਰਕ ਲੋੜਾਂ ਪੂਰੀਆਂ ਕਰ ਸਕੇ ਇਸ ਤੋਂ ਵੱਧ ਕਰਨੀ ਜਾਂ ਧਨ ਜੋੜਨ ਦੀ ਲਾਲਸਾ ਕਰਨੀ ਵਰਜਿਤ ਹੈ।
2. ਟਿਕਾਣੇ ਵਿਚ ਰਹਿਣ ਵਾਲਾ ਸਾਧੂ ਟਿਕਾਣੇਦਾਰ ਸਾਧੂ ਦਾ ਪੂਰਨ ਸਤਿਕਾਰ ਕਰੇ। ਉਹ ਇਹ ਜਾਣੇ ਕਿ ਪਦਵੀ ਟਿਕਾਣੇਦਾਰ ਨੂੰ ਨਿਰੰਕਾਰ ਨੇ ਆਪ ਬਖਸ਼ੀ ਹੈ। ਇਸੇ ਲਈ ਉਸ ਦਾ ਸਤਿਕਾਰ ਕਰਨਾ ਨਿਰੰਕਾਰ ਦਾ ਸਤਿਕਾਰ ਕਰਨਾ ਹੈ।
3. ਟਿਕਾਣੇ ਵਿਚ ਰਹਿਣ ਵਾਲਾ ਸਾਧੂ ਟਿਕਾਣੇ ਨੂੰ ਆਪਣਾ ਟਿਕਾਣਾ ਜਾਣ ਕੇ ਟਿਕਾਣੇ ਦਾ ਹਰ ਕੰਮ ਆਪਣੇ ਆਪ, ਬਿਨਾਂ ਆਖੇ ਦੇ ਕਰੇ। ਟਿਕਾਣਾ ਹਰ ਦਾ ਸਾਂਝਾ ਹੈ ਤੇ ਉਸ ਵਿਚ ਹਾਰਦਿਕ ਸਾਂਝ ਪਾਣੀ ਆਪਸੀ ਪ੍ਰੀਤ ਕਰਨ ਦਾ ਇਕ ਵਸੀਲਾ ਹੈ।

4. ਅਦਬ ਆਦਾਬ ਕਰਨਾ ਕੇਵਲ ਟਿਕਾਣੇ ਵਿਚ ਰਹਿਣ ਵਾਲੇ ਸਾਧੂ ਦਾ ਹੀ ਫਰਜ਼ ਨਹੀਂ ਸਗੋਂ ਟਿਕਾਣੇਦਾਰ ਨੂੰ ਵੀ ਚਾਹੀਦਾ ਹੈ ਕਿ ਉਹ ਟਿਕਾਣੇ ਵਿਚ ਰਹਿੰਦੇ ਸਾਧਾਂ ਦਾ ਸਤਿਕਾਰ ਉਨ੍ਹਾਂ ਨੂੰ ਆਪਣਾ ਸਰੂਪ ਜਾਣ ਕੇ ਹੀ ਕਰੇ। ਪਰਸਪਰ ਸਾਰਿਆਂ ਨਾਲ ਬਰਾਬਰੀ ਦਾ ਸਲੂਕ ਕਰਨਾ ਹੀ ਉਚਿਤ ਹੈ।
5. ਕਿਸੇ ਸੇਵਾਪੰਥੀ ਨੂੰ ਅੰਮ੍ਰਿਤ ਵੇਲਾ ਕਿਸੇ ਵੀ ਕੀਮਤ ਤੇ ਵੀ ਖੁੰਝਾਣਾ ਨਹੀਂ ਚਾਹੀਦਾ। ਉਸ ਨੂੰ ਅੰਮ੍ਰਿਤ ਵੇਲੇ ਉਠ ਕੇ ਨਾਮ ਦਾਨ-ਇਸ਼ਨਾਨ ਦ੍ਰਿੜਾਣਾ ਚਾਹੀਦਾ ਹੈ। 'ਆਪਿ ਜਪਹੁ ਅਵਰਹੁ ਨਾਮ ਜਪਾਵਹੁ' ਦੇ ਸੁਨਹਿਰੀ ਅਸੂਲ ਨੂੰ ਸਦਾ ਨਿਭਾਉਣ ਦਾ ਯਤਨ ਕਰਨਾ ਚਾਹੀਦਾ ਹੈ।
6. ਅੰਮ੍ਰਿਤ ਵੇਲੇ ਨਾਮ-ਦਾਨ ਇਸ਼ਨਾਨ ਤੋਂ ਵਿਹਲੇ ਹੋ ਕੇ ਗੁਰਬਾਣੀ ਦੇ ਕੀਰਤਨ ਤੇ ਕਥਾ ਨੂੰ ਲਾਜ਼ਮੀ ਤੌਰ ਤੇ ਸੁਣਨਾ ਚਾਹੀਦਾ ਹੈ। ਉਹ ਸੁਣਨ ਸਮੇਂ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਰੱਖੇ। ਸ਼ਬਦ ਤੇ ਸੁਰਤਿ ਦੇ ਸੰਯੋਗ ਤੋਂ ਹੀ ਪਰਮ-ਪਦ ਦੀ ਪ੍ਰਾਪਤੀ ਹੁੰਦੀ ਹੈ।
7. ਦੇਰ ਤੱਕ ਸੰਗਤ ਵਿਚ ਬੈਠ ਕੇ ਰਾਤ ਨੂੰ ਵੀ ਕੀਰਤਨ ਸੁਣਨਾ ਜ਼ਰੂਰੀ ਹੈ। ਸੰਗਤ ਵਿਚ ਬਹਿ ਕੇ ਕੀਰਤਨ ਕਥਾ ਸੁਣਨੀ ਸਤਿਗੁਰੂ ਜੀ ਦੀ ਸੰਗਤ ਕਰਨ ਦੇ ਤੁਲ ਹੈ।
8. ਸਾਧਾਂ ਦਾ ਪਰਸਪਰ ਪ੍ਰੇਮ ਇਸ ਕਦਰ ਹੋਣਾ ਚਾਹੀਦਾ ਹੈ ਕਿ ਉਹ ਇਕ ਦੂਜੇ ਨੂੰ ਆਪਣਾ ਲੋਕ-ਪਰਲੋਕ ਦਾ ਮਿੱਤਰ ਸਮਝਣ ਤੇ ਮਨ ਦੇ ਮੇਲੀ ਹੋਵਨ।
9. ਹਰ ਸਾਧ ਪਾਸ ਸਤ-ਸੰਤੋਖ, ਦਇਆ-ਧਰਮ, ਜਤਿ-ਸਤਿ, ਵਿਚਾਰ, ਵੈਰਾਗ ਆਦਿ ਦੈਵੀ ਗੁਣਾਂ ਦੀ ਸੰਪਤੀ ਹੋਣੀ ਚਾਹੀਦੀ ਹੈ। ਉਸ ਨੂੰ ਹਰ ਤਰ੍ਹਾਂ ਨਾਲ ਕਾਮ ਕ੍ਰੋਧ, ਲੋਭ, ਮੋਹ ਅਹੰਕਾਰ, ਈਰਖਾ, ਨਿੰਦਿਆ ਆਦਿ, ਅਸੁਰੀ ਗੁਣਾਂ ਦਾ ਤਿਆਗ ਕਰਨ ਲਈ ਹਾਰਦਿਕ ਯਤਨ ਕਰਨਾ ਚਾਹੀਦਾ ਹੈ ਤੇ ਇਸ ਯਤਨ ਵਿਚ ਰਹਿੰਦਿਆਂ ਵਧੇਰੇ ਸਫ਼ਲ ਹੋ ਸਕਦਾ ਹੈ।
10. ਜਿਥੋਂ ਤਕ ਹੋ ਸਕੇ ਇਸਤ੍ਰੀ ਦੀ ਸੰਗਤ ਤੋਂ ਪਰਹੇਜ਼ ਕਰੋ। ਸਗੋਂ ਹੋ ਸਕੇ ਤਾਂ ਮਾਂ ਨਾਲ ਵੀ ਇਕੱਲ ਨਾ ਮਾਣੋ, ਕਿਉਂਕਿ ਇਸਤ੍ਰੀ ਧਰਮ, ਕਰਮ, ਤਨ ਤੇ ਮਨ ਦੀ ਨਾਸ਼ਕ ਹੈ।
11. ਟਿਕਾਣੇ ਦੇ ਸਾਧ ਨੂੰ ਚਾਹੀਦਾ ਹੈ ਕਿ ਉਹ ਜਿਸ ਟਿਕਾਣੇ ਵਿਚ ਰਹਿੰਦਾ ਹੈ ਉਸ ਨਾਲ ਹੀ ਜੁੜਿਆ ਰਹੇ। ਕੋਈ ਦੂਜਾ ਟਿਕਾਣਾ ਨਾ ਬਦਲੇ। ਜੇਕਰ ਕੋਈ ਸਾਧੂ ਐਸਾ ਕਰੇ ਤਾਂ ਜਿਸ ਟਿਕਾਣੇ ਵਿਚ ਉਹ ਟਿਕੱਣ ਲਈ ਜਾਏ ਉਸ ਦਾ ਟਿਕਾਣੇਦਾਰ ਪੂਰੀ ਪੁੱਛ ਗਿੱਛ ਕਰੇ। ਜੇਕਰ ਟਿਕਾਣਾ ਬਦਲਣ ਦਾ ਕਾਰਜ ਕੋਈ ਮਨਮਤ ਜਾਂ ਝਗੜਾ ਹੋਵੇ ਤਾਂ ਉਸ ਨੂੰ ਆਪਣੇ ਪਾਸ ਟਿਕਣ ਦੀ ਆਗਿਆ ਨਾ ਦੇਵੇ।
12. ਜੇਕਰ ਕੋਈ ਇਕ ਟਿਕਾਣੇ ਦਾ ਬੰਦਾ ਕਿਸੇ ਦੂਜੇ ਟਿਕਾਣੇ ਤੇ ਜਾ ਕੇ ਸਾਧ ਬਣਨ ਲਈ ਜਾਚਨਾ ਕਰੇ ਤਾਂ ਇਹ ਹੱਕ ਉਸ ਨੂੰ ਪੂਰੀ ਘੋਖ ਜੋਖ ਕਰਨ ਤੋਂ ਮਗਰੋਂ ਹੀ ਦਿੱਤਾ ਜਾਵੇ। ਸਹਿਜੇ ਕਰਕੇ ਉਸ ਨੂੰ ਸਾਧਗਿਰੀ ਦੀ ਪਦਵੀ ਦੇਣੀ ਉਚਿਤ ਨਹੀਂ।
13. ਲੈਣ ਦੇਣ ਦਾ ਸੰਬੰਧ ਕੇਵਲ ਉਸ ਡੇਰੇ ਨਾਲ ਹੋਣਾ ਚਾਹੀਦਾ ਹੈ ਜਿਥੇ ਕੋਈ ਸਾਧ ਰਹਿੰਦਾ ਹੈ। ਵੱਖਰਾ ਗੰਢ ਮੇਲ ਰੱਖਣਾ ਵਰਜਿਤ ਹੈ।

## ਟਿਕਾਣੇ ਦਾ ਉਤਰਾਧਿਕਾਰੀ ਸਥਾਪਿਤ ਕਰਨ ਦੇ ਨੇਮ

ਟਿਕਾਣੇ ਕੋਈ ਜੱਦੀ ਜਾਇਦਾਦ ਨਹੀਂ ਅਤੇ ਨਾ ਹੀ ਕਿਸੇ ਦੀ ਵਿਰਾਸਤ ਬਣ ਸਕਦੀ ਹੈ। ਟਿਕਾਣੇਦਾਰ

ਮਹੰਤ ਇਕ ਪ੍ਰਬੰਧਕ ਹੈ ਜਿਸ ਨੇ ਟਿਕਾਣੇ ਦਾ ਯੋਗ ਪ੍ਰਬੰਧ ਕਰਨਾ ਹੈ। ਅੱਗੋਂ ਲਈ ਮਹੰਤ ਦੀ ਥਾਪਣਾ ਵੀ ਕਿਰਤ ਵਿਰਤ ਦੇ ਸੁੱਚੇ, ਉੱਚੇ ਆਦਰਸ਼ੀ, ਨੇਮ-ਪ੍ਰੇਮ ਵਿਚ ਪੱਕੇ ਕਿਸੇ ਚੰਗੇ ਸੇਵਾਪੰਥੀ ਸਾਧੂ ਨੂੰ ਹੀ ਕੀਤੀ ਜਾਂਦੀ ਹੈ। ਇਸ ਵਿਚ ਸ਼ੱਕ ਨਹੀਂ ਕਿ ਇਹ ਚੋਣ ਬਹੁਤ ਕਰਕੇ ਮੌਜੂਦਾ ਮਹੰਤ ਦੀ ਰਾਏ ਤੇ ਮਨਜ਼ੂਰੀ ਅਨੁਸਾਰ ਹੀ ਹੁੰਦੀ ਹੈ ਪਰ ਇਸ ਚੋਣ ਵਿਚ ਟਿਕਾਣੇ ਨਾਲ ਸਬੰਧਤ ਸਿੱਖਾਂ ਤੇ ਸੇਵਾ ਪੰਥੀ ਸਾਧੂ ਸਮਾਜ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਤੇ ਸਰਬ ਸੰਮਤੀ ਨਾਲ ਹੀ ਫੈਸਲਾ ਕੀਤਾ ਜਾਂਦਾ ਹੈ। ਟਿਕਾਣੇ ਦੀ ਸੌਂਪਣਾ ਸਮੇਂ ਕੇਵਲ ਇਕ ਕਟੋਰੇ ਤੇ ਝਾੜੂ ਦੀ ਹੀ ਸੌਂਪਣਾ ਕੀਤੀ ਜਾਂਦੀ ਹੈ। ਇਹ ਕਟੋਰਾ ਤੇ ਝਾੜੂ ਪ੍ਰਤੀਕ ਹੈ ਸੇਵਾ ਦਾ, ਜੋ ਅਸਲ ਵਿਰਸਾ ਹੈ, ਇਕ ਸੇਵਾਪੰਥੀ ਸਾਧੂ ਦਾ।

## ਸਿੱਖ ਪੰਥ ਨਾਲ ਸੰਬੰਧ

ਸੇਵਾ ਪੰਥੀ ਸੰਪ੍ਰਦਾਇ ਗੁਰੂ ਵਰੋਸਾਏ ਸਹਿਜਧਾਰੀ ਗੁਰੂ-ਪ੍ਰੇਮੀ ਭਾਈ ਕਨੀਆ ਜੀ ਦੇ ਜੀਵਨ ਆਦਰਸ਼ ਨੂੰ ਲੈ ਕੇ ਮਾਨਵਤਾ ਦੀ ਸੇਵਾ ਨੂੰ ਸਮਰਪਿਤ ਰਹੀ ਹੈ। ਭਾਵੇਂ ਇਸ ਸੰਸਥਾ ਨੇ ਗੁਰੂ-ਸ਼ਬਦ ਦੇ ਅਭਿਆਸ ਨੂੰ ਜੀਵਨ ਦਾ ਆਧਾਰ ਬਣਾਈ ਰਖਿਆ ਹੈ ਅਤੇ ਨਾਮ-ਬਾਣੀ ਦੇ ਪ੍ਰਕਾਸ਼ ਨੂੰ ਹੀ ਜੀਵਨ ਆਧਾਰ ਬਣਾਈ ਰਖਿਆ ਹੈ ਅਤੇ ਹੁਣ ਬਹੁਤੇ ਸੰਤਾਂ-ਮਹੰਤਾਂ ਨੇ ਖੰਡੇ-ਬਾਟੇ ਦਾ ਅੰਮ੍ਰਿਤਪਾਨ ਵੀ ਕਰ ਲਿਆ ਹੈ, ਫਿਰ ਭੀ ਇਸ ਸੰਪ੍ਰਦਾਇ ਵਿਚ ਖਾਲਸਈ ਰਹਿਤ, ਗੁਣ ਰੂਪ ਵਿਚ ਕੰਮ ਕਰਦੀ ਰਹੀ ਹੈ ਅਤੇ ਵਿਅਕਤੀਗਤ ਡੇਰਾਵਾਦੀ ਨਿਰਮਰਯਾਦਾ ਮੂਲ-ਰੂਪ ਵਿਚ ਪ੍ਰਭਾਵਕਾਰੀ ਰਹੀ ਹੈ। ਖਾਲਸਈ ਸੰਘਰਸ਼ਾਂ ਵਿਚ ਜੋਧਾ-ਬ੍ਰਿਤੀ ਅਧੀਨ ਜੂਝ ਕੇ ਗੁਰੂ ਦੀ ਸੇਵਾ ਕਰਨ ਤੋਂ ਇਹ ਪੰਥ ਕੰਨੀ ਕਤਰਾਉਂਦਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਪੰਚ-ਪ੍ਰਧਾਨੀ ਵਿਵਸਥਾ ਕਾਇਮ ਕੀਤੀ ਸੀ ਉਸ ਨੂੰ ਅਪ੍ਰਵਾਨ ਕਰਕੇ ਇਹ ਸੰਪ੍ਰਦਾਇ ਵਿਅਕਤੀਵਾਦੀ ਮਹੰਤ-ਗੀਰੀ ਨੂੰ ਹੁਣ ਤੀਕ ਇੰਞ ਪ੍ਰੋਤਸਾਹਿਤ ਕਰਦੀ ਹੈ ਕਿ ਮਹੰਤ ਨੂੰ ਲੋਕ ਸੇਵਕ ਨਾਲੋਂ ਨਿਰੰਕਾਰ ਦਾ ਏਜੰਟ ਕਹਿਣ ਵਿਚ ਸੰਕੋਚ ਨਹੀਂ ਕੀਤਾ ਜਾਂਦਾ ਅਤੇ ਜਿਸ ਤਰ੍ਹਾਂ ਇਸ ਸੰਪ੍ਰਦਾਇ ਵਿਚ ਇਸਤ੍ਰੀ ਦਾ ਰੂਪ ਬੁਰਾ ਚਿਤ੍ਰਿਆ ਗਿਆ ਹੈ, ਉਹ ਸਿੱਖ ਧਰਮ ਦੀ ਮੂਲ ਭਾਵਨਾ ਦੇ ਵਿਪਰੀਤ ਹੀ ਨਹੀਂ ਹੈ ਬਲਕਿ ਨਵੀਨ ਯੁਗ ਵਿਚ ਚੱਲ ਰਹੀ ਇਹ ਪਿਛਾਂਹ-ਖਿਚੂ ਪਰਵਿਰਤੀ ਸ਼ਲਾਘਾਯੋਗ ਨਹੀਂ। ਫਿਰ ਭੀ ਇਹਨਾਂ ਟਿਕਾਣਿਆਂ ਮਾਨਵ-ਸੇਵਾ, ਜੋ ਪਿਛਲੇ ਸਮਿਆਂ ਵਿਚ ਕੀਤੀ, ਉਸ ਕਾਰਨ ਲੋਕਾਂ ਵਿਚ ਇਨ੍ਹਾਂ ਦਾ ਪ੍ਰਭਾਵ ਕਾਇਮ ਹੈ।

ਅੱਜ ਸਿੱਖ ਕੌਮ ਗੰਭੀਰ ਸੰਕਟ ਵਿਚ ਹੈ। ਸਮੇਂ ਦੇ ਫੇਰ ਨਾਲ ਇਹ ਸੰਕਟ ਵੱਧ ਰਿਹਾ ਹੈ। ਸਿੱਖ ਇਤਿਹਾਸ ਨੂੰ ਜੇ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਪਤਾ ਚਲਦਾ ਹੈ ਕਿ ਸਿੱਖ ਕੌਮ ਪਹਿਲਾਂ ਵੀ ਕਈ ਵਾਰੀ ਸੰਕਟਾਂ ਵਿਚ ਗ੍ਰਸੀ ਰਹੀ ਹੈ। ਹਰ ਵਾਰੀ ਸੰਕਟ ਦੇ ਹੱਲ ਲਈ ਅਕਾਲ ਪੁਰਖ ਨੇ ਸਹਾਇਤਾ ਕੀਤੀ ਹੈ। ਖਾਲਸਾ ਪੰਥ ਦੇ ਸੂਰਬੀਰ ਨੌਜਵਾਨ ਸੰਸਾਰ ਦੇ ਹਰ ਕੋਨੇ ਵਿਚ ਵੱਖ ਵੱਖ ਖੇਤਰਾਂ ਵਿਚ ਮਹੱਤਵਪੂਰਣ ਕਾਰਜ ਸਫ਼ਲ ਕਰਕੇ ਕੌਮ ਦਾ ਨਾਮ ਰੌਸ਼ਨ ਕਰ ਰਹੇ ਹਨ। ਅੱਜ ਲੋੜ ਹੈ ਆਪਸੀ ਏਕਤਾ ਦੀ, ਆਪਣੇ ਵਿਰਸੇ ਨੂੰ ਪਛਾਣਨ ਦੀ, ਸਿੱਖ ਧਰਮ ਦੇ ਗੌਰਵਮਈ ਸਿਧਾਂਤਾਂ ਅਨੁਸਾਰ ਜੀਵਨ ਢਾਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਜੁੜ ਕੇ ਬੈਠਣ ਦੀ। ਨਵ-ਜੀਵਨ ਵਿਚ ਪ੍ਰਵੇਸ਼ ਕਰ ਰਹੇ ਨੌਜਵਾਨਾਂ ਨੂੰ ਗੁਰਮਤਿ ਅਨੁਸਾਰ ਜੀਵਨ ਢਾਲਣ ਲਈ ਕਿਵੇਂ ਪ੍ਰੇਰਣਾ ਦਿੱਤੀ ਜਾਵੇ ? ਗੁਰਬਾਣੀ ਨੂੰ ਘਰ ਤਕ ਕਿਵੇਂ ਪਹੁੰਚਾਇਆ ਜਾਵੇ ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਸੇਵਾਪੰਥੀ ਸੰਤਾਂ ਦੇ ਜੀਵਨ ਵਿਚ ਮੌਜੂਦ ਹਨ ਜਿਨ੍ਹਾਂ ਨੇ ਸੇਵਾ ਤੇ ਸਿਮਰਨ ਨੂੰ ਆਧਾਰ ਬਣਾ ਕੇ ਜੀਵਨ ਸਮਰਪਿਤ ਕੀਤਾ ਹੋਇਆ ਹੈ। ਅੱਜ ਇਨ੍ਹਾਂ ਪਰਉਪਕਾਰੀ ਸੰਤਾਂ ਦੇ ਉਦਮ ਨਾਲ ''ਇਕ ਬਾਣੀ, ਇਕ ਗੁਰੂ-ਇਕੋ ਸ਼ਬਦ ਵਿਚਾਰ'' ਦੇ ਆਦਰਸ਼ ਨੂੰ ਪ੍ਰਚਾਰ ਕੇ ਖਾਲਸਾ ਪੰਥ ਵਿਚ ਏਕਤਾ, ਸਾਂਝ ਤੇ ਸਹਿਯੋਗ ਦਾ ਵਾਯੂਮੰਡਲ ਕਾਇਮ ਕੀਤਾ ਜਾ ਸਕਦਾ ਹੈ।

## ਵਧੇਰੇ ਜਾਣਕਾਰੀ ਲਈ ਇਹ ਪੁਸਤਕਾਂ ਵਾਚੀਆਂ ਜਾਣ


1. ਡਾ. ਗੁਰਮੁਖ ਸਿੰਘ ਦੁਆਰਾ ਸੰਪਾਦਿਤ, *ਪਾਰਸ ਭਾਗ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1983
2. ਸਹਜ ਰਾਮ, *ਪਰਚੀਆਂ ਸ੍ਰੀ ਕਨ੍ਹਈਆ ਜੀ,* 1966
3. ਡਾ. ਬਲਬੀਰ ਸਿੰਘ ਨੰਦਾ, *ਪੁਰਾਤਨ ਸਿੱਖ ਸੰਪ੍ਰਦਾਇ,* ਚੰਡੀਗੜ੍ਹ, 1984
4. ਡਾ. ਬਲਕਾਰ ਸਿੰਘ, ਸੰਪਾਦਕ, *ਨਾਨਕ ਪ੍ਰਕਾਸ਼ ਪ੍ਰਤਿਕਾ,* ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 1989 (ਸੇਵਾਪੰਥੀ ਵਿਸ਼ੇਸ਼ ਅੰਕ)।
5. ਸੰਤ ਲਾਲ ਜੀ, *ਸ੍ਰੀ ਸੰਤ ਰਤਨ ਮਾਲਾ,* ਟਿਕਾਣਾ ਭਾਈ ਰਾਮ ਕਿਸ਼ਨ, ਪਟਿਆਲਾ, ਤੀਜੀ ਛਾਪ, 1955 ਈ.

**ਪਾਠ ਨੰਬਰ : 2.5**

# ਨਿਰਮਲਾ ਸੰਪ੍ਰਦਾਇ ਦਾ ਆਰੰਭ, ਵਿਕਾਸ ਅਤੇ ਵਿਸ਼ੇਸ਼ ਸਿਧਾਂਤ

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਵਿਦਵਾਨ ਤੇ ਵਿਚਾਰਵਾਨ ਸੰਤਾਂ ਦੀ ਸੰਪ੍ਰਦਾਇ ਦਾ ਨਾਉਂ ਨਿਰਮਲਾ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦੇ ਆਦਿ ਬਾਰੇ ਨਿਸ਼ਚੇ ਨਾਲ ਕੁਝ ਲਿਖਣਾ ਕਠਿਨ ਹੈ। ਨਿਰਮਲੇ ਸੰਤ ਭਾਈ ਗੁਰਦਾਸ ਦੀ ਇਸ ਟੂਕ, 'ਨਾਨਕ ਨਿਰਮਲ ਪੰਥ ਚਲਾਇਆ' (ਵਾਰ 1, 45) ਦਾ ਆਸਰਾ ਲੈ ਕੇ ਇਹ ਵਿਚਾਰ ਪ੍ਰਸਤੁਤ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਹੀ ਇਸ ਸੰਪ੍ਰਦਾਇ ਦੇ ਮੋਢੀ ਸਨ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਨਿਰਮਲੇ ਸੰਤ ਗੁਰਬਾਣੀ ਵਿਚੋਂ ''ਨਿਰਮਲ'' ਪਦ ਨਾਲ ਸੰਬੰਧਿਤ ਤੁਕਾਂ ਪੇਸ਼ ਕਰਕੇ ਆਪਣੇ ਵਿਤ ਅਨੁਸਾਰ ਅਰਥ ਕੱਢਦੇ ਹੋਏ ਇਹ ਸਿੱਧ ਕਰਨ ਦਾ ਯਤਨ ਕਰਦੇ ਹਨ ਕਿ ਇਸ ਸੰਪ੍ਰਦਾਇ ਦਾ ਆਦਿ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ। ਪਰ ਇਤਿਹਾਸਕਾਰਾਂ ਦਾ ਕਥਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਭਾਈ ਰਾਮ ਸਿੰਘ, ਭਾਈ ਕਰਮ ਸਿੰਘ, ਭਾਈ ਗੰਡਾ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਸੋਭਾ ਸਿੰਘ) ਨੂੰ ਜੋ ਬ੍ਰਹਮਚਾਰੀ ਸਨ, ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਸ਼ੀ (ਬਨਾਰਸ) ਘਲਿਆ ਸੀ। ਇਹ ਵਿਦਵਾਨ ਜਦ ਸ਼ਾਸਤਰੀ ਵਿਦਿਆ ਵਿਚ ਨਿਪੁੰਨ ਹੋ ਕੇ ਗੁਰੂ ਜੀ ਪਾਸ ਵਰਤੇ ਤਾਂ ਇਨ੍ਹਾਂ ਨੂੰ ''ਨਿਰਮਲੇ'' ਕਹਿ ਕੇ ਸਤਿਕਾਰਿਆ ਗਿਆ। ਇਨ੍ਹਾਂ ਦੇ ਵਿਦਿਆਰਥੀ ਜੋ ਜਤੀ ਰਹਿ ਕੇ, ਨਿਰਮਲ ਬਸਤਰ ਧਾਰਨ ਕਰ ਕੇ, ਨਾਮ ਅਭਿਆਸ ਕਰਦੇ ਹੋਏ ਗੁਰਬਾਣੀ ਦਾ ਪ੍ਰਚਾਰ ਕਰਦੇ ਸਨ ਉਹ ਨਿਰਮਲ ਕਹੇ ਜਾਂਦੇ ਸਨ। ਸਮੇਂ ਦੇ ਫੇਰ ਨਾਲ ਇਨ੍ਹਾਂ ਦੀ ਗਿਣਤੀ ਵਧਦੀ ਗਈ ਅਤੇ ਧਰਮ ਪ੍ਰਚਾਰ ਲਈ ਇਨ੍ਹਾਂ ਨੇ ਜੋ ਧਰਮਸ਼ਾਲਾ ਬਣਾਈਆਂ ਉਹ ਸਥਾਨ ਨਿਰਮਲੇ ਸੰਤਾਂ ਦੇ ਡੇਰੇ ਬਣ ਗਏ।

ਮਹੰਤ ਗਣੇਸ਼ਾ ਸਿੰਘ ਜੀ ਨੇ ਆਪਣੀ ਪੁਸਤਕ ''ਭਾਰਤ ਮਤ ਦਰਪਣ'', 1926 ਈ. ਦੇ ਪੰਨਾ 187 ਉਪਰ ਨਿਰਮਲੇ ਸੰਤਾਂ ਸੰਬੰਧੀ ਜੋ ਵਿਚਾਰ ਅੰਕਿਤ ਕੀਤੇ ਹਨ, ਉਨ੍ਹਾਂ ਵਿਚੋਂ ਮਹੱਤਵਪੂਰਣ ਅੰਸ਼ ਇਸ ਪ੍ਰਕਾਰ ਹਨ :

1. ਚਰਨਾਮ੍ਰਿਤ ਪਾਠ ਕਰਕੇ ਇਸ ਪਰ ਕੇਸ ਅਰਥਾਤ ਜਟਾਜੂਟ ਪੰਜਕੇਸ਼ ਸਮੇਤ ਰਹਿਣਾ, ਗਲੇ ਵਿਚ ਲੰਮਾ ਚੋਲਾ ਜਾਂ ਗਾਤੀ, ਸਿੱਧੀ ਛੋਟੀ ਦਸਤਾਰ, ਜਪ ਮਾਲਾ, ਆਸਨ, ਪਾਠ ਦੀ ਪੁਸਤਕ, ਤੇ ਹੱਥ ਵਿਚ ਪਾਤ੍ਰ, ਇਸ ਤਰ੍ਹਾਂ ਮ੍ਰਿਯਾਦਾ ਸੰਯੁਕਤ ਰਹਿਣਾ ਨਿਰਮਲ ਮਤ ਦਾ ਪੱਕਾ ਚਿੰਨ੍ਹ ਹੈ। ਵਿਰੱਕਤ ਦਸ਼ਾ ਵਿਖੇ ਰਹਿ ਕੇ ਵਿਦਯਾ ਪੜ੍ਹਨੀ, ਗੁਰੂ ਦੀ ਸੇਵਾ, ਤੀਰਥ ਯਾਤਰਾ ਕਰ ਕੇ ਸੰਤ ਸੰਗ ਦਵਾਰੇ ਗਯਾਨ ਮਾਰਗ ਵਿਖੇ ਪ੍ਰਬਿਰਤਣਾ ਮੁੱਖ ਉਦੇਸ਼ ਹੈ, ਹੋਰ ਡੇਰੇ ਆਦਿ ਰਹਿ ਕੇ ਸੇਵਾ ਨੂੰ ਮੁੱਖ ਸਮਝਣਾ ਆਦਿ, ਆਦਿ।
2. ਮੋਨੇ ਦਾ ਜੂਠਾ ਖਾਣਾ, ਮਾਦਕ ਦ੍ਰਵ, ਹਾਸ, ਨਾਚ ਸਭੋ ਵਿਵਰਜਤ ਹਨ।
3. ਪ੍ਰਚਾਰ ਹਿੱਤ ਵਿਚਰਨਾ, ਸਿਰਫ ਰੋਟੀ ਮਧੂਕੜੀ ਹਿੰਦੂ ਮਾਤ੍ਰ ਦੀ ਲੈ ਕੇ ਖਾਣੀ। ਪਦਾਰਥ ਦਾ ਸੰਗ੍ਰਹਿ ਨਹੀਂ ਕਰਨਾ, ਇਸਤ੍ਰੀ ਨਹੀਂ ਕਰਨੀ, ਨਾਮ ਦਾਨ ਪ੍ਰਦਾਨ ਕਰਨਾ ਤੇ ਗੁਰਮਤ ਪ੍ਰਚਾਰ ਵਿਖੇ ਸਮਾਂ ਬਤੀਤ ਕਰਨਾ (ਪਰ ਅਜਪਾ ਜਾਪ ਤੇ ਅਭਿਆਸ ਨੂੰ ਵਧਾਉਣਾ) ਪਰੰਤੂ ਵੇਦਾਂਤ ਅਧਿਕ ਪੜ੍ਹਨਾ।
4. ਦੀਵਾਲੀ, ਵੈਸਾਖੀ ਸਮੇਂ ਅੰਮ੍ਰਿਤਸਰ ਇਸ਼ਨਾਨ ਦਰਸ਼ਨ ਵਾਸਤੇ ਜਾਣਾ। ਕੁੰਭਾਂ ਪਰ ਇਕੱਤਰ ਹੋਣਾ।

5. ਪੂਰਨਮਾਸ਼ੀ, ਸੰਗ੍ਰਾਂਦ, ਅਮਾਵਸ ਪਰ ਡੇਰਿਆਂ ਵਿਖੇ ਦੀਵਾਨ ਕਰ ਕੇ ਗੁਰਮਤਿ ਦਾ ਪ੍ਰਚਾਰ ਕਰਨਾ।
6. ਆਏ ਅਤਿਥੀ ਨੂੰ ਭੋਜਨ ਅਤੇ ਬਿਸਰਾਮ ਦੇਣਾ।
7. ਗੁਰਮਤਿ ਸੰਬੰਧੀ ਪੁਸਤਕਾਂ ਰਚਣੀਆਂ।
8. ਨਿਜ ਇਸ਼ਟ ਸ੍ਰੀ ਗੁਰੂ ਗ੍ਰੰਥ ਜੀ ਹੈ ਜੋ ਹਰ ਇਕ ਸਾਧੂ ਦੇ ਸਥਾਨ ਵਿਖੇ ਵਿਰਾਜਦੇ ਹਨ। ਇਕ ਅਕਾਲ ਪੁਰਖ ਨਿਰੰਕਾਰ ਦਾ ਜਾਪ ਜਪਣਾ, ਹੋਰ ਕਿਸੀ ਦੇਵਤੇ ਨਾਲ ਵਿਰੋਧ ਨਹੀਂ ਕਰਨਾ। ਦਸੇ ਗੁਰੂ ਇਕੋ ਜੋਤ ਤਥਾ ਪਰਮਾਤਮਾ ਸਰੂਪ ਹਨ।
9. ਗੁਰਮੁਖੀ ਦਾ ਅਤੇ ਗੁਰਮਤ ਦਾ ਪ੍ਰਚਾਰ ਕਰਨਾ। ਅੰਮ੍ਰਿਤ ਮੁੱਢ ਤੋਂ ਨਿਰਮਲਿਆਂ ਦੇ ਹੱਥੋਂ ਹੁੰਦਾ ਆਇਆ ਹੈ। ਇਹ ਗੁਰਸਿੱਖੀ ਦਾ ਵੀ ਨਿਯਮ ਹੈ।
10. 'ਵਾਹਿਗੁਰੂ' ਨਾਮ ਦਾ ਜਪਣਾ। ਜੀਵ ਅਤੇ ਬ੍ਰਹਮ ਅਭੇਦ ਹਨ। ਮੁਕਤ ਪੁਰਖ ਮੁੜ ਸੰਸਾਰ ਵਿਖੇ ਨਹੀਂ ਜਨਮ ਧਾਰਦਾ, ਇਹ ਸਿਧਾਂਤ ਹਨ।

ਨਿਰਮਲੇ ਸੰਤ ਹੁਣ ਵੀ ਇਹ ਕਹਿੰਦੇ ਹਨ ਕਿ ਉਹ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਰਸਾਏ ਗਏ ਮਾਰਗ ਦੇ ਆਦਰਸ਼ਾਂ ਨੂੰ ਅਪਨਾਉਣ ਦਾ ਯਤਨ ਕਰਦੇ ਹਨ। ਉਨ੍ਹਾਂ ਦੇ ਵਿਚਾਰ ਹਨ :

1. ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।
2. ਕੇਸ਼ਾਂ ਦੀ ਸਵਾਸਾਂ ਨਾਲ ਰਖਿਆ ਕਰਨੀ।
3. ਸਦਾਚਾਰਕ ਅਤੇ ਵਿਵਹਾਰਕ ਜੀਵਨ ਦਾ ਆਦਰਸ਼ ਗੁਰਮਤਿ ਅਨੁਸਾਰ ਹੋਵੇ।
4. ਗੁਰਬਾਣੀ ਅਤੇ ਹਿੰਦੂ ਸ਼ਾਸਤਰਾਂ ਦਾ ਪਾਠ-ਪਠਨ ਕੀਤਾ ਜਾਵੇ।
5. ਧਰਮ ਪ੍ਰਚਾਰ ਅਤੇ ਜਨ-ਭਲਾਈ ਦੇ ਕਾਰਜਾਂ ਵਿਚ ਉਮ੍ਰਾਚਿਤ ਹੋ ਕੇ ਭਾਗ ਲਿਆ ਜਾਵੇ।

ਨਿਰਮਲੇ ਸੰਤਾਂ ਨੇ ਗੁਰੂ ਜੀ ਦੇ ਆਸ਼ੇ ਅਨੁਕੂਲ ਪ੍ਰਚਾਰ ਦੀ ਰੌ ਨੂੰ ਸੰਭਾਲਿਆ। ਹਿੰਦੂ ਧਰਮ ਦੇ ਮੁਖੀ ਤੀਰਥਾਂ, ਮੇਲਿਆਂ ਅਤੇ ਵਿਸ਼ੇਸ਼ ਕਰਕੇ ਕੁੰਭ ਸਮੇਂ ਇਕੱਤਰ ਹੋਏ ਜਨ-ਸਮੂਹ ਨੂੰ ਨਿਰਮਲੇ ਸੰਤਾਂ ਨੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੁਆਰਾ ਟੁੰਬਿਆ। ਹਿੰਦੂ ਧਰਮ ਸ਼ਾਸਤਰਾਂ ਦੇ ਚੰਗੇ ਗਿਆਤਾ ਹੋਣ ਕਾਰਣ ਨਿਰਮਲ ਸੰਪ੍ਰਦਾਇ ਦੇ ਸੰਤ ਹਿੰਦੂ ਜਨਤਾ ਦੇ ਦਿਲਾਂ ਵਿਚ ਆਦਰਯੋਗ ਥਾਂ ਕਾਇਮ ਕਰਨ ਵਿਚ ਕਾਫ਼ੀ ਹੱਦ ਤਕ ਸਫ਼ਲ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਿਰਮਲ ਪੰਥ ਦੇ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨ ਸਮੇਂ ਵੇਦਾਂਤ ਅਤੇ ਪੌਰਾਣਿਕ ਸਾਹਿਤ ਦੀ ਓਟ ਲੈ ਕੇ ਅਰਥ ਕਰਦੇ ਹਨ ਜੋ ਕਈ ਵਾਰ ਮੁੱਖ ਸਿਧਾਂਤ ਤੋਂ ਹਟਵੇਂ ਹੁੰਦੇ ਹਨ ਅਤੇ ਵੇਦਾਂਤਕ ਪ੍ਰਭਾਵ ਦਿੰਦੇ ਹਨ। ਨਿਰਮਲੇ ਸੰਤਾਂ ਨੇ ਆਪਣੇ ਭੇਖ ਦੀ ਉਨਤੀ ਲਈ ਵੀ ਨਾਲ ਨਾਲ ਯਤਨ ਜਾਰੀ ਰੱਖੇ। ਇਸ ਦੇ ਫਲਸਰੂਪ ਨਿਰਮਲੇ ਸੰਤਾਂ ਦੀ ਗਿਣਤੀ ਵੱਧਦੀ ਗਈ। ਇਨ੍ਹਾਂ ਦੀ ਵਧ ਰਹੀ ਪ੍ਰਤਿਸ਼ਠਾ ਹੋਰ ਭੇਖਾਂ ਦੇ ਸਾਧੂ ਜਰ ਨਾ ਸਕੇ। ਇਸ ਕਰਕੇ ਉਨ੍ਹਾਂ ਨੇ ਨਿਰਮਲ ਪੰਥ ਦੇ ਸੰਤਾਂ ਦਾ ਵਿਰੋਧ ਆਰੰਭਿਆ ਅਤੇ ਇਨ੍ਹਾਂ ਨੂੰ ਤੰਗ ਕਰਨ ਲਈ ਢੰਗ ਅਪਨਾਏ। ਅਜਿਹੇ ਹਾਲਾਤ ਵਿਚ ਨਿਰਮਲ ਸੰਪ੍ਰਦਾਇ ਦੇ ਮੁਖੀ ਸੰਤਾ ਨੇ ਭਾਈ ਮਹਿਤਾਬ ਸਿੰਘ ਦੀ ਅਗਵਾਈ ਹੇਠ ਇੱਕਤਰ ਹੋ ਕੇ ਮਹਾਰਾਜਾ ਪਟਿਆਲਾ, ਨਾਭਾ ਅਤੇ ਜੀਂਦ ਦੀ ਸਹਾਇਤਾ ਪ੍ਰਾਪਤ ਕੀਤੀ। ਇਸ ਦੇ ਫਲਸਰੂਪ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ', ਕਨਖਲ ਵਜੂਦ ਵਿਚ ਆਇਆ ਜਿਸ ਦੇ ਪ੍ਰਬੰਧ ਤੇ ਅਗਵਾਈ ਲਈ ਇਕ ਦਸਤੂਰੁਲ-ਅਮਲ ਤਿਆਰ ਕੀਤਾ ਗਿਆ ਜਿਸ ਦੇ ਨੇਮਾਂ ਦੇ ਕੁਝ ਅੰਸ਼ ਇਸ ਪ੍ਰਕਾਰ ਹਨ :

1. ਅਖਾੜੇ ਦੀ ਸਥਾਪਨਾ ਦਾ ਪ੍ਰਯੋਜਨ ਹੈ, ਧਰਮ ਦੀ ਮਰਿਯਾਦਾ ਨੂੰ ਕਾਇਮ ਰੱਖਣਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਮਲ ਸੰਪ੍ਰਦਾਇ ਦੇ ਸੰਤਾਂ ਦਾ ਇਸ਼ਟ ਰਹੇਗਾ।

3. ਅਖਾੜੇ ਵਿਚ ਪ੍ਰਵੇਸ਼ ਕਰਨ ਵਾਲੇ ਸੰਤਾਂ ਨੂੰ ਸਾਰੀ ਆਮਦਨ ਖਜ਼ਾਨੇ ਵਿਚ ਜਮ੍ਹਾਂ ਕਰਾਉਣੀ ਪਵੇਗੀ, ਉਹ ਆਪਣੇ ਪਾਸ ਨਹੀਂ ਰੱਖਣਗੇ।
4. ਜੋ ਸੰਤ ਰਹਿਤਨਾਮਿਆਂ ਦੀ ਮਰਯਾਦਾ ਦੇ ਬਰਖਿਲਾਫ ਹੋਵੇਗਾ, ਉਸ ਨੂੰ ਸਜ਼ਾ ਦੇਣ ਦਾ ਅਖਤਿਆਰ ਸ੍ਰੀ ਮਹੰਤ ਸਾਹਿਬ ਨੂੰ ਹੋਵੇਗਾ।
5. ਸ੍ਰੀ ਮਹੰਤ ਦੀ ਸਥਾਪਨਾ ਪਟਿਆਲਾ, ਨਾਭਾ, ਜੀਂਦ ਸਰਕਾਰਾਂ ਦੀ ਸਲਾਹ ਨਾਲ ਹੋਇਆ ਕਰੇਗੀ।ਪ੍ਰੰਤੂ ਅੱਜਕਲ ਐਸਾ ਨਹੀਂ ਹੈ।
6. ਸ੍ਰੀ ਮਹੰਤ ਸਾਹਿਬ ਦੀ ਪਦਵੀ ਨੂੰ ਹਰ ਪੱਖੋਂ ਸਰੇਸ਼ਟਤਾ ਹੋਵੇਗੀ।

ਇਸ ਦਸਤੂਰਲ-ਅਮਲ ਦੇ ਗੰਭੀਰ ਅਧਿਐਨ ਤੋਂ ਪਤਾ ਲਗਦਾ ਹੈ ਕਿ ਨਿਰਮਲ ਸੰਪ੍ਰਦਾਇ ਦੇ ਸੰਤਾਂ ਲਈ 'ਰਹਿਤ-ਮਰਯਾਦਾ' ਦਾ ਪਾਲਣ ਆਵਸ਼ੱਕ ਹੈ। ਰਹਿਤ-ਮਰਯਾਦਾ ਕੀ ਹੋਵੇ ? ਇਸ ਸੰਬੰਧੀ ਨਿਰਮਲ ਸੰਪ੍ਰਦਾਇ ਦੇ ਸੰਤ ਸਮੇਂ ਸਮੇਂ ਆਪਣੇ ਵਿਚਾਰ ਪ੍ਰਗਟਾਉਂਦੇ ਆਏ ਹਨ। ਗਿਆਨੀ ਗਿਆਨ ਸਿੰਘ ਜੀ ਦੇ ਵਿਚਾਰਾਂ ਦਾ ਤੱਤ ਇਸ ਪ੍ਰਕਾਰ ਹੈ :

1. ਨਿਰਮਲੇ ਸਾਧੂ ਵੇਦ ਵਿਦਿਆ ਤੇ ਸੰਸਕ੍ਰਿਤ ਪੜ੍ਹਨ।
2. ਸੰਧੂਰੀ, ਗੇਰੂਆ ਰੰਗ ਦੇ ਬਸਤਰ ਪਹਿਨਣ।
3. ਮਾਸ, ਮਦਰਾ, ਆਦਿ ਨਸ਼ਿਆਂ ਦਾ ਸੇਵਨ ਨਾ ਕਰਨ।
4. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਸ਼ਾਸਤਰ ਅਨੁਸਾਰ ਕਰਨ।
5. ਸਿੰਘ ਨਾਮ ਰੱਖਣ।
6. ਕੇਸ ਰੱਖਣ।
7. ਕੁੱਠਾ, ਮੁਸਲੀ, ਤਮਾਕੂ ਨਾ ਵਰਤਣ।
8. ਕੱਛ, ਕੜੇ ਅਤੇ ਕ੍ਰਿਪਾਨ ਦੀ ਸ਼ਰਾ ਦਾ ਡੰਡ ਨਹੀਂ। ਇਹ ਵਸਤਾਂ ਖੱਤਰੀ ਪਹਿਨਦੇ ਰਹੇ ਹਨ। ਕੱਛ ਪੜਦਾ ਹੈ, ਇਸ ਦੀ ਥਾਂ ਲੰਗੋਟੀ ਸਾਧੂ ਆਮ ਵਰਤਦੇ ਹਨ। ਕ੍ਰਿਪਾਨ ਖੱਤਰੀ ਦਾ ਜਨੇਊ ਹੈ। ਕੜਾ ਪਹਿਨਣ ਦਾ ਰਿਵਾਜ਼ ਨਿਹੰਗ ਸਿੰਘਾਂ ਨੇ ਚਲਾਇਆ। (ਗਿਆਨੀ ਗਿਆਨ ਸਿੰਘ ਜੀ ਦਾ ਇਹ ਵਿਚਾਰ ਠੀਕ ਨਹੀਂ ਕਿਉਂਕਿ ਕੜਾ ਪਹਿਲਾਂ ਤੋਂ ਪੰਜਾਂ ਕਕਾਰਾਂ ਵਿਚ ਸ਼ਾਮਿਲ ਮੰਨੀਦਾ ਆਇਆ ਹੈ)।
9. ''ਧਰਮ ਦਾ ਧਨੁਖ, ਗਯਾਨ ਦਾ ਖੜਗ, ਗੁਰ ਸ਼ਬਦ ਨੇਜਾ, ਨਿਮ੍ਰਿਤਾ ਕੀ ਸੰਜੋਇ, ਖਿਮਾ ਕਾ ਟੋਪ, ਧੀਰਜ ਕੀ ਢਾਲ, ਬੇਦ ਗੁਰੂ ਕੇ ਬਚਨ ਰੂਪੀ ਤੀਰੋਂ ਕਾ ਭਰਾ ਹੂਆ ਸਿਦਕ ਦਾ ਭੱਥਾ, ਗਰੀਬੀ ਕੀ ਗਦਾ, ਕ੍ਰਿਪਾ ਕੀ ਕਰਦ ਇਤਿਯਾਦਿਕ ਸ਼ਸਤ੍ਰ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਜਬ ਆਪ ਨੇ ਹਮ ਕੋ ਧਾਰਨ ਕਰਾ ਕੇ ਸਤ ਦੇ ਘੋੜੇ ਪਰ ਜਾਤ ਕਾ ਜ਼ੀਨ ਵਪਾਇ ਕੇ ਅਸਵਾਰ ਕਰ ਦੀਆ ਹੈ। ਔਰ ਗੁਰੂ ਪਰਮੇਸ਼ਵਰ ਦੇ ਧਿਆਨ ਦਾ ਚੋਲਾ ਪੈਰਣ, ਹਰ ਸੂਰਤ ਸੇ ਬਾਬਤ ਰਹਿਣੇ ਦੀ ਦਸਤਾਰ, ਸੰਤੋਖ ਦਾ ਕਮਰਬੰਦ, ਜਤ ਦਾ ਲੰਗੋਟਾ, ਇਤਿਯਾਦਿਕ ਬਸਤਰ ਪਹਿਰਨੇ ਕਾ ਉਪਦੇਸ਼ ਆਪ ਨੇ ਦੀਆ ਹੈ ਔਰ ਦੈਵੀ ਗੁਣਾਂ ਦੇ ਰਤਨਾਂ ਦਾ ਭੰਡਾਰਾ ਬਖਸ਼ਯਾ ਹੈ ਤਬ ਏਹ ਨਾਸ ਹੋਣ ਵਾਲੇ ਮਾਇਕ ਦੁਖਦਾਈ ਪਦਾਰਥ ਹਮ ਕੈਸੇ ਲਵੇ ?'' *('ਨਿਰਮਲ ਪੰਥ ਪ੍ਰਦੀਪਕਾ',* ਪੰਨੇ 9-10 ਅਤੇ 51-52)। ਇਹ ਨਿਰਮਲੇ ਸੰਤ ਦੇ ਮੋਟੇ ਲੱਛਣ ਹਨ।

## ਗੁਰਮਤਿ ਸਾਹਿਤ ਦੀ ਸੇਵਾ

ਨਿਰਮਲੇ ਵਿਦਵਾਨਾਂ ਸਾਹਮਣੇ ਇਕ ਵੱਡਾ ਮਸਲਾ ਇਹ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਤਿਸ਼ਠਾ ਨੂੰ ਕਿਵੇਂ ਵੇਦਾਂ, ਉਪਨਿਸ਼ਦਾਂ ਤੇ ਹਿੰਦੂ ਧਰਮ ਗ੍ਰੰਥਾਂ ਤੋਂ ਉੱਤਮ ਸਿੱਧ ਕੀਤਾ ਜਾਵੇ ? ਇਸ ਮਨੋਰਥ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਸ਼ਾਸਤਰੀ ਢੰਗ ਨਾਲ ਆਰੰਭੀ। ਉਨ੍ਹਾਂ ਨੇ ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਵਿਚ ਸੁੰਦਰ ਗ੍ਰੰਥ ਲਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਸਿੱਧ ਕੀਤਾ। ਇਸ ਤਰ੍ਹਾਂ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਲਗਾਤਾਰਤਾ ਵਿਚ ਦੇਖਿਆ ਜਾਣ ਲੱਗ ਪਿਆ ਜੋ ਸਿਧਾਂਤਕ ਤੌਰ ਤੇ ਠੀਕ ਨਹੀਂ ਹੈ। ਇਸ ਲਈ ਸਿੰਘ ਸਭਾ ਪ੍ਰਣਾਲੀ ਨਿਰਮਲਿਆਂ ਦੀ ਕੱਟੜ ਵਿਰੋਧੀ ਹੈ। ਇਹ ਇਕ ਮਹਾਨ ਪ੍ਰਾਪਤੀ ਸੀ ਜਿਸ ਦੇ ਫਲਸਰੂਪ ਅਣਗਿਣਤ ਹਿੰਦੂ ਸਿੰਘ ਸਜ ਗਏ। ਪ੍ਰੋਫੈਸਰ ਪਿਆਰਾ ਸਿੰਘ ਪਦਮ ਨੇ ਕੁਝ ਸੰਸਕ੍ਰਿਤ ਗ੍ਰੰਥਾਂ ਦੀ ਸੂਚੀ ਪਰਸਤੁਤ ਕੀਤੀ ਹੈ, ਜੋ ਇਸ ਪ੍ਰਕਾਰ ਹੈ :

## ਸੰਸਕ੍ਰਿਤ ਪੁਸਤਕਾਵਲੀ

| | | |
|---|---|---|
| 1. | ਪੰ. ਕੌਰ ਸਿੰਘ (ਚੇਤ ਸਿੰਘ) | ਗੁਰੂ ਕੌਮ ਦੀ |
| 2. | ਪੰ. ਹਰੀ ਸਿੰਘ | ਸ੍ਰੀ ਗੁਰੂ ਸਿਧਾਂਤ ਪਾਰਿਜਾਤ |
| 3. | ਪੰ. ਈਸ਼ਰ ਸਿੰਘ ਕਾਸ਼ੀ | ਵਾਹਿਗੁਰੂ ਮੰਤ੍ਰਾਰਥ |
| 4. | ਪੰ. ਨਿਹਾਲ ਸਿੰਘ ਥੋਹਾ | ਜਪੁ ਨਿਬੰਧ ਸਹਿੰਤਾ ਗੁਢਾਰਥ ਦੀਪਕਾ। ਖਾਲਸਾ ਸ਼ਤਕ। |
| 5. | ਪੰ. ਗੁਰਦਿੱਤ ਸਿੰਘ | ਗੁਰੂ ਨਾਨਕ ਸਤੋਤ੍ਰ। ਨੈਸ਼ਕ੍ਰਮਯ ਸਿੱਧਿ ਕੀ ਟੀਕਾ। ਵੇਦਾਂਤ ਸਿਧਾਂਤ ਮੁਕਤਾਵਲੀ ਕੀ ਟੀਕਾ। |
| 6. | ਪੰ. ਉਧਵ ਸਿੰਘ | ਅਭਾਵ ਰਹਸਯ, ਆਸ ਧਰਮ ਰਹਸਯ। |
| 7. | ਪੰ. ਸਦਾ ਸਿੰਘ | ਅਦ੍ਵੈਤ ਸਿਧੀ ਕੀ ਮੁਗਮਸਾਰ ਚੰਦ੍ਰਿਕਾ। |
| 8. | ਪੰ. ਆਤਮ ਦੇਵ ਸਿੰਘ ਲਾਹੌਰ | ਅਭੇਦਾਖੰਡ ਚੰਦ੍ਰਮਾ। |
| 9. | ਬਾਬਾ ਪ੍ਰੇਮ ਸਿੰਘ ਰਿਸ਼ੀਕੇਸ | ਗੁਰੂ ਸਤੋਤ੍ਰ। |

ਨਿਰਮਲੇ ਸੰਤਾਂ ਨੇ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਵਿਆਖਿਆ ਲਈ ਕਈ ਮਹੱਤਵਪੂਰਨ ਗ੍ਰੰਥ ਲਿਖੇ ਹਨ। ਭਾਈ ਸੰਤੋਖ ਸਿੰਘ ਜੀ (1787-1843 ਈ.) ਨੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' (1823 ਈ.) 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (1835-43 ਈ.) ਲਿਖ ਕੇ ਪ੍ਰਸੰਸਾਜਨਕ ਕਾਰਜ ਕੀਤਾ ਹੈ, ਭਾਈ ਵੀਰ ਸਿੰਘ ਜੀ ਨੇ ਇਨ੍ਹਾਂ ਗ੍ਰੰਥਾਂ ਦਾ ਸੰਪਾਦਨ ਕਰਕੇ ਤੇਰਾਂ (13) ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ ਹੈ। ਗੁਰੂ ਸਾਹਿਬਾਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਮਹਾਨ ਰਚਨਾ ਬੜੀ ਉਪਯੋਗੀ ਹੈ। ਇਸ ਤੋਂ ਇਲਾਵਾ ਭਾਈ ਸੰਤੋਖ ਸਿੰਘ ਜੀ ਦਾ ਜਪੁ ਜੀ ਦਾ ਟੀਕਾ ਗਰਬ ਗੰਜਨੀ ਇਕ ਲਾਜਵਾਬ ਵਿਆਖਿਆ ਗ੍ਰੰਥ ਹੈ। ਪੰਡਿਤ ਗੁਲਾਬ ਸਿੰਘ, ਪੰਡਿਤ ਸਾਧੂ ਸਿੰਘ, ਪੰਡਿਤ ਨਾਨੂ ਸਿੰਘ, ਗਿਆਨੀ ਗਿਆਨ ਸਿੰਘ, ਮਹੰਤ ਗਣੇਸ਼ਾ ਸਿੰਘ, ਮਹੰਤ ਦਿਆਲ ਸਿੰਘ ਅਤੇ ਹੋਰ ਕਈ ਸੰਤਾਂ ਨੇ ਕਈ ਮਹੱਤਵਪੂਰਣ ਗ੍ਰੰਥ ਲਿਖੇ ਹਨ। ਸਭ ਤੋਂ ਵੱਧ ਪ੍ਰਭਾਸ਼ਾਲੀ ਗ੍ਰੰਥ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਲਿਖੇ ਹਨ। ਨਰੋਤਮ ਜੀ ਨੇ ਵਿਆਖਿਆਕਾਰੀ, ਕੋਸ਼ਕਾਰੀ ਅਤੇ ਕਰਮ ਕਾਂਡ ਸੰਬੰਧੀ ਵੀਹ ਦੇ ਕਰੀਬ ਗ੍ਰੰਥ ਲਿਖੇ ਹਨ। ''ਗੁਰ ਗਿਰਾਰਥ ਕੋਸ਼'' (ਦੋ ਭਾਗਾਂ ਵਿਚ) ਸੰਪੂਰਣ ਗੁਰਬਾਣੀ ਦਾ

ਕੋਸ਼ ਹੈ ਜਿਸ ਵਿਚ ਪੰਡਿਤ ਜੀ ਦੀ ਵਿਦਵਤਾ ਦੇ ਪ੍ਰਮਾਣ ਮਿਲਦੇ ਹਨ। ਪਹਿਲੀ ਵਾਰ ਇਕੱਲੇ ਹੀ, ਇਤਨਾ ਵੱਡਾ ਕੰਮ ਕਰਨ ਦੀ ਹਿੰਮਤ ਕਰਨੀ ਤੇ ਫ਼ਿਰ ਸੰਪੂਰਣ ਕਰਕੇ ਸਾਹ ਲੈਣਾ, ਨਰੋਤਮ ਜੀ ਦੀ ਪੰਡਤਾਈ ਅਤੇ ਸਿਰੜ ਦਾ ਪਰਤੱਖ ਪ੍ਰਮਾਣ ਹੈ। ਇਹ ਕੋਸ਼ ਵਾਸਤਵ ਵਿਚ ਗਿਆਨ ਕੋਸ਼ ਹੈ।

ਕੁਝ ਵਿਦਵਾਨਾਂ ਦਾ ਮੱਤ ਹੈ ਕਿ ਨਿਰਮਲੇ ਸੰਤਾਂ ਦੀ ਵਿਆਖਿਆ ਵੇਦਾਂਤ ਆਸੇ ਹੋਣ ਕਾਰਨ ਸਿੱਖ ਦਰਸ਼ਨ ਅਤੇ ਚਿੰਤਨ ਦੀ ਵਿਲੱਖਣਤਾ ਭੰਗ ਹੋਈ ਹੈ। ਵਾਸਤਵ ਵਿਚ ਇਹ ਗੱਲ ਠੀਕ ਨਹੀਂ ਹੈ। ਗੁਰਮਤਿ ਵਿਚਾਰਧਾਰਾ ਮਾਨਵ ਨੂੰ ਕਰਮਯੋਗੀ ਬਣਾਉਂਦੀ ਹੈ। ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਤੋਂ ਡਰ ਕੇ ਸਿੱਖ ਜੰਗਲਾਂ ਨੂੰ ਨਹੀਂ ਭੱਜਦੇ ਸਗੋਂ ਕ੍ਰਿਆਸ਼ੀਲ ਹੋ ਕੇ ਕਾਰਜ ਕਰਦੇ ਹਨ ਅਤੇ ਪਰਉਪਕਾਰ ਲਈ ਤੱਤਪਰ ਰਹਿੰਦੇ ਹਨ। ਗੁਰਮਤਿ ਅਨੁਸਾਰ ਪਰਮਾਤਮਾ ਕਰਤਾ ਪੁਰਖ ਹੈ ਜਦ ਕਿ ਵੇਦਾਂਤੀ ਆਚਾਰੀਆ ਪਰਮੇਸ਼ਰ ਨੂੰ ''ਅਕ੍ਰਿਆ'' ਮੰਨ ਕੇ ਕੰਮ ਛੱਡ ਬੈਠਦੇ ਹਨ।

ਨਿਰਮਲੇ ਸੰਤਾਂ ਨੇ ਪ੍ਰਚਾਰ ਰਾਹੀਂ ਸੰਕਟ ਸਮੇਂ ਸਿੱਖ ਧਰਮ ਦੇ ਗੌਰਵ ਨੂੰ ਕਾਇਮ ਰਖਿਆ ਹੈ। ਨਿਰਮਲੇ ਸੰਤ ਆਪਣੇ ਪਵਿੱਤਰ ਵਿਅਕਤਿਤਵ ਦੇ ਪ੍ਰਭਾਵ ਕਾਰਨ ਆਮ ਜਨਤਾ ਦੇ ਧਾਰਮਿਕ ਆਗੂ ਸਲਾਹਕਾਰ ਅਤੇ ਸੁਹਿਰਦ ਮਿੱਤਰ ਬਣ ਕੇ ਸਿੱਖ ਧਰਮ ਦੇ ਸੱਚੇ ਸੁੱਚੇ ਨੇਮਾਂ ਨੂੰ ਦਰਸਾ ਕੇ ਆਮ ਜਨਤਾ ਨੂੰ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਲਈ ਪ੍ਰੇਰਣਾ ਦਿੰਦੇ ਰਹੇ ਹਨ।

ਸ੍ਰੀ ਨਿਰਮਲ ਪੰਚਾਇਤੀ ਅਖਾੜਾ ਸੰਨ 1862 ਈ. ਵਿਚ ਸਥਾਪਿਤ ਹੋਇਆ ਸੀ। ਇਕ ਸਦੀ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਅਖਾੜੇ ਦੇ ਸ੍ਰੀ ਮਹੰਤ ਦੀ ਅਗਵਾਈ ਹੇਠ ਨਿਰਮਲੇ ਸੰਤ ਬੜੀ ਨਿਮਰਤਾ ਸਹਿਤ ਸੁਚੱਜੇ ਢੰਗ ਨਾਲ ਜਨ-ਸਮੂਹ ਦੀ ਭਲਾਈ ਹਿੱਤ ਧਰਮ ਪ੍ਰਚਾਰ ਦੇ ਕਾਰਜਾਂ ਨੂੰ ਨਿਭਾ ਰਹੇ ਹਨ। ਸਾਰੇ ਸੰਤ ਸ੍ਰੀ ਮਹੰਤ ਜੀ ਦਾ ਆਦਰ ਸਤਿਕਾਰ ਕਰਦੇ ਹਨ। ਮੈਨੂੰ ਪੰਡਿਤ ਸੁਚਾ ਸਿੰਘ ਜੀ ਮਹੰਤ ਨੂੰ ਨੇੜੇ ਹੋ ਕੇ ਵੇਖਣ ਦਾ ਅਵਸਰ ਪ੍ਰਾਪਤ ਰਿਹਾ ਹੈ। ਪੰਡਿਤ ਸੁਚਾ ਸਿੰਘ ਜੀ ਨਵੰਬਰ 14, 1934 ਤੋਂ ਲੈ ਕੇ ਅਕਾਲ ਚਲਾਣੇ (ਦਸੰਬਰ 27, 1987) ਤਕ ਸ੍ਰੀ ਮਹੰਤ ਦੀ ਪਦਵੀਂ ਤੇ ਰਹੇ ਹਨ। ਆਪ ਦੇ ਉੱਦਮ ਨਾਲ ਅਖਾੜੇ ਦੀ ਸੰਪਤੀ ਵਿਚ ਹਰ ਪੱਖ ਤੋਂ ਵਾਧਾ ਹੋਇਆ ਹੈ। ਆਪ ਨਿਮਰਤਾ ਅਤੇ ਉਦਾਰਤਾ ਦੇ ਗੁਣਾਂ ਨਾਲ ਸੁਰਜੀਤ ਵਿਦਵਾਨ ਗੁਰਮੁਖ ਸਨ। ਆਪ ਦਾ ਜੀਵਨ ਗੁਰਮਤਿ ਰਹਿਣੀ ਦੇ ਅਨੁਕੂਲ ਸੀ। ਆਪ ਵਿਰਕਤ ਵਿਚਰਦੇ ਹੋਏ ਬੜਾ ਸਾਦਾ ਅਤੇ ਸਰਲ ਜੀਵਨ ਬਤੀਤ ਕਰਦੇ ਸਨ। ਦੋਵੇਂ ਵੇਲੇ ਪੰਗਤ ਵਿਚ ਬੈਠ ਕੇ ਅਖਾੜੇ ਵਿਚ ਆਏ ਮਹੰਤਾਂ, ਮਹਿਮਾਨਾਂ ਤੇ ਵਿਦਿਆਰਥੀਆਂ ਨਾਲ ਲੰਗਰ ਛਕਦੇ ਸਨ। ਊਚ ਨੀਚ, ਭੇਦ-ਭਾਵ ਦੀ ਭਾਵਨਾ ਤੋਂ ਉਪਰ ਉਠ ਕੇ ਹਰ ਮਿਲਣ ਵਾਲੇ ਵਿਅਕਤੀ ਨੂੰ ਪਿਆਰ ਤੇ ਉਤਸ਼ਾਹ ਨਾਲ ਮਿਲਦੇ ਸਨ। ਵਹਿਮਾਂ, ਭਰਮਾਂ ਅਤੇ ਅੰਧਵਿਸ਼ਵਾਸ ਵਿਚ ਗ੍ਰਸੇ ਹੋਏ ਵਿਅਕਤੀਆਂ ਨੂੰ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਨੀ ਲਗਾ ਕੇ ਸਿੰਘ ਸਜਾਇਆ। ਅੱਜਕਲ ਸ੍ਰੀ ਮਹੰਤ ਬਲਬੀਰ ਸਿੰਘ ਸ਼ਾਸਤਰੀ ਜੀ ਸ੍ਰੀ ਮਹੰਤ ਹਨ, ਜਿਨ੍ਹਾਂ ਦੀ ਅਗਵਾਈ ਹੇਠ ਅਖਾੜਾ ਚਲ ਰਿਹਾ ਹੈ।

## ਸੰਪ੍ਰਦਾਇ ਦੀ ਅਜੋਕੀ ਦਸ਼ਾ

ਜ਼ਮਾਨਾ ਬਦਲ ਰਿਹਾ ਹੈ। ਇਸ ਤਬਦੀਲੀ ਦੀ ਰਫਤਾਰ ਸਾਇੰਸ ਨੇ ਬਹੁਤ ਤੇਜ਼ ਕਰ ਦਿੱਤੀ ਹੈ। ਸਾਇੰਸ ਦੇ ਉੱਦਮ ਨਾਲ ਸਾਰਾ ਸੰਸਾਰ ਵੱਡੇ ਨਗਰ ਸਮਾਨ ਬਣ ਗਿਆ ਹੈ। ਐਸੀ ਹਾਲਤ ਵਿਚ ਸਾਡੇ ਸਮਾਜਿਕ ਢਾਂਚੇ ਦੀ ਮੌਜੂਦਾ ਬਣਤਰ ਵਿਚ ਵਿਸ਼ੇਸ਼ ਕ੍ਰਾਂਤੀ ਆ ਰਹੀ ਹੈ। ਸਾਡੇ ਆਚਾਰ-ਵਿਹਾਰ ਵਿਚ, ਰਹਿਣ ਸਹਿਣ ਵਿਚ, ਸੋਚਣ ਅਤੇ ਕੰਮ ਕਰਨ ਦੇ ਅੰਦਾਜ਼ ਵਿਚ ਕਾਫ਼ੀ ਫ਼ਰਕ ਆ ਰਿਹਾ ਹੈ। ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਕਈ ਪੁਰਾਣੇ ਵਰਗਾਂ ਦੀ ਥਾਂ ਨਵੇਂ ਵਰਗ ਪੈਦਾ ਹੋ ਗਏ ਹਨ। ਸਰਕਾਰ ਨੂੰ ਵੀ ਕਾਨੂੰਨ ਵਿਚ ਕਈ ਵਾਰੀ ਸੰਸ਼ੋਧਨ ਕਰਨ ਪਿਆ ਹੈ ਅਤੇ ਕੁਝ ਮਹੱਤਵਪੂਰਣ

ਤਬਦੀਲੀਆਂ ਹੋ ਰਹੀਆਂ ਹਨ। ਸਰਕਾਰ ਦਾ ਲਕਸ਼ ਹੈ-ਨਵ-ਸਮਾਜ ਦੀ ਸਿਰਜਨਾ, ਅਮੀਰੀ-ਗਰੀਬੀ, ਊਚ-ਨੀਚ, ਭੇਦ-ਭਾਵ ਦੀਆਂ ਵਿੱਥਾਂ ਨੂੰ ਘੱਟ ਕਰਨਾ, ਕਾਣੀ ਵੰਡ ਨਾ ਹੋਣ ਦੇਣੀ, ਇਹੀ ਸਮਾਜਵਾਦ ਜਾਂ ਸਮਾਜ-ਤੰਤਰ ਦੀ ਸਿਰਜਨਾ ਹੈ। ਅਜਿਹੇ ਹਾਲਾਤ ਵਿਚ ਗੁਰਮਤਿ ਆਦਰਸ਼ ਨੂੰ ਹਰ ਪਖੋਂ ਵੱਧ ਤੋਂ ਵੱਧ ਪਰਵਾਨਗੀ ਪ੍ਰਾਪਤ ਹੋਣੀ ਚਾਹੀਦੀ ਹੈ। ਲੋੜ ਹੈ ਨਿਜ-ਸੁਆਰਥ ਤੋਂ ਮੁਕਤ ਹੋ ਕੇ ਗੁਰਮਤਿ ਦੇ ਆਦਰਸ਼ ਦੇ ਅਸਲੀ ਰੂਪ ਨੂੰ ਅਪਨਾਉਣ ਦੀ ਅਤੇ ਰਹਿਣੀ ਨੂੰ ਆਧਾਰ ਬਣਾਉਣ ਦੀ। ਜੋ ਵਿਅਕਤੀ ਆਧੁਨਿਕ ਯੁਗ ਵਿਚ ਇਹ ਕਹਿੰਦਾ ਹੈ ਕਿ ਵਾਤਾਵਰਣ ਗੁਰਮਤਿ ਦੇ ਅਨੁਕੂਲ ਨਹੀਂ ਉਹ ਨਾ ਕੇਵਲ ਗੁਰਮਤਿ ਆਦਰਸ਼ ਦੀਆਂ ਵਿਸ਼ੇਸ਼ ਧਾਰਨਾਵਾਂ ਤੋਂ ਅਣਜਾਣ ਹੈ ਸਗੋਂ ਉਹ ਗੁਰਮਤਿ ਦੇ ਉਸ ਕਰਮਸ਼ੀਲ ਸੁਭਾ ਤੋਂ ਵੀ ਵਿਰਵਾ ਹੈ, ਜਿਸ ਦੇ ਨਤੀਜੇ ਵਜੋਂ ਇਤਿਹਾਸ ਵਿਚ ਜੀਣ ਅਤੇ ਥੀਣ ਦੀ ਨਵੀਨ ਪਰੰਪਰਾ ਸਥਾਪਿਤ ਹੋਈ ਸੀ।

ਅੱਜ ਨਿਰਮਲ ਸੰਪ੍ਰਦਾਇ ਦੀ ਕੀ ਦਸ਼ਾ ਹੈ ? ਇਹ ਪ੍ਰਸ਼ਨ ਬੜੇ ਗੰਭੀਰ ਅਧਿਐਨ ਦਾ ਵਿਸ਼ਾ ਹੈ। ਜਦੋਂ ਇਹ ਸਵਾਲ ਮੈਂ ਕਈ ਨਿਰਮਲੇ ਸੰਤਾਂ ਨੂੰ ਕੀਤਾ ਤਾਂ ਕਈ ਸੰਤਾਂ ਨੇ ਸੰਕੋਚਵੇਂ ਸ਼ਬਦਾਂ ਵਿਚ ਕਿਹਾ ਕਿ ਸਾਡਾ ਸੰਬੰਧ ਵਧੇਰੇ ਕਰਕੇ ਸਿੱਖ ਕੌਮ, ਸਿੱਖ ਧਰਮ ਅਤੇ ਗੁਰਮਤਿ ਰਹਿਣੀ ਬਹਿਣੀ ਨਾਲ ਹੈ। ਇਕ ਵਿਦਵਾਨ ਸੰਤ ਨੇ ਕਿਹਾ ਜਿਸ ਰਫਤਾਰ ਨਾਲ ਸਿੱਖੀ ਸਰੂਪ ਪ੍ਰਫੁਲਿਤ ਹੋ ਰਿਹਾ ਹੈ ਉਸੇ ਚਾਲ ਨਾਲ ਅਸੀਂ ਆਪਣੀ ਤੋਰ ਨੂੰ ਜਾਰੀ ਰੱਖਣ ਲਈ ਯਤਨਸ਼ੀਲ ਹਾਂ। ਪੁਰਾਣੇ ਸਮਿਆਂ ਵਿਚ ਅਸੀਂ ਗੁਰਮਤਿ ਸਿਧਾਂਤ ਨੂੰ ਪ੍ਰਗਟਾਉਣ ਲਈ ਗ੍ਰੰਥ ਰਚਦੇ ਰਹੇ ਹਾਂ। ਹੁਣ ਇਹ ਕਾਰਜ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਯੂਨੀਵਰਸਿਟੀਆਂ ਨੇ ਸੰਭਾਲ ਲਿਆ ਹੈ। ਅਸੀਂ ਵੀ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਅਤੇ ਸੰਸਕਾਰਾਂ ਨੂੰ ਸੰਭਾਲਣ ਲਈ ਸੰਸਕ੍ਰਿਤ-ਵਿਦਿਆਲੇ ਜਾਰੀ ਕੀਤੇ ਜਿਥੇ ਵਿਦਿਆਰਥੀਆਂ ਲਈ ਖਾਣ-ਪੀਣ, ਲਿਖਾਈ-ਪੜ੍ਹਾਈ, ਰਹਿਣ-ਸਹਿਣ ਆਦਿ ਲਈ ਯੋਗ ਪ੍ਰਬੰਧ ਸੰਪ੍ਰਦਾਇ ਵੱਲੋਂ ਮੁਫਤ ਮੁਹੱਈਆ ਕੀਤੇ ਹੋਏ ਹਨ। ਨਾਲ ਨਾਲ ਸੰਗਤ ਅਤੇ ਪੰਗਤ ਦਾ ਆਦਰਸ਼ ਅਮਲੀ ਤੌਰ ਉੱਤੇ ਦਰਸਾਇਆ ਜਾਂਦਾ ਹੈ। ਕਦੇ ਸੰਸਾਰਿਕ ਰੋਗੀਆਂ ਲਈ, ਹਰ ਸੰਤ ਇਕ ਚੰਗਾ ਸਲਾਹਕਾਰ ਹੁੰਦਾ ਸੀ ਅਤੇ ਜੜੀਆਂ ਬੂਟੀਆਂ ਦੁਆਰਾ ਇਲਾਜ ਕਰ ਕੇ ਉਨ੍ਹਾਂ ਦੇ ਹਿਰਦਿਆਂ ਵਿਚ ਆਦਰਯੋਗ ਸਥਾਨ ਕਾਇਮ ਕਰਨ ਵਿਚ ਸਫ਼ਲ ਹੁੰਦਾ ਸੀ। ਅੱਜ ਆਧੁਨਿਕ ਹਸਪਤਾਲ ਇਹੋ ਕਾਰਜ ਕਰ ਰਹੇ ਹਨ। ਪਰ ਮਾਨਸਿਕ ਰੋਗਾਂ ਲਈ ਉਨ੍ਹਾਂ ਪਾਸ ਕੋਈ ਕਾਰਗਰ ਔਸ਼ਧੀ ਨਹੀਂ ਹੈ। ਇਹ ਸੇਵਾ ਅਨੇਕ ਨਿਰਮਲੇ ਸੰਤ ਬੜੀ ਨਿਮ੍ਰਤਾ ਤੇ ਲਗਨ ਨਾਲ ਨਿਭਾ ਰਹੇ ਹਨ। ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਕਾਫ਼ੀ ਜਾਇਦਾਦ ਹੈ ਪਰ ਹੁਣ ਇਹ ਕਿਸੇ ਇਕ ਵਿਅਕਤੀ ਦੀ ਨਿਜੀ ਸੰਪੱਤੀ ਨਹੀਂ। ਇਹ ਧਰਮ-ਅਰਥ ਕੇਂਦਰ (Charitable Trust) ਦੀ ਮਲਕੀਅਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜ਼ਮੀਨਾਂ, ਮਕਾਨਾਂ ਦੁਕਾਨਾਂ, ਆਦਿ ਦੀ ਸੰਭਾਲ ਜਟਿਲ ਸਮੱਸਿਆ ਹੈ, ਇਸ ਦੇ ਯੋਗ ਪ੍ਰਬੰਧ ਲਈ ਮੁਕੱਦਮੇਬਾਜ਼ੀ ਵੀ ਕਰਨੀ ਪੈਂਦੀ ਹੈ ਪਰ ਹਾਲਾਤ ਦੇ ਮੁਤਾਬਿਕ ਚੱਲਣਾ ਹੀ ਪੈਂਦਾ ਹੈ। ਗੁਰਮਤਿ ਆਦਰਸ਼ ਦੇ ਪ੍ਰਚਾਰ ਲਈ 'ਰਮਤ ਅਖਾੜਾ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ-ਪਵਿੱਤਰ ਸੰਦੇਸ਼ਾਂ ਨੂੰ ਹਰ ਵਿਅਕਤੀ ਤਕ ਪਹੁੰਚਣ ਲਈ ਪਿੰਡ ਪਿੰਡ ਭ੍ਰਮਣ ਕਰਦਾ ਹੈ। ਨਿਰਮਲੇ ਸੰਤਾਂ ਦੇ ਡੇਰਿਆਂ ਵਿਚ ਹਰ ਸੰਗਰਾਂਦ, ਪੂਰਨਮਾਸ਼ੀ, ਮੱਸਿਆ ਅਤੇ ਗੁਰਪੁਰਬਾਂ ਨੂੰ ਦੀਵਾਨ ਸਜਦੇ ਹਨ ਅਤੇ ਯਥਾ ਸੰਭਵ ਪ੍ਰਚਾਰ ਦੀ ਰੌ ਨੂੰ ਕਾਇਮ ਰੱਖਣ ਲਈ ਯਤਨ ਜਾਰੀ ਹਨ। ਰਾਜੇ, ਮਹਾਰਾਜੇ, ਜਾਗੀਰਦਾਰ, ਸਰਦਾਰ ਆਦਿ ਜੋ ਨਿਰਮਲ ਸੰਤਾਂ ਦੀ ਮਾਲੀ ਸਹਾਇਤਾ ਬੜੇ ਉਦਾਰ ਹੋ ਕੇ ਕਰਦੇ ਹਨ। ਮੁਲਕੀ ਨਜ਼ਾਮ ਕਾਰਖਾਨੇਦਾਰਾਂ ਦੀ ਨਵੀਂ ਜਮਾਤ ਹੋ ਗਏ ਹਨ, ਪਰ ਫੇਰ ਵੀ ਯਥਾਸ਼ਕਤ ਇਮਦਾਦ ਕਰਦੇ ਰਹਿੰਦੇ ਹਨ। ਨਜ਼ਾਮ ਨੇ ਕਾਰਖਾਨੇਦਾਰਾਂ ਦੀ ਨਵੀਂ ਜਮਾਤ ਨੂੰ ਜਨਮ ਦਿੱਤਾ। ਇਸ ਵਰਗ ਵਿਚ ਵੱਡੇ ਵਪਾਰੀ ਵੀ ਸ਼ਾਮਿਲ ਹਨ। ਸਮਾਜ ਦਾ ਇਹ ਵਰਗ ਅੱਜ ਕੱਲ੍ਹ ਕਾਫ਼ੀ ਖੁਸ਼ਹਾਲ ਹੈ। ਇਸ ਵਰਗ ਦੇ ਲੋਕਾਂ ਦੀ ਇੱਛਾ ਹੁੰਦੀ ਹੈ। (1) ਸੰਸਾਰਿਕ ਕਾਰਜਾਂ ਵਿਚ

ਉੱਨਤੀ ਹੋਵੇ। (2) ਸੰਕਟ ਸਮੇਂ ਪ੍ਰਭੂ ਇਨ੍ਹਾਂ ਦੀ ਰੱਖਿਆ ਕਰੇ (3) ਸਰੀਰਕ ਅਤੇ ਮਾਨਸਿਕ ਰੋਗਾਂ ਦੇ ਬਚਾਉ ਲਈ ਦੈਵੀ ਸ਼ਕਤੀ ਇਨ੍ਹਾਂ ਦੀ ਸਹਾਇਤਾ ਕਰੇ। (4) ਅਧਿਆਤਮਿਕ ਜੀਵਨ ਵਿਚ ਸਮੇਂ ਦੇ ਫੇਰ ਨਾਲ ਵਾਧਾ ਹੋਵੇ। ਇਨ੍ਹਾਂ ਸਵਾਰਥਾਂ ਦੀ ਪੂਰਤੀ ਲਈ ਉਹ ਪੁੰਨ ਦਾਨ ਵੀ ਕਰਦੇ ਹਨ ਅਤੇ ਸੰਤਾਂ, ਮਹੰਤਾਂ ਦੀ ਸ਼ਰਨੀ ਵੀ ਜਾਂਦੇ ਹਨ। ਇਸ ਵਰਗ ਵਿਚ ਕੁਝ ਕੁ ਸਹਿਜਧਾਰੀ ਸਿੱਖ ਅਤੇ ਗੁਰੂ ਦੇ ਸਿੰਘ ਵੀ ਸ਼ਾਮਿਲ ਹਨ। ਉਨ੍ਹਾਂ ਵਿਚੋਂ ਕੁਝ ਕੁ ਨਿਰਮਲੇ ਸੰਤਾਂ ਦੇ ਅਨੁਯਾਈ ਵੀ ਹਨ। ਨਿਰਮਲੇ ਸੰਤਾਂ ਦੇ ਉਤਸ਼ਾਹ ਨਾਲ ਇਸ ਵਰਗ ਦੇ ਲੋਕਾਂ ਨੇ ਲੋਕਾਈ ਲਈ ਅਨੇਕ ਚੰਗੇ ਕਾਰਜ ਕੀਤੇ ਹਨ। ਇਸ ਸ਼੍ਰੇਣੀ ਦੇ ਅਮੀਰ, ਨਿਰਮਲ ਸੰਪ੍ਰਦਾਇ ਦੀ ਕਈ ਪੱਖਾਂ ਤੋਂ ਸਹਾਇਤਾ ਕਰਦੇ ਰਹਿੰਦੇ ਹਨ, ਜਿਸ ਨੂੰ ਨਿਰਮਲੇ ਸੰਤ ਜਨ-ਭਲਾਈ ਦੇ ਕਾਰਜਾਂ ਵਿਚ ਖਰਚ ਕਰਦੇ ਹਨ।

ਗੁਰਮਤਿ ਆਪਣੇ ਆਪ ਵਿਚ ਇਕ ਮਹਾਨ ਆਦਰਸ਼ ਹੈ ਜਿਸ ਦੀ ਨਿਆਰੀ ਵਿਸ਼ੇਸ਼ਤਾ ਅਧਿਆਤਮਿਕਤਾ ਅਤੇ ਸਚਿਆਰਤਾ ਦੇ ਨਾਲ ਨਾਲ ਸੰਗਤ ਅਤੇ ਪੰਗਤ ਦੀ ਅਜਿਹੀ ਸਮਾਜਿਕ ਸਮੂਹਿਤਾ ਹੈ ਜੋ ਬਰਾਬਰੀ ਅਤੇ ਭਰਾਤਰੀ ਭਾਵ ਉਪਰ ਨਿਰਭਰ ਹੈ। ਗੁਰਮਤਿ ਦੇ ਪ੍ਰਮੁੱਖ ਕਾਰਜ-ਪ੍ਰਵਾਹ ਨਾਲ ਸਬੰਧਿਤ ਵੱਖੋ ਵੱਖਰੀ ਸੰਪ੍ਰਦਾਵਾਂ ਨੇ ਆਪਣੀ ਵਿੱਤ ਅਤੇ ਵਿਉਂਤ ਅਨੁਸਾਰ ਉਕਤ ਆਦਰਸ਼ ਦੇ ਪ੍ਰਸਾਰਨ ਵਿਚ ਯਥਾ ਸੰਭਵ ਹਿੱਸਾ ਪਾਇਆ ਹੈ। ਪਰੰਤੂ ਵਕਤ ਦੇ ਬੀਤਣ ਨਾਲ ਸੰਸਥਾਵਾਦ ਕਈ ਸੰਪ੍ਰਦਾਵਾਂ ਵਿਚ ਦ੍ਰਿੜ੍ਹ ਹੋ ਗਿਆ ਹੈ, ਜਿਸ ਦਾ ਨਤੀਜਾ ਇਹ ਹੋਇਆ ਕਿ ਸੰਪ੍ਰਦਾਇ ਜੋ ਗੁਰਮਤਿ ਆਦਰਸ਼ ਦੇ ਪ੍ਰਸਾਰ ਦਾ ਸਾਧਨ ਸੀ ਆਪਣੇ ਆਪ ਵਿਚ ਇਕ ਸੁਤੰਤਰ ਕੇਂਦਰ ਦਾ ਰੂਪ ਧਾਰਦੀ ਪ੍ਰਤੀਤ ਹੁੰਦੀ ਹੈ। ਜੇ ਇਹ ਰੁਚੀ ਇਸੇ ਪ੍ਰਕਾਰ ਜਾਰੀ ਰਹੀ ਤਾਂ ਸੰਪ੍ਰਦਾਇ ਗੁਰਮਤਿ ਦੇ ਪ੍ਰਚਾਰ ਮਾਧਿਅਮ ਦੇ ਸਥਾਨ ਉੱਤੇ ਭੇਖਵਾਦ ਬਣ ਕੇ ਰਹਿ ਜਾਏਗੀ। ਵਰਤਮਾਨ ਯੁਗ ਵੰਗਾਰ ਅਤੇ ਚੁਨੌਤੀ ਦਾ ਯੁਗ ਹੈ। ਗੁਰਮਤਿ ਨਾਲ ਸੰਬੰਧਿਤ ਸਾਰੀਆਂ ਸੰਸਥਾਵਾਂ ਵਿਸ਼ੇਸ਼ ਕਰ ਕੇ ਨਿਰਮਲ ਸੰਪ੍ਰਦਾਇ ਜੇ ਆਪਣੀ ਹੋਂਦ ਨੂੰ ਸਨਮਾਨ ਯੋਗ ਅਤੇ ਲਾਭਦਾਇਕ ਸਿੱਧ ਕਰਨਾ ਚਾਹੁੰਦੀ ਹੈ ਤਾਂ ਇਸ ਦਾ ਇਕੋ ਇਕ ਉਪਰਾਲਾ ਹੋਣਾ ਚਾਹੀਦਾ ਹੈ- ਗੁਰਮਤਿ ਆਦਰਸ਼ ਦੀ ਸੱਚੀ, ਸੁੱਚੀ, ਸ਼ੁੱਧ, ਸੁੰਦਰ ਅਤੇ ਆਦਰਸ਼ਕ ਵਿਆਖਿਆ ਅਤੇ ਪ੍ਰਚਾਰ। ਵਰਤਮਾਨ ਯੁੱਗ ਦੀਆਂ ਸਮਾਜਿਕ ਸਮੱਸਿਆਵਾਂ, ਵਿਗਿਆਨਿਕ ਅਵਿਸ਼ਕਾਰਾਂ ਅਤੇ ਮਨੋਵਿਗਿਆਨਿਕ ਜਟਿਲਤਾਵਾਂ ਦੇ ਪ੍ਰਕਰਣ ਵਿਚ ਗੁਰਮਤਿ ਆਦਰਸ਼ ਨੂੰ ਕਿਸ ਰੂਪ ਵਿਚ ਤੇ ਕਿਸ ਵਿਧੀ ਨਾਲ ਅਪਨਾਉਣਾ ਤੇ ਨਿਭਾਉਣਾ ਹੈ ? ਇਹ ਸੋਚਣਾ ਅਤੇ ਨਿਰਣਾ ਕਰਨਾ ਨਿਰਮਲ ਸੰਪ੍ਰਦਾਇ ਦੇ ਗੁਰਮੁਖ ਸੰਤਾਂ ਦਾ ਕਰੱਤਵ ਹੈ।

ਅਸਲੀਅਤ ਇਹ ਹੈ ਕਿ ਸਮੇਂ ਦੇ ਫੇਰ ਨਾਲ ਨਿਰਮਲ ਸੰਪ੍ਰਦਾਇ ਦੇ ਸੰਤਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਘੱਟਦੀ ਜਾ ਰਹੀ ਹੈ। ਇਸ ਦੇ ਮੂਲ ਕਾਰਨ ਇਹ ਹਨ :

1. ਉਨ੍ਹੀਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਸਿੰਘ ਸਭਾ ਵੱਲੋਂ ਜਥੇਬੰਦਕ ਰੂਪ ਵਿਚ ਨਿਸ਼ਚਿਤ ਵਿਧੀ ਅਤੇ ਠੋਸ ਤੇ ਸਪੱਸ਼ਟ ਵਿਉਂਤ ਅਨੁਸਾਰ ਨਿਰਮਲ ਸੰਪ੍ਰਦਾਇ ਉਪਰ ਪ੍ਰਚੰਡ ਵਾਰ ਅਤੇ ਆਘਾਤ ਕੀਤੇ ਗਏ ਹਨ।
2. ਸਰਕਾਰ ਦਾ ਧਰਮ ਨਿਰਪੇਖ ਹੋਣਾ ਅਤੇ ਸਮਾਜਵਾਦ ਦੇ ਵਿਚਾਰਾਂ ਨੂੰ ਅਪਨਾਉਣਾ।
3. ਅਕਾਲੀ ਪਾਰਟੀ ਦੀ ਸਿਆਸੀ ਅਤੇ ਆਰਥਕ ਸ਼ਕਤੀ ਵਿਚ ਨਿਰੰਤਰ ਵਾਧਾ ਹੋਣਾ ਅਤੇ ਸਿੰਘ ਸਭਾ ਵੇਲੇ ਸ਼ੁਰੂ ਹੋਇਆ ਵਿਚਾਰਧਾਰਾ ਵਿਰੋਧ ਅਕਾਲੀ ਪਾਰਟੀ ਵੱਲੋਂ ਜਾਰੀ ਰੱਖਣਾ।
4. ਅਕਾਲੀ ਜਥੇਬੰਦੀ ਨਾਲ ਸਬੰਧਿਤ ਕੁਝ ਬੁੱਧੀ-ਜੀਵੀ ਅਜਿਹੇ ਹਨ ਜੋ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੁਆਰਾ ਰਚਿਤ ਪੁਸਤਕਾਂ ਵਿਚ ਮਿਲਦੀ ਸ਼ਬਦਾਵਲੀ, ਸ਼ਬਦ ਪ੍ਰਯੋਗ ਵਿਧੀ ਅਤੇ ਵਿਆਖਿਆ-ਪ੍ਰਣਾਲੀ ਵਿਚ ਮਿਲਦੀ ਸੰਸਕ੍ਰਿਤ ਸ਼ਬਦਾਵਲੀ ਅਤੇ ਗੁਰਮਤਿ ਦੇ

ਵੇਦਾਂਤੀਕਰਣ ਦਾ ਨਾ ਕੇਵਲ ਵਿਰੋਧ ਹੀ ਕਰਦੇ ਹਨ ਸਗੋਂ ਉਸ ਨੂੰ ਗੁਰਮਤਿ ਵਿਰੋਧੀ ਵੀ ਘੋਸ਼ਿਤ ਕਰਦੇ ਹਨ।

5. ਗੁਰਬਾਣੀ ਦਾ ਆਸਰਾ ਲੈ ਕੇ ਚੱਲਣ ਵਾਲੀਆਂ ਖਾਸ ਪ੍ਰਕਾਰ ਦੀ ਰੂਹਾਨੀਅਤ ਦਾ ਪ੍ਰਚਾਰ ਕਰਨ ਵਾਲੀਆਂ ਹੋਰ ਸੰਪ੍ਰਦਾਵਾਂ ਜਿਵੇਂ ਰਾਧਾ ਸੁਆਮੀ, ਨਿਰੰਕਾਰੀ, ਆਦਿ ਦਾ ਵਿਕਸਤ ਹੋਣਾ।

6. ਗੁਰਬਾਣੀ ਵਿਚ ਸੰਤ ਦੀ ਮਹਿਮਾ ਦਾ ਜੋ ਸਰੂਪ ਅਤੇ ਆਦਰਸ਼ ਦਰਜ ਹੈ ਉਸ ਦੇ ਪਰਦੇ ਵਿਚ ਸਾਧਾਰਣ, ਘੱਟ ਪੜ੍ਹੇ ਜਾਂ ਅਨਪੜ੍ਹ ਲੋਕਾਂ ਦਾ ਸਰਲ, ਸਵੱਛ ਅਤੇ ਨਿਸ਼ਕਪਟ ਸ਼ਰਧਾ ਦਾ ਸ਼ੋਸ਼ਣ (Exploitation) ਕਰਨ ਵਾਲੇ ਸਵੈ-ਨਿਯੁਕਤ (Self Commissioned) ਭੇਖੀ-ਸਾਧਾਂ ਦਾ ਆਪਣੇ ਆਪ ਨੂੰ ਗੁਰੂ ਸਿੱਧ ਕਰਨਾ।

ਏਨਾ ਵਿਰੋਧ ਹੋਣ ਦੇ ਬਾਵਜੂਦ ਵੀ ਨਿਰਮਲ ਸੰਪ੍ਰਦਾਇ ਦੇ ਕੇਂਦਰੀ ਡੇਰਿਆਂ ਵਿਚ ਸਿੱਖ ਧਰਮ ਦੇ ਪ੍ਰਚਾਰ ਦਾ ਕਾਰਜ ਕਿਸੇ ਨਾ ਕਿਸੇ ਰੂਪ ਵਿਚ ਸਦਾ ਹੀ ਜਾਰੀ ਹੈ ਅਤੇ ਹਕੀਕਤ ਇਹ ਹੈ ਕਿ ਸਾਰੇ ਸੰਪ੍ਰਦਾਇ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਯਮ ਪੂਰਬਕ ਪ੍ਰਕਾਸ਼ ਹੁੰਦਾ ਹੈ ਅਤੇ ਨਿਰਮਲੇ ਸੰਤ ਕੇਸਧਾਰੀ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਨਿਰਮਲੇ ਮਨ, ਬਚਨ ਅਤੇ ਕਰਮ ਕਰਕੇ ਆਪਣੇ ਆਪ ਨੂੰ ਗੁਰਮਿਤ ਉਪਰ ਆਧਾਰਿਤ ਵਿਸ਼ਾਲ ਵਿਧਾਨ ਦਾ ਅੰਗ ਸਮਝਦੇ ਹਨ। ਭਾਵੇਂ ਸਿੱਖੀ ਦੇ ਸੱਤਾਧਾਰੀ ਦਾਅਵੇਦਾਰ ਨਿਰਮਲਿਆਂ ਨੂੰ ਆਪਣਾ ਸਮਝਣ ਤੋਂ ਸੰਕੋਚ ਕਰਦੇ ਹਨ।

ਨਿਰਮਲੇ ਸੰਤਾਂ ਨੂੰ ਆਪਣੀ ਨਿਘਰ ਰਹੀ ਦਸ਼ਾ ਦਾ ਅਨੁਭਵ ਹੈ। ਹਾਲਾਤ ਦਾ ਜਾਇਜ਼ਾ ਲੈਂਦੇ ਹੋਏ ਉਨ੍ਹਾਂ ਕਈ ਵਾਰੀ ਇਕੱਤਰ ਹੋ ਕੇ ਇਸ ਵਿਸ਼ੇ ਦੇ ਗੰਭੀਰ ਪਰਿਣਾਮਾਂ ਨੂੰ ਵਿਚਾਰਿਆ ਹੈ ਪਰ ਹਾਲੇ ਤਕ ਉਹ ਕੋਈ ਸਫ਼ਲ ਮਾਰਗ ਨਹੀਂ ਲੱਭ ਸਕੇ। ਹੁਣ ਇਕ ਹੋਰ ਗੰਭੀਰ ਸਮੱਸਿਆ ਪੇਸ਼ ਆ ਰਹੀ ਹੈ। ਕੁਝ ਸੰਤ ਜੋ ਡੇਰੇਦਾਰ ਹਨ ਉਹ ਵਧੇਰੇ ਕਰਕੇ ਜਾਇਦਾਦ ਦੀ ਸੰਭਾਲ ਵਿਚ ਲੱਗੇ ਹੋਏ ਹਨ। ਪੰਚਾਇਤੀ ਅਖਾੜੇ ਅਧੀਨ ਡੇਰੇ ਅਤੇ ਜਾਇਦਾਦ ਦੀ ਸੰਭਾਲ ਕਠਿਨ ਕਾਰਜ ਹੈ। ਸ੍ਰੀ ਮਹੰਤ ਸਾਹਿਬ ਸਦਾ ਹੀ ਯਤਨਸ਼ੀਲ ਹਨ ਕਿ ਸੰਪ੍ਰਦਾਇ ਦੇ ਆਦਰਸ਼ਾਂ ਨੂੰ ਮੁੱਖ ਰੱਖ ਕੇ ਪਰਉਪਕਾਰ ਅਤੇ ਪ੍ਰਚਾਰ ਦੀ ਚਲੀ ਆ ਰਹੀ ਰੌ ਨੂੰ ਮੁੜ ਸੁਰਜੀਤ ਕੀਤਾ ਜਾਵੇ। ਬਨਾਰਸ ਅਤੇ ਕਨਖਲ ਵਿਚ ਸੰਸਕ੍ਰਿਤ ਵਿਦਿਆਲੇ ਚਲ ਰਹੇ ਹਨ, ਜਿਥੇ ਮੁਫਤ ਵਿਦਿਆ ਦਿੱਤੀ ਜਾਂਦੀ ਹੈ ਅਤੇ ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਖਾਣਾ ਅਤੇ ਰਿਹਾਇਸ਼ ਵੀ ਬਿਨਾਂ-ਇਵਜ਼ਾਨੇ ਦੇ ਦਿੱਤੀ ਜਾਂਦੀ ਹੈ। ਡੇਰਾ ਸੰਤਪੁਰਾ, ਦਿੱਲੀ ਅਤੇ ਮਹੰਤ ਬਲਬੀਰ ਸਿੰਘ ਜੀ ਨਿਰੰਤਰ ਪ੍ਰਚਾਰ ਕਰ ਰਹੇ ਹਨ। ਰਮਤ ਅਖਾੜਾ ਥਾਂ ਥਾਂ ਭ੍ਰਮਣ ਕਰ ਕੇ ਸਿੱਖ ਧਰਮ ਦੀ ਰਹਿਤ ਮਰਯਾਦਾ ਵਾਲਾ ਜੀਵਨ ਬਤੀਤ ਕਰਨ ਲਈ ਨਿਰੰਤਰ ਪ੍ਰਚਾਰ ਕਰ ਰਿਹਾ ਹੈ। ਪਰ ਏਨਾ ਕੁਝ ਕਾਫ਼ੀ ਨਹੀਂ। ਅੱਜ ਜਦ ਸਮਾਜਵਾਦ ਦਾ ਪ੍ਰਚਾਰ ਹੋ ਰਿਹਾ ਹੋਵੇ ਤਾਂ ਇਸ ਸੰਪ੍ਰਦਾਇ ਦਾ ਵੀ ਫਰਜ਼ ਬਣਦਾ ਹੈ ਕਿ ਉਹ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਸਮੇਂ ਦੀ ਰਫਤਾਰ ਅਨੁਸਾਰ ਨਿਭਾਏ।

ਮਹੰਤ ਗਣੇਸ਼ਾ ਸਿੰਘ ਜੀ ਨੇ ਇਕ ਕਮੇਟੀ ਬਣਾਈ ਸੀ ਜਿਸ ਦਾ ਨਾਂ ਸੀ 'ਨਿਰਮਲ ਮਹਾਂ ਮੰਡਲ'। ਇਸ ਦਾ ਦਫ਼ਤਰ ਡੇਰਾ ਬਾਬਾ ਮਿਸ਼ਰਾ ਸਿੰਘ, ਅੰਮ੍ਰਿਤਸਰ ਵਿਚ ਸੀ। ਇਸ ਕਮੇਟੀ ਦਾ ਮੁੱਖ ਉਦੇਸ਼ ਹੈ ਕਿ ਸਮੇਂ ਸਮੇਂ ਹਾਲਾਤ ਦਾ ਜਾਇਜ਼ਾ ਲੈਂਦੇ ਹੋਏ ਸ੍ਰੀ ਮਹੰਤ ਸਾਹਿਬ ਨੂੰ ਨਿਰਮਲ ਸੰਪ੍ਰਦਾਇ ਦੀ ਉੱਨਤੀ ਲਈ ਮਸ਼ਵਰਾ ਦੇਵੇ। ਪਰ ਇਹ ਕਮੇਟੀ ਹਾਲੇ ਤਕ ਕੋਈ ਗੁਣਕਾਰੀ ਕੰਮ ਨਹੀਂ ਕਰ ਸਕੀ। ਆਸ ਹੈ ਕਿ ਇਹ ਕਮੇਟੀ ਵੀ ਸੰਪ੍ਰਦਾਇ ਦੀ ਦਸ਼ਾ ਸੁਧਾਰਣ ਲਈ ਕਦੇ ਤਾਂ ਕੋਈ ਠੋਸ ਸੁਝਾਅ ਦੇਵੇਗੀ।

ਨਿਰਮਲੇ ਸੰਤ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਉਨਤੀ ਨਾ ਹੋਣ ਦਾ ਇਕ ਵਿਸ਼ੇਸ਼ ਕਾਰਨ ਸ਼ਿਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਅਧਿਕਾਰੀਆਂ ਅਤੇ ਲੀਡਰਾਂ ਦੀ ਡੇਰਿਆਂ ਨੂੰ ਕਬਜ਼ੇ ਵਿਚ ਕਰਨ ਦੀ ਰੁਚੀ ਵੀ ਹੈ। ਸ੍ਰੀ ਮਹੰਤ ਜੀ ਦਾ ਵਿਚਾਰ ਸੀ ਕਿ ਧਰਮ ਨਹੀਂ ਜਾਣਾ ਚਾਹੀਦਾ ਡੇਰੇ ਬੇਸ਼ਕ ਚਲੇ ਜਾਣ। ਨਿਰਮਲ ਸੰਪ੍ਰਦਾਇ ਦੀ ਸੰਪਤੀ ਸਿੱਖ ਕੌਮ ਦੀ ਨਿੱਜੀ ਜਾਇਦਾਦ ਹੈ ਪਰ ਇਹ ਗੱਲ ਹਾਲੇ ਤਕ ਅਕਾਲੀ ਪਾਰਟੀ ਦੀ ਸਮਝ ਵਿਚ ਨਹੀਂ ਆਈ। ਇਸ ਕਸ਼ਮਕਸ਼ ਦੇ ਕਾਰਨ ਪ੍ਰਚਾਰ ਦੀ ਰੌ ਨੂੰ ਕਾਫ਼ੀ ਠੇਸ ਪਹੁੰਚ ਰਹੀ ਹੈ।

ਅੱਜ ਹਰ ਵਿਅਕਤੀ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਨੂੰ ਮੁੱਖ ਰੱਖ ਕੇ ਸੋਚਦਾ ਹੈ। ਪ੍ਰਾਪਤੀ ਦਾ ਇਹ ਲੋਭ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਤਿਆਗ, ਵੈਰਾਗ, ਸੇਵਾ ਅਤੇ ਸੰਜਮ ਵੱਲ ਬਿਰਤੀ ਘੱਟ ਰਹੀ ਹੈ। ਦੂਜੇ ਬੰਨੇ ਸਮਾਜ ਦਾ ਢਾਂਚਾ ਬਦਲ ਰਿਹਾ ਹੈ। ਲੋਕਾਂ ਦੇ ਵਿਚਾਰ ਬਦਲ ਰਹੇ ਹਨ ਪਰ ਇਸ ਯੁੱਗ ਦੀ ਪ੍ਰਧਾਨ ਰੁਚੀ ਧਰਮ ਪ੍ਰਤੀ ਅਵਿਸ਼ਵਾਸ ਅਤੇ ਵਿਗਿਆਨ ਦੇ ਪ੍ਰਤੀ ਸ਼ਰਧਾ ਹੈ। ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਿਯੁਕਤ ਤਨਖਾਹਦਾਰ ਪ੍ਰਚਾਰਕ ਨਿਰਮਲਿਆਂ ਦੀ ਨਿੰਦਾ ਕਰ ਰਹੇ ਹਨ। ਇਸ ਤਨਾਉ ਵਾਲੇ ਵਾਯੂ ਮੰਡਲ ਨੇ ਨਿਰਮਲਿਆਂ ਦੀਆਂ ਗੁਰਮਤਿ ਪ੍ਰਚਾਰ ਮਿਸ਼ਨਰੀ ਕੋਸ਼ਿਸ਼ਾਂ ਨੂੰ ਕਾਫ਼ੀ ਚੋਟ ਲਾਈ ਹੈ। ਨਿਰਮਲੇ ਸੰਤ ਫੇਰ ਵੀ ਸਰਲ, ਸਾਦਾ ਅਤੇ ਸੁੱਚਾ ਜੀਵਨ ਬਿਤਾਉਂਦੇ ਹੋਏ ਗੁਰਮਤਿ ਪ੍ਰਚਾਰ ਦੁਆਰਾ ਜਨ-ਭਲਾਈ ਦੇ ਕਾਰਜਾਂ ਵਿਚ ਯਥਾਸ਼ਕਤ ਹਿੱਸਾ ਲੈ ਰਹੇ ਹਨ।

ਇਕ ਮਸਲਾ ਹੋਰ ਬੜਾ ਜਟਿਲ ਹੈ। ਕੁਝ ਭੇਖਦਾਰੀ ਸਾਧੂ ਜਿਵੇਂ ਹਰ ਸੰਪ੍ਰਦਾਇ ਵਿਚ ਵੜ ਜਾਂਦੇ ਹਨ, ਉਸ ਤਰ੍ਹਾਂ ਨਿਰਮਲ ਸੰਪ੍ਰਦਾਇ ਵਿਚ ਵੀ ਕੁਝ ਅਜਿਹੇ ਵਿਅਕਤੀ ਪ੍ਰਵੇਸ਼ ਕਰ ਗਏ ਹਨ। ਇਸ ਤਰ੍ਹਾਂ ਭੇਖਧਾਰੀ ਹਰ ਕੰਮ ਸੁਆਰਥ ਦੀ ਭਾਵਨਾ ਨਾਲ ਕਰਦੇ ਹਨ। ਇਸ ਕਿਸਮ ਦੇ ਵਿਅਕਤੀ ਨਿਤ ਕੋਈ ਨਾ ਕੋਈ ਸ਼ੋਸ਼ਾ ਛੱਡਦੇ ਰਹਿੰਦੇ ਹਨ ਜੋ ਸੰਸਥਾ ਦੇ ਬੁਨਿਆਦੀ ਆਦਰਸ਼ਾਂ ਅਤੇ ਆਸ਼ਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਸਮੱਸਿਆ ਦੇ ਹੱਲ ਲਈ ਨਿਰਮਲ ਸੰਪ੍ਰਦਾਇ ਦੇ ਸੰਤ ਕੋਸ਼ਿਸ਼ ਕਰ ਰਹੇ ਹਨ।

ਨਿਰਮਲੇ ਸੰਤਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਜਨਤਾ ਵੱਲੋਂ ਦਿੱਤੀ ਗਈ ਮਾਇਕ ਸਹਾਇਤਾ ਦਾ ਕਦੇ ਵੀ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਦੁਰਉਪਯੋਗ ਨਹੀਂ ਕਰਦੇ। ਸਾਰੀ ਆਮਦਨ ਦਾ ਪੂਰਾ ਪੂਰਾ ਹਿਸਾਬ ਰਖਿਆ ਜਾਂਦਾ ਹੈ ਅਤੇ ਯਤਨ ਇਹ ਕੀਤਾ ਜਾਂਦਾ ਹੈ ਕਿ ਧਰਮ-ਅਰਥ ਦੇ ਕਾਰਜਾਂ ਤੋਂ ਇਲਾਵਾ ਹੋਰ ਕਿਸੇ ਸਿਆਸੀ ਜਾਂ ਨਿੱਜੀ ਸੁਆਰਥ ਲਈ ਕੌਡੀ ਵੀ ਇਸਤੇਮਾਲ ਨਾ ਕੀਤੀ ਜਾਵੇ।

ਭਾਰਤ ਵਿਚ ਧਰਮ ਨਾਲ ਸੰਬੰਧਿਤ ਜਿਹੜੀਆਂ ਵੱਖੋ ਵੱਖ ਪਰਿਪਾਟੀਆਂ ਪ੍ਰਚਲਿਤ ਹਨ ਉਨ੍ਹਾਂ ਦਾ ਮਹੱਤਵਪੂਰਨ ਕੰਮ ਇਹ ਹੈ ਕਿ ਤਕਰੀਬਨ ਸਾਲ ਵਿਚ ਇਕ ਵਾਰੀ ਵੱਖੋ ਵੱਖਰੇ ਕੇਂਦਰੀ ਤੀਰਥ ਅਸਥਾਨਾਂ ਉੱਤੇ ਆਯੋਜਿਤ ਹੋ ਰਹੀਆਂ ਵਿਸ਼ਾਲ ਇਕੱਤਰਤਾਵਾਂ ਵਿਚ ਭਾਗ ਲੈਣ ਅਤੇ ਆਪਣੇ ਮਤ ਦੇ ਵਿਚਾਰਾਂ ਨੂੰ ਪ੍ਰਸਤੁਤ ਕਰਨ। ਅਜਿਹੀਆਂ ਨਿਯਮਤ ਇਕੱਤਰਤਾਵਾਂ ਨੂੰ ਕੁੰਭ ਅਤੇ ਅਰਧ-ਕੁੰਭੀ, ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਹ ਪਰਿਪਾਟੀ ਸਾਡੇ ਦੇਸ਼ ਵਿਚ ਬਹੁਤ ਪੁਰਾਣੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਪਰੰਪਰਾਗਤ ਵਾਰਤਾਵਾਂ ਵਿਚ ਗੁਰੂ ਜੀ ਦਾ ਉਕਤ ਪ੍ਰਕਾਰ ਦੀਆਂ ਇਕੱਤਰਤਾਵਾਂ ਵਿਚ ਪਹੁੰਚ ਕੇ ਭਰਮ ਖੰਡਨ ਅਤੇ ਸੱਚ ਧਰਮ ਦੇ ਪ੍ਰਗਟਾਵੇ ਦੇ ਯਤਨ ਨੂੰ ਸਵੀਕਾਰ ਕੀਤਾ ਗਿਆ ਹੈ। ਗੁਰੂ ਜੀ ਦੁਆਰਾ ਸਥਾਪਿਤ ਇਸ ਪਰਿਪਾਟੀ ਦਾ ਅਨੁਸਰਣ ਕੇਵਲ ਨਿਰਮਲ ਸੰਪ੍ਰਦਾਇ ਦੇ ਸਾਧਕ ਕਰਦੇ ਹਨ।

**ਪਾਠ ਨੰਬਰ : 2.6**

# ਬੰਦਾ ਸਿੰਘ ਬਹਾਦਰ (ਜੀਵਨ ਅਤੇ ਸਫ਼ਲਤਾਵਾਂ)

ਬੰਦਾ ਸਿੰਘ ਬਹਾਦਰ ਦਾ ਉਥਾਨ ਪੰਜਾਬ ਦੇ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਸਿਰਫ ਵੈਰਾਗੀ ਤੋਂ ਬਹਾਦਰ ਸਿਪਾਹੀ ਬਣਾ ਦਿੱਤਾ ਜਿਹਾ ਕਿ ਉਸ ਦੇ ਮੁੱਢਲੇ ਜੀਵਨ ਤੋਂ ਪ੍ਰਤੱਖ ਹੈ।

## ਮੁੱਢਲਾ ਜੀਵਨ

ਬੰਦਾ ਸਿੰਘ ਬਹਾਦਰ ਇਕ ਡੋਗਰਾ ਰਾਜਪੂਤ ਸੀ। ਉਸ ਦਾ ਜਨਮ *27* ਅਕਤੂਬਰ *1670* ਈਸਵੀ ਨੂੰ ਪੱਛਮੀ ਕਸ਼ਮੀਰ ਵਿਚ ਜ਼ਿਲ੍ਹਾ ਪੁੰਛ ਦੇ ਰਾਜੌਰੀ ਨਾਂ ਦੇ ਸਥਾਨ ਤੇ ਹੋਇਆ। ਉਸ ਦਾ ਮੁੱਢਲਾ ਨਾਂ ਲਛਮਣ ਦਾਸ ਸੀ। ਉਸ ਦਾ ਪਿਤਾ ਰਾਮ ਦੇਵ ਕਿਸਾਨ ਸੀ। ਜਵਾਨੀ ਵਿਚ ਉਸ ਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ। ਇਕ ਦਿਨ ਉਸ ਨੇ ਇਕ ਗਰਭਵਤੀ ਹਿਰਨੀ ਦਾ ਸ਼ਿਕਾਰ ਕੀਤਾ। ਹਿਰਨੀ ਅਤੇ ਉਸ ਦੇ ਪੇਟ ਵਿਚਲੇ ਬੱਚੇ ਉਸ ਦੀਆਂ ਅੱਖਾਂ ਸਾਹਮਣੇ ਦਮ ਤੋੜ ਗਏ। ਇਸ ਘਟਨਾ ਨੇ ਉਸਦੇ ਮਨ ਤੇ ਬੜਾ ਹੀ ਅਸਰ ਕੀਤਾ ਤੇ ਉਹ ਵੈਰਾਗੀ ਬਣ ਗਿਆ ਅਤੇ ਆਪਣਾ ਨਾਂ ਮਾਧੋ ਦਾਸ ਰੱਖ ਲਿਆ। ਉਸ ਨੇ ਔਘੜ ਨਾਥ ਤੋਂ ਤੰਤਰ ਵਿੱਦਿਆ ਸਿਖ ਲਈ ਅਤੇ ਨੰਦੇੜ ਵਿਚ ਆਪਣਾ ਆਸ਼ਰਮ ਬਣਾ ਲਿਆ। ਉੱਥੇ ਜਲਦੀ ਹੀ ਉਸ ਦੇ ਜੀਵਨ ਵਿਚ ਇਕ ਮੋੜ ਆਇਆ। ਗੁਰੂ ਗੋਬਿੰਦ ਸਿੰਘ ਜੀ ਜਦੋਂ ਨੰਦੇੜ ਠਹਿਰੇ ਹੋਏ ਸਨ ਤਾਂ ਉਹ ਸੰਤਬਰ *1708* ਵਿਚ ਉਸ ਦੇ ਆਸ਼ਰਮ ਵਿਖੇ ਗਏ। ਉਸ ਨੇ ਗੁਰੂ ਸਾਹਿਬ ਤੇ ਆਪਣੀ ਤੰਤਰ ਵਿੱਦਿਆ ਅਜਮਾਈ, ਪਰੰਤੂ ਗੁਰੂ ਜੀ ਤੇ ਕੋਈ ਅਸਰ ਨਾ ਹੋਇਆ। ਗੁਰੂ ਜੀ ਦੀ ਸ਼ਖਸੀਅਤ ਅਤੇ ਅਧਿਆਤਮਿਕਤਾ ਦਾ ਮਾਧੋ ਦਾਸ ਦੇ ਮਨ ਤੇ ਬਹੁਤ ਡੂੰਘਾ ਪ੍ਰਭਾਵ ਪਿਆ ਅਤੇ ਕਿਹਾ ਜਾਂਦਾ ਹੈ ਕਿ ਉਹ ਗੁਰੂ ਜੀ ਦਾ ਸ਼ਾਗਿਰਦ (ਸਿੱਖ) ਬਣ ਗਿਆ। ਉਸ ਨੇ ਆਪਣੇ ਆਪ ਨੂੰ ਗੁਰੂ ਦਾ ਬੰਦਾ (ਗੁਲਾਮ) ਕਿਹਾ ਅਤੇ ਆਪਣੇ ਆਪ ਨੂੰ ਗੁਰੂ ਜੀ ਦੀ ਸੇਵਾ ਵਿਚ ਅਰਪਨ ਕਰ ਦਿੱਤਾ। ਮੁਫਤੀ ਅਲੀ-ਉੱਦੀਨ, ਕਨ੍ਹਈਆ ਲਾਲ, ਮੈਕਗਰੈਗਰ, ਸੱਯਦ ਮੁਹੰਮਦ ਲਤੀਫ਼ ਅਤੇ ਗੰਡਾ ਸਿੰਘ ਆਦਿ ਲੇਖਕਾਂ ਦੇ ਮਤ ਅਨੁਸਾਰ, ਬੰਦੇ ਨੇ ਗੁਰੂ ਸਾਹਿਬ ਤੋਂ ਪਾਹੁਲ ਅਰਥਾਤ ਅੰਮ੍ਰਿਤਪਾਨ ਕੀਤਾ ਸੀ। ਮੈਕਾਲਫ ਅਨੁਸਾਰ ਉਸ ਦਾ ਨਵਾਂ ਨਾਂ ਗੁਰਬਖਸ਼ ਸਿੰਘ ਰੱਖਿਆ ਗਿਆ। ਪਰ ਗੰਡਾ ਸਿੰਘ ਅਨੁਸਾਰ ਅੰਮ੍ਰਿਤ ਛੱਕਣ ਪਿਛੋਂ ਮਾਧੋ ਦਾਸ ਦਾ ਨਾਂ ਗੁਰਬਖ਼ਸ ਸਿੰਘ ਨਹੀ, ਸਗੋਂ ਬੰਦਾ ਸਿੰਘ ਬਹਾਦਰ ਰੱਖਿਆ ਗਿਆ ਸੀ ਤੇ ਇਸ ਲਈ ਉਹ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸਿੱਖ ਧਰਮ ਅਪਣਾਉਣ ਦੇ ਫਲਸਰੂਪ ਬੰਦੇ ਦੇ ਜੀਵਨ ਵਿਚ ਇਕ ਮਹਾਨ ਤਬਦੀਲੀ ਆਈ। ਗੰਡਾ ਸਿੰਘ ਅਨੁਸਾਰ, ਉਹ (ਬੰਦਾ) ਜੋ ਜੀਉਂਦੇ ਜੀਵਨ ਦੇ ਕਰਮ ਖੇਤਰ ਤੋਂ ਡਰਦਾ ਹਰ ਹਰ ਕਰਦਾ ਨਿਕਲਿਆ ਸੀ, ਸਤਿਗੁਰੂ ਦੀ ਕ੍ਰਿਪਾ ਨਾਲ ਹੁਣ ਮੁੜ ਕੌਮੀ ਸੇਵਾ ਦੇ ਸੰਗਰਾਮ ਵਿਚ ਆ ਨਿਤਰਿਆ। ਜਦੋਂ ਬੰਦੇ ਨੇ ਗੁਰੂ ਸਾਹਿਬ ਤੋਂ ਪੰਜਾਬ ਵਿਚ ਸਿੱਖਾਂ ਉੱਤੇ ਕੀਤੇ ਗਏ ਮੁਗਲਾਂ ਦੇ ਅੱਤਿਆਚਾਰਾਂ ਅਤੇ ਗੁਰੂ ਸਾਹਿਬ ਦੇ ਪਿਤਾ ਅਤੇ ਸਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਬਾਰੇ ਸੁਣਿਆ ਤਾਂ ਉਸ ਦਾ ਰਾਜਪੂਤੀ ਖੂਨ-ਖੋਲਣ ਲਗ ਪਿਆ। ਇਨ੍ਹਾਂ ਦਿਨਾਂ ਵਿਚ ਹੀ ਸਰਹੰਦ ਦੇ ਫੌਜਦਾਰ ਵਜ਼ੀਰ ਖਾਂ ਵਲੋਂ ਭੇਜੇ ਗਏ ਦੋ ਪਠਾਨ ਗੁਰੂ ਸਾਹਿਬ ਦੀ ਹੱਤਿਆ ਕਰਨ ਦੇ ਮੰਤਵ ਲਈ ਨੰਦੇੜ ਪਹੁੰਚੇ ਅਤੇ ਉਨ੍ਹਾਂ ਵਿਚੋਂ ਇਕ ਪਠਾਨ ਨੇ ਮੌਕਾ ਪਾ ਕੇ ਇਕ ਦਿਨ ਗੁਰੂ ਸਾਹਿਬ ਤੇ ਛੁਰੇ ਨਾਲ

ਹਮਲਾ ਕਰ ਦਿੱਤਾ ਅਤੇ ਗੁਰੂ ਸਾਹਿਬ ਦੇ ਢਿੱਡ ਵਿਚ ਇਕ ਡੂੰਘਾ ਤੇ ਘਾਤਕ ਜ਼ਖਮ ਕਰ ਦਿੱਤਾ। ਜਦੋਂ ਬੰਦੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ ਅਤੇ ਅੱਤਿਆਚਾਰੀ ਮੁਗਲਾਂ ਦੇ ਵਿਰੁੱਧ ਇੰਨਾ ਭੜਕ ਉਠਿਆ ਕਿ ਉਸ ਨੇ ਗੁਰੂ ਸਾਹਿਬ ਤੋਂ ਪੰਜਾਬ ਜਾਣ ਲਈ ਆ ਗਿਆ ਅਤੇ ਅਸ਼ੀਰਵਾਦ ਦੇ ਲਈ ਬੇਨਤੀ ਕੀਤੀ ਤਾਂ ਜੋ ਉਨ੍ਹਾਂ ਦੇ ਗੁਨਾਹਾਂ ਦੀ ਸਜਾ ਦੇ ਸਕੇ। ਵਾਸਤਵ ਵਿਚ ਪਠਾਨ ਵੱਲੋਂ ਉਨ੍ਹਾਂ ਤੇ ਹਮਲਾ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਆਪ ਪੰਜਾਬ ਵਾਪਸ ਜਾਣ ਲਈ ਯੋਜਨਾ ਬਣਾ ਰਹੇ ਸੀ, ਪਰ ਹੁਣ ਡੂੰਘੇ ਤੇ ਘਾਤਕ ਫੱਟ ਦੇ ਕਾਰਨ ਉਨ੍ਹਾਂ ਲਈ ਪੰਜਾਬ ਜਾਣਾ ਸੰਭਵ ਨਹੀਂ ਸੀ ਤੇ ਇਸ ਲਈ ਉਨ੍ਹਾਂ ਨੇ ਬੰਦੇ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਉਸ ਨੂੰ ਖਾਲਸੇ ਦਾ ਸੈਨਿਕ ਨੇਤਾ ਮੁਕਰਰ ਕਰ ਦਿੱਤਾ। ਗੁਰੂ ਸਾਹਿਬ ਨੇ ਬੰਦੇ ਨੂੰ ਆਪਣੇ ਭੱਥੇ ਵਿਚੋਂ ਪੰਜ ਤੀਰ, ਇਕ ਖੰਡਾ ਅਤੇ ਇਕ ਨਗਾਰਾ ਆਪਣੀ ਸ਼ਕਤੀ ਦੇ ਚਿੰਨ੍ਹ ਵਜੋਂ ਦਿੱਤੇ। ਗੁਰੂ ਸਾਹਿਬ ਨੇ ਬੰਦੇ ਦਾ ਸਾਥ ਦੇਣ ਲਈ ਪੰਝੀ ਚੋਣਵੇਂ ਸਿੰਘਾਂ ਨੂੰ ਬੰਦੇ ਦੇ ਨਾਲ ਜਾਣ ਲਈ ਹੁਕਮ ਦਿੱਤਾ ਅਤੇ ਪੰਜਾਬ ਦੇ ਸਿੱਖਾਂ ਦੇ ਨਾਂ ਹੁਕਮਨਾਮੇ (ਆਦੇਸ਼ ਪੱਤਰ) ਵੀ ਦਿੱਤੇ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਆਪਣਾ ਨੇਤਾ ਸਮਝਣ ਅਤੇ ਉਸ ਦੇ ਝੰਡੇ ਹੇਠ ਇੱਕਠੇ ਹੋ ਕੇ ਜ਼ਾਲਮ ਸਰਕਾਰ ਵਿਰੁੱਧ ਕੀਤੇ ਜਾ ਰਹੇ ਸੰਘਰਸ਼ ਵਿਚ ਉਸ ਦਾ ਸਾਥ ਦੇਣ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਵੇਲੇ ਗੁਰੂ ਸਾਹਿਬ ਨੇ ਬੰਦੇ ਨੂੰ ਕੁਝ ਹਦਾਇਤਾਂ ਵੀ ਦਿੱਤੀਆਂ।

ਬੰਦਾ ਬਹਾਦਰ ਨੇ ਉੱਤਰ ਵੱਲ ਚਾਲੇ ਪਾਏ ਤੇ ਜਦੋਂ ਉਹ ਖਾਂਡਾ ਤੇ ਸ਼ਿਹਰੀ ਪਿੰਡਾਂ ਦੇ ਨੇੜੇ ਪਹੁੰਚੇ ਜੋ ਖਾਰ ਖੰਡਾ ਪਰਗਨੇ ਵਿਚ ਪੈਂਦੇ ਸਨ(ਅੱਜ ਕੱਲ ਰੋਹਤਕ ਜ਼ਿਲ੍ਹੇ ਵਿਚ ਹਨ) ਤਾਂ ਉਥੋਂ ਉਸ ਨੇ ਗੁਰੂ ਸਾਹਿਬ ਵਲੋਂ ਜਾਰੀ ਕੀਤੇ ਹੁਕਮਨਾਮੇ ਸਿੱਖ ਸਰਦਾਰਾਂ ਨੂੰ ਭੇਜ ਦਿੱਤੇ। ਉਨ੍ਹਾਂ ਨੂੰ ਉਸ ਦੇ ਨਾਲ ਮਿਲ ਜਾਣ ਲਈ ਕਿਹਾ। ਜਦੋਂ ਬੰਦਾ ਬਹਾਦਰ ਪੰਜਾਬ ਪਹੁੰਚਿਆ ਤਾਂ ਹਜ਼ਾਰਾਂ ਸਿੱਖ ਉਸ ਦੇ ਦੁਆਲੇ ਆਣ ਜੁੜੇ। ਉਸ ਦੀ ਫੌਜ ਵਿਚ ਤਿੰਨ ਤਰ੍ਹਾਂ ਦੇ ਆਦਮੀ ਸਨ। ਇਹਨਾਂ ਵਿਚੋ ਪਹਿਲੀ ਸ਼੍ਰੇਣੀ ਉਨ੍ਹਾਂ ਸਿੱਖਾਂ ਸ਼ਰਧਾਲੂਆਂ ਦੀ ਸੀ ਜੋ ਆਪਣੇ ਧਰਮ ਦੇ ਕਾਰਜ਼ ਹਿੱਤ ਲੜਨ ਤੇ ਮਰਨ ਲਈ ਤਿਆਰ ਸਨ। ਇਨ੍ਹਾਂ ਵਿਚੋਂ ਅਲੀ ਸਿੰਘ, ਭਾਈ ਫਤਿਹ ਸਿੰਘ, ਧਰਮ ਸਿੰਘ, ਨਗਾਹੀਆ ਸਿੰਘ, ਚੂਹੜ ਸਿੰਘ ਤੇ ਸਲੌਦੀ ਦੇ ਸਿੱਖ ਮਸ਼ਹੂਰ ਸਨ। ਦੂਜੀ ਸ਼੍ਰੇਣੀ ਰਾਮ ਸਿੰਘ ਤੇ ਤਰਲੋਕ ਸਿੰਘ ਫੂਲਕੀਆ ਪਰਿਵਾਰ ਵਲੋਂ ਭਾਰੀ ਭਾੜੇ ਦੀ ਫੌਜ ਦੀ ਸੀ ਤੇ ਤੀਜੀ ਸ਼੍ਰੇਣੀ ਉਨ੍ਹਾਂ ਲੋਕਾਂ ਦੀ ਸੀ ਜੋ ਲੁਟਮਾਰ ਦੇ ਮੰਤਵ ਨਾਲ ਆਉਂਦੇ ਜਾਂਦੇ ਰਹਿੰਦੇ ਸਨ। ਕੁਝ ਹੀ ਮਹੀਨਿਆਂ ਵਿਚ ਪੂਰੀ ਸਿੱਖ ਕਿਸਾਨੀ ਨੇ ਸੂਬੇਦਾਰ ਸਰਹੰਦ ਦੇ ਵਿਰੁੱਧ ਹਥਿਆਰ ਚੁੱਕ ਲਏ ਸਨ।

## ਬੰਦਾ ਸਿੰਘ ਬਹਾਦਰ ਦੀਆਂ ਫੌਜੀ ਸਫਲਤਾਵਾਂ

### ਸੋਨੀਪਤ ਤੇ ਹਮਲਾ

ਪੰਜਾਬ ਵੱਲ ਕੂਚ ਕਰਦੇ ਹੋਏ ਬੰਦਾ ਬਹਾਦਰ ਨੇ ਸਭ ਤੋਂ ਪਹਿਲਾ ਸੋਨੀਪਤ ਤੇ ਹਮਲਾ ਕੀਤਾ ਉਸ ਵਲੇ ਉਸ ਕੋਲ ਕੇਵਲ *500* ਸਿੱਖ ਸਨ। ਉੱਥੇ ਦੇ ਫੌਜਦਾਰ ਸਿੱਖਾਂ ਦੀ ਬਹਾਦਰੀ ਸੁਣ ਕੇ ਇੰਨਾ ਡਰ ਗਿਆ ਕਿ ਉਸ ਵਿਚ ਟਾਕਰਾ ਕਰਨ ਦੀ ਹਿੰਮਤ ਨਾ ਰਹੀ। ਬੰਦਾ ਬਹਾਦਰ ਵਲੋਂ ਧਾਵਾ ਬੋਲਣ ਤੇ ਉਸ ਦੇ ਸੈਨਿਕਾਂ ਵਿਚ ਭਾਜੜ ਮਚ ਗਈ। ਫੌਜਦਾਰ ਸ਼ਹਿਰ ਛੱਡ ਕੇ ਦਿੱਲੀ ਵੱਲ ਭੱਜ ਗਿਆ। ਇਸ ਜਿੱਤ ਕਾਰਨ ਸਿੱਖਾਂ ਦੇ ਹੌਸਲੇ ਬਹੁਤ ਵੱਧ ਗਏ।

### ਭੂਨਾ (ਕੈਥਲ) ਵਿਖੇ ਸਾਹੀ ਖਜ਼ਾਨੇ ਦੀ ਲੁੱਟ

ਸੋਨੀਪਤ ਤੋਂ ਬੰਦੇ ਨੇ ਮਾਲਵਾ ਪ੍ਰਦੇਸ਼ ਵਿਚ ਸਥਿਤ ਸਮਾਣਾ ਵੱਲ ਵਧਣਾ ਆਰੰਭ ਕੀਤਾ। ਜਦੋਂ ਉਹ ਕੈਥਲ ਨੇੜੇ ਪਹੁੰਚਿਆ ਤਾਂ ਉਸ ਨੂੰ ਪਤਾ ਲੱਗਾ ਕਿ ਮੁਗਲ ਸੈਨਿਕ ਉਗਰਾਹੇ ਹੋਏ ਮਾਲੀਏ ਦੀ ਇਕ

ਭਾਰੀ ਰਕਮ (ਖਜ਼ਾਨਾ) ਸਮੇਤ ਭੂਣਾ ਨਾਂ ਦੇ ਪਿੰਡ ਵਿੱਚ ਠਹਿਰੇ ਹੋਏ ਹਨ। ਬੰਦੇ ਨੂੰ ਮੁਗਲਾਂ ਵਿਰੁੱਧ ਕੀਤੇ ਜਾ ਰਹੇ ਸੰਘਰਸ਼ ਲਈ ਧਨ ਦੀ ਬਹੁਤ ਜ਼ਰੂਰਤ ਸੀ ਇਸ ਲਈ ਉਸ ਨੇ ਤੁਰੰਤ ਹੀ ਸਿੱਖ ਸੈਨਿਕਾਂ ਨਾਲ ਭੂਣੇ ਉੱਤੇ ਹਮਲਾ ਕਰ ਦਿੱਤਾ ਅਤੇ ਮੁਗਲ ਸੈਨਿਕਾਂ ਤੋਂ ਸਾਰਾ ਧਨ ਖੋਹ ਲਿਆ। ਇਸ ਤੋਂ ਬਾਅਦ ਬੰਦੇ ਨੇ ਕੈਥਲ (ਜੋ ਅੱਜ ਕੱਲ੍ਹ ਹਰਿਆਣਾ ਵਿਚ ਹੈ) ਦੇ ਆਮਿਲ ਜੋ ਉਨ੍ਹਾਂ ਨੂੰ ਖਜ਼ਾਨਾ ਲੁੱਟਣ ਦੀ ਸਜ਼ਾ ਦੇਣ ਲਈ ਆਇਆ ਸੀ, ਨੂੰ ਬੁਰੀ ਤਰ੍ਹਾਂ ਹਰਾਇਆ ਤੇ ਉਸ ਨੂੰ ਸਿੱਖਾਂ ਨੇ ਪਕੜ ਲਿਆ। ਉਸ ਨੂੰ ਇਸ ਸ਼ਰਤ ਤੇ ਛੱਡ ਦਿੱਤਾ ਗਿਆ ਕਿ ਉਹ ਸਿੱਖਾਂ ਨੂੰ ਸਾਰੇ ਘੋੜੇ ਹਵਾਲੇ ਕਰ ਦੇਵੇ ਅਤੇ ਜੋ ਉਸ ਨੇ ਖੁਸ਼ੀ ਨਾਲ ਪ੍ਰਵਾਨ ਕਰ ਲਿਆ। ਬੰਦੇ ਨੇ ਉਸ ਨੂੰ ਖਾਲਸੇ ਵੱਲੋਂ ਕੈਥਲ ਦਾ ਆਮਿਲ ਨਿਯੁਕਤ ਕਰ ਦਿੱਤਾ ਅਤੇ ਉਸ ਦੀ ਮਦਦ ਲਈ ਇਕ ਸੈਨਿਕ ਦਸਤਾ ਵੀ ਨਿਯੁਕਤ ਕਰ ਦਿੱਤਾ। ਭੂਣਾ ਤੋਂ ਪ੍ਰਾਪਤ ਕੀਤਾ ਧਨ ਸਿੱਖਾਂ ਵਿਚ ਵੰਡ ਦਿੱਤਾ ਗਿਆ।

## ਸਮਾਣਾ ਕਪੂਰੀ ਅਤੇ ਸਢੌਰੇ ਦੀ ਜਿੱਤ

*26* ਨਵੰਬਰ *1709* ਈ. ਨੂੰ ਬੰਦੇ ਨੇ ਸਮਾਣੇ ਤੇ ਹਮਲਾ ਕੀਤਾ। ਇਹ ਜਲਾਦ ਜਲਾਲ-ਉ-ਦੀਨ ਦਾ ਜਨਮ ਸਥਾਨ ਸੀ ਤੇ ਇਸ ਨੇ ਗੁਰੂ ਤੇਗ ਬਹਾਦਰ ਨੂੰ ਆਪਣੇ ਹੱਥੀ ਸ਼ਹੀਦ ਕੀਤਾ ਸੀ। ਲਗਭਗ ਦਸ ਹਜ਼ਾਰ ਮੁਸਲਮਾਨ ਮਾਰੇ ਗਏ ਤੇ ਸ਼ਹਿਰ ਦੀਆਂ ਵਿਸ਼ਾਲ ਇਮਾਰਤਾਂ ਢਾਹ ਢੇਰੀ ਕਰ ਦਿੱਤੀਆਂ ਗਈਆਂ। ਸ਼ਹਿਰ ਨੂੰ ਲੁੱਟਿਆ ਗਿਆ ਤੇ ਸਿੱਖਾਂ ਦੇ ਹੱਥ ਬਹੁਤ ਵੱਡੀ ਰਕਮ ਲੱਗੀ। ਫਿਰ ਬੰਦਾ ਪੂਰਬ ਵਾਲੇ ਰਸਤੇ ਚਲ ਕੇ ਪਹਾੜੀਆਂ ਦੇ ਪੈਰਾਂ ਵਿਚ ਪਹੁੰਚ ਗਿਆ। ਉਹ ਇੱਥੇ ਰੁਕ ਕੇ ਸਰਹੰਦ ਤੇ ਨਿਰਣਾਇਕ ਹੱਲਾ ਕਰਨ ਲਈ ਹੋਰ ਸਿੱਖਾਂ ਦੀ ਉਡੀਕ ਕਰਨਾ ਚਾਹੁੰਦਾ ਸੀ। ਸਢੌਰੇ ਦੇ ਰਸਤੇ ਵਿਚ ਪੈਂਦੇ, ਘੜਾਮ, ਠਸਕਾ, ਸ਼ਾਹਬਾਦ ਤੇ ਮੁਸਤਫਾਬਾਦ ਜਿਹੇ ਸਭ ਤੋਂ ਮਹੱਤਵਪੂਰਨ ਕਸਬੇ ਉਸ ਨੇ ਲਤਾੜ ਸੁੱਟੇ। ਕਪੂਰੀ ਦਾ ਕਮਾਂਡਰ ਕਮਰ-ਉ-ਦੀਨ ਅੱਤ ਦਰਜੇ ਦਾ ਜ਼ਾਲਮ ਤੇ ਲੁੱਚਾ ਸੀ। ਬੰਦਾ ਬਹਾਦਰ ਨੇ ਬਦਨਾਮ ਸ਼ਾਸਕ ਨੂੰ ਸਜ਼ਾ ਦੇਣ ਦਾ ਪੱਕਾ ਫੈਸਲਾ ਕੀਤਾ ਹੋਇਆ ਸੀ। ਉਸ ਨੇ ਕਪੂਰੀ ਤੇ ਹਮਲਾ ਕੀਤਾ। ਉਸ ਦੇ ਆਯਾਸ਼ੀ ਅੱਡਿਆਂ ਨੂੰ ਅੱਗ ਲਗਾ ਦਿੱਤੀ ਤੇ ਉਸ ਦੀ ਧਨ ਦੌਲਤ ਲੁੱਟ ਲਈ।

ਬੰਦਾ ਸਿੰਘ ਬਹਾਦਰ ਦਾ ਅਗਲਾ ਨਿਸ਼ਾਨਾ ਸਢੌਰਾ ਸੀ। ਉੱਥੋਂ ਦਾ ਸ਼ਾਸਕ ਉਸਮਾਨ ਖਾਨ ਬਹੁਤ ਅੱਤਿਆਚਾਰੀ ਤੇ ਹਿੰਦੂ ਵਿਰੋਧੀ ਨੀਤੀ ਤੇ ਚਲ ਰਿਹਾ ਸੀ। ਬੰਦੇ ਨੂੰ ਸ਼ਿਕਾਇਤਾਂ ਮਿਲੀਆਂ ਕਿ ਉਹ ਹਿੰਦੂਆਂ ਨੂੰ ਉਨ੍ਹਾਂ ਦੇ ਮੁਰਦਿਆਂ ਨੂੰ ਜਲਾਉਣ ਨਹੀਂ ਦਿੰਦਾ ਸੀ ਅਤੇ ਦੂਜੀਆਂ ਧਾਰਮਿਕ ਰਸਮਾਂ ਵੀ ਉਹ ਨਹੀਂ ਕਰ ਸਕਦੇ ਸਨ। ਉਨ੍ਹਾਂ (ਹਿੰਦੂਆਂ) ਦੇ ਘਰਾਂ ਦੇ ਸਾਹਮਣੇ ਗਊ ਹੱਤਿਆ ਕੀਤੀ ਜਾਂਦੀ ਹੈ ਤੇ ਇਨ੍ਹਾਂ ਦੇ ਪਿੰਜਰ ਗਲੀਆਂ ਵਿਚ ਪਏ ਰਹਿੰਦੇ। ਇਹ ਵੀ ਪਤਾ ਲੱਗਾ ਕਿ ਉਸ ਨੇ ਇਕ ਮਹਾਨ ਮੁਸਲਮਾਨ ਫਕੀਰ ਬਦਰ-ਉ-ਦੀਨ ਸ਼ਾਹ (ਜਿਸ ਨੂੰ ਆਮ ਤੌਰ ਤੇ ਪੀਰ ਬੁੱਧੂ ਸ਼ਾਹ ਕਿਹਾ ਜਾਂਦਾ ਸੀ) ਨੂੰ ਗੁਰੂ ਜੀ ਦੀ ਭੰਗਾਣੀ ਦੇ ਯੁੱਧ ਵਿਚ ਮਦਦ ਕਰਨ ਦੇ ਕਾਰਨ ਫਾਂਸੀ ਦੀ ਸਜ਼ਾ ਦੇ ਦਿੱਤੀ ਸੀ। ਬੰਦੇ ਨੇ ਸਢੌਰੇ ਤੇ ਹਮਲਾ ਕੀਤਾ ਤੇ ਉਸ ਨੂੰ ਲੁੱਟਿਆ ਤੇ ਤਬਾਹ ਕਰ ਦਿੱਤਾ। ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਿੰਨੇ ਵੀ ਮੁਸਲਮਾਨਾਂ ਨੇ ਪਨਾਹ ਲਈ ਹੋਈ ਸੀ, ਸਭ ਨੂੰ ਤਲਵਾਰਾਂ ਦੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਸਥਾਨ ਦਾ ਨਾਂ ਬਾਦ ਵਿਚ ਕਤਲਗੜ੍ਹੀ ਪੈ ਗਿਆ। ਫੇਰ ਸਿੱਖ ਮੁਖਲਿਸਪੁਰ ਵੱਲ ਵਧੇ ਤੇ ਮੁਰੰਮਤ ਤੋਂ ਬਾਦ ਕਿਲ੍ਹੇ ਦਾ ਨਾਂ ਲੋਹਗੜ੍ਹ ਰੱਖਿਆ ਗਿਆ। ਬੰਦਾ ਬਹਾਦਰ ਦਾ ਅਗਲਾ ਨਿਸ਼ਾਨਾ ਛੱਤ ਬਨੂੜ ਦੇ ਕੱਟੜ ਪੰਥੀ ਮੁਸਲਮਾਨ ਬਣੇ।

## ਸਰਹੰਦ ਦੀ ਜਿੱਤ

ਆਪਣੀਆਂ ਮੁੱਢਲੀਆਂ ਜਿੱਤਾਂ ਕਰਕੇ ਬੰਦਾ ਬਹਾਦਰ ਦਾ ਹੌਸਲਾ ਬਹੁਤ ਵੱਧ ਗਿਆ ਅਤੇ ਸਰਹੰਦ

ਤੇ ਹਮਲਾ ਬੋਲਣ ਤਕ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਉਸ ਨਾਲ ਆ ਰਲੇ। ਸਰਹੰਦ ਦੇ ਸੂਬੇਦਾਰ ਨੇ ਸਿੱਖਾਂ ਤੇ ਹਿੰਦੂਆਂ ਤੇ ਬਹੁਤ ਜ਼ੁਲਮ ਕੀਤੇ ਸਨ ਤੇ ਖਾਸ ਕਰਕੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜਾਦਿਆਂ ਦੀ ਜਾਲਮਾਨਾਂ ਢੰਗ ਨਾਲ ਕੀਤੀ ਸ਼ਹੀਦੀ ਕਰਕੇ ਬਹੁਤ ਬਦਨਾਮ ਸੀ। ਸਿੱਖ ਇਸ ਅਤਿਆਚਾਰੀ ਸ਼ਾਸਕ ਤੋਂ ਬਦਲਾ ਲੈਣ ਦੇ ਲਈ ਗੁੱਸੇ ਦੀ ਅੱਗ ਵਿਚ ਸੜ ਰਹੇ ਸਨ। ਸਰਹੰਦ ਦੀ ਲੜਾਈ ਵਿਚ ਭਾਗ ਲੈਣਾ ਇਕ ਧਾਰਮਿਕ ਫਰਜ਼ ਸਮਝਿਆ ਜਾ ਰਿਹਾ ਸੀ ਤੇ ਮਾਝੇ ਤੇ ਮਾਲਵੇ ਵਿਚੋਂ ਹਜਾਰਾਂ ਲੋਕ ਸ਼ਹੀਦੀ ਦੀ ਇੱਛਾ ਮਨ ਵਿਚ ਲੈ ਕੇ ਆ ਇਕੱਠੇ ਹੋਏ। ਖਾਫੀ ਖਾਨ ਜ਼ੋਰ ਦੇ ਕੇ ਕਹਿੰਦਾ ਹੈ ਕਿ ਬੰਦੇ ਦੇ ਨਾਲ ਉਸ ਵੇਲੇ ਚਾਲੀ ਹਜ਼ਾਰ ਆਦਮੀ ਸਨ ਪਰੰਤੂ ਇਹ ਇਕ ਅਤਿਕਥਨੀ ਤੋਂ ਵੱਧ ਕੁਝ ਨਹੀਂ। ਬੰਦੇ ਬਹਾਦਰ ਕੋਲ ਨਾ ਹੀ ਹਾਥੀ ਸਨ ਤੇ ਨਾ ਹੀ ਤੋਪਖਾਨਾ। ਇੱਥੋਂ ਤੱਕ ਕਿ ਉਸ ਕੋਲ ਬਹੁਤੇ ਘੋੜੇ ਵੀ ਨਹੀਂ ਸਨ, ਪਰੰਤੂ ਜਿਸ ਧਾਰਮਿਕ ਭਾਵਨਾ ਨਾਲ ਬੰਦਾ ਤੇ ਉਸ ਦੇ ਸਾਥੀ ਲੜ ਰਹੇ ਸਨ, ਉਸ ਨੇ ਇਹ ਕਮੀ ਪੂਰੀ ਕਰ ਦਿੱਤੀ ਸੀ। ਦੂਜੇ ਪਾਸੇ ਵਜ਼ੀਰ ਖਾਨ ਨੇ ਵੀਹ ਹਜ਼ਾਰ ਦੀ ਭਾਰੀ ਫੌਜ ਇਕੱਠੀ ਕੀਤੀ। ਉਸ ਕੋਲ ਤੋਪਾਂ, ਜੰਬੂਰਕਾਂ ਤੇ ਹਾਥੀ ਵੀ ਸਨ। **22** ਮਈ ***1710*** ਨੂੰ ਛੱਪੜਚਿੜੀ ਦੀ ਪ੍ਰਸਿੱਧ ਲੜਾਈ ਸ਼ੁਰੂ ਹੋਈ। ਲੁੱਟ ਦੇ ਮੰਤਵ ਵਾਲੀ ਅਨਿਯਮਤ ਫੌਜ ਮੁਗਲਾਂ ਦੇ ਤੋਪਖਾਨੇ ਦਾ ਮੁਕਾਬਲਾ ਨਾ ਕਰ ਸਕੀ ਤੇ ਦੌੜ ਗਈ। ਉਸ ਦੇ ਪਿੱਛੋਂ ਇਕ ਹਜ਼ਾਰ ਆਦਮੀ ਹੋਰ ਸਾਥ ਛੱਡ ਗਏ ਜੋ ਕਿ ਸੁੱਚਾ ਨੰਦ ਦੇ ਭਤੀਜੇ ਦੇ ਨਾਲ ਰਣ ਖੇਤਰ ਵਿਚ ਆਣ ਵੜੇ ਸਨ। ਵਫਾਦਾਰ ਸਿੱਖ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ, ਅਲੀ ਸਿੰਘ, ਬਾਜ ਸਿੰਘ ਤੇ ਬਿਨੋਦ ਸਿੰਘ ਦੀ ਕਮਾਨ ਹੇਠ ਲੜਨ ਲਈ ਰਹਿ ਗਏ। ਇਸ ਸਮੇਂ ਬੰਦਾ ਬਹਾਦਰ ਨੇ ਆਪ ਕਮਾਨ ਸੰਭਾਲ ਲਈ। ਬਹੁਤ ਭਿਆਨਕ ਮੁੱਠਭੇੜ ਹੋਈ, ਜਿਸ ਵਿੱਚ ਸਿੱਖ ਜੇਤੂ ਰਹੇ। ਫਿਰ ਵਜ਼ੀਰ ਖਾਨ ਤੇ ਬਾਜ ਸਿੰਘ ਆਹਮੋ ਸਾਹਮਣੇ ਹੋਏ ਤੇ ਵਜ਼ੀਰ ਖਾਨ ਨੇ ਬਾਜ ਸਿੰਘ ਤੇ ਨੇਜੇ ਨਾਲ ਵਾਰ ਕੀਤਾ ਜਿਸ ਨੂੰ ਬਾਜ ਸਿੰਘ ਨੇ ਬਚਾ ਲਿਆ। ਪਰੰਤੂ ਉਸ ਦਾ ਘੋੜਾ ਜ਼ਖਮੀ ਹੋ ਗਿਆ। ਵਜ਼ੀਰ ਖਾਨ ਜਲਦੀ ਹੀ ਮਾਰਿਆ ਗਿਆ। ਵਜ਼ੀਰ ਖਾਨ ਦੀ ਮੌਤ ਨਾਲ ਮੁਗਲ ਫੌਜ ਵਿਚ ਹਲਚਲ ਮਚ ਗਈ ਤੇ ਸਿੱਖ ਫੌਜਾਂ ਉਨ੍ਹਾਂ ਤੇ ਬੁਰੀ ਤਰ੍ਹਾਂ ਟੁੱਟ ਪਈਆਂ। ਖਾਫੀ ਖਾਨ ਲਿਖਦਾ ਹੈ, ਇਸਲਾਮ ਫੌਜ ਦਾ ਕੋਈ ਭੀ ਆਦਮੀ ਆਪਣੀ ਜਾਨ ਤੇ ਕਪੜਿਆਂ ਤੋਂ ਬਿਨਾਂ ਕੁਝ ਵੀ ਬਚਾ ਕੇ ਨਾ ਦੋੜ ਸਕਿਆ। ਘੋੜ-ਸਵਾਰ ਤੇ ਪਿਆਦੇ ਸਭ ਸਿੱਖ ਸੈਨਿਕਾਂ ਦੀਆਂ ਤਲਵਾਰਾਂ ਦੀ ਮਾਰ ਹੇਠ ਸਨ ਤੇ ਉਨ੍ਹਾਂ ਦਾ ਤੋੜ ਸਰਹੰਦ ਤੀਕ ਪਿੱਛਾ ਕੀਤਾ ਗਿਆ।

ਦੋ ਦਿਨ ਦੇ ਸੰਘਰਸ਼ ਤੋਂ ਬਾਅਦ ਸਰਹੰਦ ਤੇ ਕਬਜ਼ਾ ਕਰ ਲਿਆ ਗਿਆ, ਤਿੰਨ ਦਿਨ ਸਰਹੰਦ ਦੀ ਲੁੱਟ ਜਾਰੀ ਰਹੀ। ਲਤੀਫ ਲਿਖਦਾ ਹੈ, ਬੰਦੇ ਨੇ ਵਹਿਸ਼ੀ ਤੇ ਬਦਲੇ ਦੀ ਭਾਵਨਾ ਨਾਲ ਸਰਹੰਦ ਨੂੰ ਸਜ਼ਾ ਦਿੱਤੀ। ਉਸ ਨੇ ਹੁਕਮ ਦਿੱਤਾ ਕਿ ਸਭ ਵਾਸੀ ਮਾਰ ਦਿੱਤੇ ਜਾਣ ਅਤੇ ਘਰਾਂ ਨੂੰ ਅੱਗ ਲਗਾ ਦਿੱਤੀ ਜਾਵੇ। ਉਨ੍ਹਾਂ ਨੂੰ ਬਿਨਾਂ ਉਮਰ ਦੇ ਲਿੰਗ ਖਿਆਲ ਕੀਤਿਆਂ ਕਤਲ ਕੀਤਾ ਗਿਆ। ਉਨ੍ਹਾਂ ਨੇ ਸਰਹੰਦ ਵਿਚ ਮੁਸਲਮਾਨਾਂ ਨੂੰ ਵੱਢਿਆ, ਫਾਂਸੀਆਂ ਦਿੱਤੀਆਂ, ਟੁਕੜੇ-ਟੁਕੜੇ ਕੀਤੇ, ਗੋਲੀਆਂ ਨਾਲ ਉਡਾਏ ਤੇ ਜਿਉਦਿਆਂ ਜਲਾ ਦਿੱਤਾ। ਵਜ਼ੀਰ ਖਾਨ ਦੀ ਲਾਸ਼ ਨੂੰ ਇਕ ਦਰੱਖਤ ਤੇ ਕਾਵਾਂ ਤੇ ਗਿੱਧਾਂ ਦੇ ਖਾਣ ਲਈ ਟੰਗ ਦਿੱਤਾ ਗਿਆ। ਕਬਰਾਂ ਦੀ ਪਵਿੱਤਰਤਾ ਭੰਗ ਕੀਤੀ ਗਈ, ਮੁਰਦੇ ਕਬਰਾਂ ਪੁੱਟ ਕੇ ਕੱਢੇ ਗਏ ਤੇ ਲਾਸ਼ਾਂ ਨੂੰ ਰਾਤ ਨੂੰ ਨਿਕਲਣ ਵਾਲੇ ਗਿੱਦੜਾਂ, ਬਘਿਆੜਾਂ ਤੇ ਹੋਰ ਜਾਨਵਰਾਂ ਦੇ ਖਾਣ ਲਈ ਟੁਕੜੇ-ਟੁਕੜੇ ਕਰਕੇ ਖਿਲਾਰ ਦਿੱਤਾ ਗਿਆ। ਮੁੱਲਾਂ ਤੇ ਮੌਲਵੀ ਬੇਅਦਬੀ ਤੇ ਤਸੀਹਿਆਂ ਦੇ ਸ਼ਿਕਾਰ ਹੋਏ। ਕੁਝ ਯੂਰਪੀਅਨ ਲਿਖਾਰੀ ਖਾਫੀ ਖਾਨ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹਨ। ਖਾਫੀ ਖਾਨ ਤਾਂ ਇਥੋਂ ਤਕ ਜਾਂਦਾ ਹੇ ਕਿ ਗਰਭਵਤੀ ਔਰਤਾਂ ਤਕ ਦੇ ਢਿੱਡ ਫਾੜ ਦਿੱਤੇ ਗਏ ਤੇ ਬੱਚਿਆਂ ਦੇ ਟੁਕੜੇ ਕਰ ਦਿੱਤੇ ਗਏ। ਥੋਰਟੰਨ ਲਿਖਦਾ ਹੈ ਕਿ ਇਨ੍ਹਾਂ ਮੁਸਲਮਾਨ ਲਿਖਾਰੀਆਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਲਤੀਫ ਦੇ ਬਿਆਨ ਨੂੰ ਆਲੋਚਨਾਤਮਕ ਤੌਰ ਤੇ ਵਿਚਾਰਨ ਤੋਂ ਬਾਅਦ ਜੀ. ਸੀ.

ਨਾਰੰਗ ਲਿਖਦਾ ਹੈ ਕਿ ਅਹਿਮਦ ਸ਼ਾਹ ਦਾ ਮਕਬਰਾ ਜੋ ਸਰਹੰਦ ਦੀ ਸਭ ਤੋਂ ਸ਼ਾਨਦਾਰ ਇਮਾਰਤ ਹੈ ਹੁਣ ਤਕ ਉਸੇ ਤਰ੍ਹਾਂ ਖੜ੍ਹੀ ਹੈ ਜਿਵੇਂ ਕਿ ਯੁੱਧ ਤੋਂ ਪਹਿਲਾਂ ਸੀ ਅਤੇ ਇਸ ਨੂੰ ਮੈਂ ਲਤੀਫ ਦੀ ਉਪਰੋਕਤ ਅਤਿਕਥਨੀ ਦਾ ਸਬੂਤ ਸਮਝਦਾ ਹਾਂ। ਬੰਦੇ ਦੇ ਹੱਥ ਕਰੋੜ ਰੁਪੈ ਦੀ ਲੁੱਟ ਦਾ ਮਾਲ ਹੱਥ ਲਗਿਆ। ਸਿੱਖ ਇਤਿਹਾਸਕਾਰ ਕੇਵਲ ਇਕ ਸਿੱਖ ਔਰਤ ਅਨੂਪ ਕੌਰ ਦੀ ਕਬਰ ਪੁੱਟਣ ਦਾ ਹਵਾਲਾ ਦਿੰਦੇ ਹਨ ਜਿਸ ਨੇ ਸ਼ੇਰ ਮੁਹੰਮਦ ਖਾਨ ਤੋਂ ਆਪਣੀ ਇੱਜ਼ਤ ਬਚਾਉਣ ਲਈ ਆਤਮ ਹੱਤਿਆ ਕਰ ਲਈ ਸੀ। ਉਸ ਦੀ ਲਾਸ਼ ਨੂੰ ਕੱਢਿਆ ਗਿਆ ਤੇ ਦੁਬਾਰਾ ਉਸ ਦੀਆਂ ਆਖਰੀ ਰਸਮਾਂ ਕੀਤੀਆਂ ਗਈਆਂ। ਸਥਾਨਕ ਹਿੰਦੂਆਂ ਵੱਲੋਂ ਰਹਿਮ ਦੀ ਅਪੀਲ ਕਰਨ ਤੇ ਸ਼ਹਿਰ ਨੂੰ ਪੂਰੀ ਤਰ੍ਹਾਂ ਨਹੀਂ ਢਾਹਿਆ ਗਿਆ ਅਤੇ ਨਿਵਾਸੀਆਂ ਵਲੋਂ ਭਾਰੀ ਯੁੱਧ ਹਰਜ਼ਾਨਾ ਦੇਣ ਮਗਰੋਂ ਲੋਕਾਂ ਨੂੰ ਆਮ ਮੁਆਫੀ ਦੇ ਦਿੱਤੀ ਗਈ।

## ਸਿੱਖ ਰਾਜ ਦੀ ਸਥਾਪਨਾ

ਲੁਧਿਆਣੇ ਤੋਂ ਲੈ ਕੇ ਜਮੁਨਾ ਤਕ ਦਾ ਪੂਰਾ ਇਲਾਕਾ, ਜਿਸ ਦਾ ਸਲਾਨਾ ਲਗਾਨ 36 ਲੱਖ ਰੁਪਏ ਬਣਦਾ ਸੀ, ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਬੰਦੇ ਨੇ ਆਪਣੀ ਪ੍ਰਸ਼ਾਸਕੀ ਮਸ਼ੀਨਰੀ ਦਾ ਗਠਨ ਕੀਤਾ। ਸਿੱਖਾਂ ਦੇ ਇਕ ਕਮਾਂਡਰ ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਅਤੇ ਮਾਲਵੇ ਦੇ ਇਕ ਹੋਰ ਸਿੱਖ ਸਰਦਾਰ ਆਲੀ ਸਿੰਘ ਨੂੰ ਉਸ ਦਾ ਡਿਪਟੀ ਬਣਾਇਆ ਗਿਆ। ਫਤਿਹ ਸਿੰਘ ਦੇ ਸਪੁਰਦ ਸਮਾਣਾ ਤੇ ਬਾਜ ਸਿੰਘ ਦੇ ਭਰਾ ਰਾਮ ਸਿਘ ਨੂੰ ਬਾਬਾ ਬਿਨੋਦ ਸਿੰਘ ਨਾਲ ਸੰਯੁਕਤ ਰੂਪ ਵਿਚ ਥਾਨੇਸਰ ਦਾ ਇਲਾਕਾ ਸੌਂਪਿਆ ਗਿਆ। ਸਰਹੰਦ ਦੇ 28 ਪਰਗਨਿਆਂ ਦੇ ਮੁਸਲਮਾਨ ਹਾਕਮਾਂ ਦੀ ਥਾਂ ਹਿੰਦੂ ਹਾਕਮ ਨਿਯੁਕਤ ਕੀਤੇ ਗਏ ਤੇ ਸਤਲੁਜ ਤੋਂ ਜਮਨਾ ਤਕ ਦਾ ਬਹੁਤਾ ਇਲਾਕਾ ਸਿੱਖਾਂ ਦੇ ਕਬਜ਼ੇ ਹੇਠ ਆ ਗਿਆ। ਦੀਨਦਾਰ ਖਾਨ ਤੇ ਨਸੀਰੁਦੀਨ ਵਰਗੇ ਕੁਝ ਮੁਸਲਮਾਨ ਦੀਨਦਾਰ ਸਿੰਘ ਅਤੇ ਨਸੀਰ ਸਿੰਘ ਬਣ ਗਏ। ਫੇਰ ਬੰਦਾ ਮੁਖਲਿਸਪੁਰ (ਸਢੌਰੇ ਦੇ ਨਜ਼ਦੀਕ) ਪਹੁੰਚ ਗਿਆ। ਇਹ ਪਹਾੜੀਆਂ ਵਾਲੀ ਇਕ ਮਨਮੋਹਕ ਥਾਂ ਸੀ। ਉਸ ਨੇ ਆਪਣਾ ਹੈਡਕੁਆਟਰ ਇੱਥੇ ਬਣਾਇਆ। ਇਸ ਥਾਂ ਨੂੰ ਲੋਹਗੜ੍ਹ ਦਾ ਨਵਾਂ ਨਾਂ ਦਿੱਤਾ ਗਿਆ। ਉਸ ਨੇ ਸ਼ਾਹੀ ਚਿੰਨ੍ਹਾਂ ਨੂੰ ਅਪਣਾਇਆ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਹੇਠ ਸਿੱਕੇ ਜਾਰੀ ਕੀਤੇ। ਸ਼ਾਹੀ ਫਰਮਾਨਾ ਦੇ ਲਈ ਤੇ ਦਸਤਾਵੇਜ਼ਾਂ ਦੇ ਲਈ ਨਵੀਂ ਮੋਹਰ ਬਣਾਈ ਗਈ। ਇਸ ਉੱਤੇ ਦੇਗ ਤੇਗ ਫਤਿਹ ਸ਼ਬਦ ਉਕਰੇ ਹੋਏ ਸਨ। ਇਹ ਦੋਵੇ ਸ਼ਬਦ ਦਾਨ ਅਤੇ ਜਿੱਤ ਦੇ ਪ੍ਰਤੀਕ ਸਨ ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਆਸਰਾ ਮੰਗਿਆ ਜਾਂ ਪ੍ਰਾਪਤ ਕੀਤਾ ਗਿਆ।

## ਜ਼ਿਮੀਦਾਰੀ ਪ੍ਰਥਾ ਦਾ ਖਾਤਮਾ

ਬੰਦਾ ਸਿੰਘ ਬਹਾਦਰ ਦਾ ਅਗਲਾ ਮਹਾਨ ਕਦਮ ਜ਼ਿੰਮੀਦਾਰੀ ਪ੍ਰਥਾ ਦਾ ਖਾਤਮਾ ਸੀ। ਭੂਮੀ ਦੇ ਮਾਲਕਾਂ ਜਾਂ ਜ਼ਿੰਮੀਦਾਰਾਂ ਨੂੰ ਸਰਕਾਰ ਨੂੰ ਇਕ ਨਿਸ਼ਚਿਤ ਰਕਮ ਦੇਣੀ ਪੈਂਦੀ ਸੀ ਤੇ ਉਹ ਆਪਣੇ ਘਰੇਲੂ ਮਾਮਲਿਆਂ ਵਿਚ ਉਹ ਲਗਭਗ ਆਜ਼ਾਦ ਸਨ ਤੇ ਉਹ ਲੁੱਟ ਤੇ ਭ੍ਰਿਸ਼ਟਾਚਾਰ ਦੇ ਆਦੀ ਬਣ ਚੁੱਕੇ ਸਨ। ਉਹ ਮੁਜਾਰਿਆਂ ਦੀ ਛਿੱਲ ਲਾਹਿਆ ਕਰਦੇ ਸਨ। ਇਕ ਵਾਰੀ ਸਢੌਰਾ ਦੇ ਨਜ਼ਦੀਕ ਦੇ ਕੁਝ ਕਿਸਾਨਾਂ ਨੇ ਬੰਦਾ ਬਹਾਦਰ ਕੋਲ ਜ਼ਿੰਮੀਦਾਰਾਂ ਦੇ ਜ਼ੁਲਮਾਂ ਵਿਰੁੱਧ ਸ਼ਿਕਾਇਤ ਕੀਤੀ। ਬੰਦੇ ਨੇ ਉਨ੍ਹਾਂ ਨੂੰ ਇਕ ਕਤਾਰ ਵਿਚ ਖੜ੍ਹੇ ਕਰਕੇ ਬਾਜ ਸਿੰਘ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਉਹ ਬੁਰੇ ਫਸੇ। ਉਨ੍ਹਾਂ ਨੇ ਬੰਦੇ ਤੋਂ ਇਸ ਦਾ ਕਾਰਣ ਪੁੱਛਿਆ। ਉਨ੍ਹਾਂ ਦੱਸਿਆ, ਤੇ ਸਮਝਾਇਆ ਕਿ ਉਹ ਹਜ਼ਾਰਾਂ ਦੀ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਮੁੱਠੀ ਭਰ ਜ਼ਿੰਮੀਦਾਰਾਂ ਕੋਲੋਂ ਆਪਣੇ ਦੁੱਖਾਂ ਦਾ ਬਦਲਾ ਨਹੀਂ ਲੈ ਸਕਦੇ? ਉਨ੍ਹਾਂ ਨੇ ਬੰਦਾ ਬਹਾਦਰ ਦਾ ਇਸ਼ਾਰਾ ਸਮਝ ਲਿਆ ਤੇ ਉਸ ਤੋਂ ਬਾਅਦ

ਜ਼ਿੰਮੀਦਾਰ ਨਜ਼ਰ ਨਹੀਂ ਆਏ। ਉਹ ਮੁਜਾਰਿਆਂ ਤੋਂ ਮਾਲਕ ਵਾਹੀਕਾਰ ਬਣ ਗਏ। ਇਰਵਿਨ ਲਿਖਦਾ ਹੈ ਕਿ ਸਿੱਖਾਂ ਦੇ ਅਧੀਨ ਸਾਰੇ ਪਰਗਨਿਆਂ ਵਿਚ ਪੁਰਾਣੀਆਂ ਰਵਾਇਤਾਂ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਗਿਆ। ਆਪਣੇ ਅਧੀਨ ਸਿੱਖਾਂ ਦੇ ਵਿਚੋਂ ਬੰਦੇ ਨੇ ਗਰੀਬਾਂ ਤੇ ਦੱਬੇ-ਕੁਚਲੇ ਲੋਕਾਂ ਲਈ ਇਕ ਅਦਾਲਤ ਬਣਾਈ ਤੇ ਉਨ੍ਹਾਂ ਲੋਕਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜੋ ਕਿ ਬੇਖੌਫ ਜੁਲਮ ਦੇ ਵਪਾਰ ਵਿਚ ਲੱਗੇ ਹੋਏ ਸਨ। ਬੰਦੇ ਨੇ ਇਨਸ਼ਾਫ ਦਿੱਤਾ ਤੇ ਪੰਜਾਬ ਦੇ ਲੋਕਾਂ ਨੂੰ ਜ਼ੁਲਮ ਤੇ ਜ਼ਬਰ ਦੇ ਵਿਰੁੱਧ ਲੜਨਾ ਸਿਖਾਇਆ।

## ਬੰਦੇ ਦਾ ਗੰਗਾ ਦੇ ਦੁਆਬੇ ਵੱਲ ਵੱਧਣਾ

ਬੰਦੇ ਕੋਲ ਸ਼ਿਕਾਇਤ ਪਹੁੰਚੀ ਕਿ ਜਲਾਲਾਬਾਦ ਦਾ ਹਾਕਮ ਜ਼ਲਾਲੁਦੀਨ ਹਿੰਦੂਆਂ ਨੂੰ ਤੰਗ ਕਰ ਰਿਹਾ ਹੈ ਅਤੇ ਨਵੇਂ ਬਣੇ ਸਿੱਖਾਂ ਨੂੰ ਕੈਦ ਕਰ ਰਿਹਾ ਹੈ। ਬੰਦਾ ਬਹਾਦਰ ਨੇ ਜਲਾਲਾਬਾਦ ਜਾਂਦੇ ਹੋਏ ਰਸਤੇ ਵਿਚ ਸਹਾਰਨਪੁਰ ਤੇ ਹਮਲਾ ਕੀਤਾ ਤੇ ਉਥੋਂ ਦਾ ਹਾਕਮ ਅਲੀ ਮੁਹੰਮਦ ਦਿੱਲੀ ਭੱਜ ਗਿਆ ਤੇ ਉਥੋਂ ਦੇ ਅਫਸਰਾਂ ਤੇ ਲੋਕਾਂ ਨੇ ਥੋੜ੍ਹੇ ਵਿਰੋਧ ਤੋਂ ਬਾਅਦ ਹਥਿਆਰ ਸੁੱਟ ਦਿੱਤੇ। ਬਿਹਾਤ ਦੇ ਪੀਰਜਾਦੇ, ਹਿੰਦੂਆਂ ਤੇ ਜ਼ੁਲਮ ਕਰਨ ਦੇ ਕਾਰਣ ਬਦਨਾਮ ਸਨ। ਉਹ ਲੋਕਾਂ ਦੇ ਸਾਹਮਣੇ ਗਊਆਂ ਜਿਬਾਹ ਕਰਦੇ ਸਨ।ਉੱਥੇ ਵੀ ਹਮਲਾ ਕੀਤਾ ਗਿਆ ਅਤੇ ਅਨੇਕਾਂ ਪੀਰਜ਼ਾਦੇ ਮਾਰੇ ਗਏ। ਰਸਤੇ ਵਿਚ ਅੰਬੇਤਾ ਅਤੇ ਨਾਨੌਤਾ ਤੇ ਵੀ ਕਬਜ਼ਾ ਕਰ ਲਿਆ ਗਿਆ। ਫੇਰ ਬੰਦਾ ਜਲਾਲਾਬਾਦ ਵੱਲ ਵਧਿਆ ਤੇ ਉਸ ਨੂੰ ਘੇਰ ਲੈਣ ਦਾ ਹੁਕਮ ਦਿੱਤਾ ਪਰੰਤੂ ਭਾਰੀ ਬਰਸਾਤਾਂ, ਨਦੀ ਦੇ ਹੜ੍ਹਾਂ ਤੇ ਦੋਆਬੇ ਦੇ ਸਿੱਖਾਂ ਵਲੋਂ ਮਦਦ ਲਈ ਸੁਨੇਹੇ ਮਿਲਣ ਤੇ ਘੇਰਾ ਛੱਡਣਾ ਪਿਆ। ਇਸ ਤੋਂ ਬਾਅਦ ਉਸ ਨੇ ਕਰਨਾਲ ਅਤੇ ਪਾਨੀਪਤ ਦੇ ਕਾਫੀ ਇਲਾਕੇ ਤੇ ਕਬਜ਼ਾ ਕਰ ਲਿਆ। ਸਿੱਖ ਦਿੱਲੀ ਦੇ ਨਜ਼ਦੀਕ ਪਹੁੰਚ ਰਹੇ ਸਨ ਤੇ ਹਰ ਕੋਈ ਭੈ-ਭੀਤ ਸੀ। ਨਿਜ਼ਾਮੁ-ਉਲ-ਮੁਲਕ ਤੇ ਰਾਜਧਾਨੀ ਦੇ ਉਸ ਵੇਲੇ ਦੇ ਗਵਰਨਰ ਅਸਦ ਖਾਨ ਨੇ ਇਸ ਮੌਕੇ ਤੇ ਬੜੀ ਬੁਜ਼ਦਿਲੀ ਵਿਖਾਈ ਜਿਸ ਨਾਲ ਵਸਨੀਕਾਂ ਤੇ ਭੈ ਵਰਤ ਗਿਆ ਤੇ ਉਹ ਆਪਣੇ ਪਰਵਾਰਾਂ ਨਾਲ ਪਨਾਹ ਲੈਣ ਲਈ ਪੂਰਬੀ ਭਾਗਾਂ ਵੱਲ ਦੌੜ ਗਏ।

## ਬੰਦੇ ਦੀ ਜਲੰਧਰ ਵਾਪਸੀ

ਜਲੰਧਰ ਦੋਆਬ ਵਿਚ ਬਹੁਤ ਸਾਰੇ ਮੁਸਲਮਾਨ ਅਫਸਰਾਂ ਦੀ ਥਾਂ ਸਿੱਖ ਲਗਾ ਦਿੱਤੇ ਗਏ ਸਨ। ਸਿੱਖਾਂ ਨੇ ਜਲੰਧਰ ਦੁਆਬ ਦੇ ਫੌਜਦਾਰ ਸਮਸ ਖਾਨ ਨੂੰ ਪਰਵਾਨਾ ਭੇਜਿਆ ਕਿ ਉਹ ਕੁਝ ਕਹੇ ਗਏ ਸੁਧਾਰ ਕਰੇ ਅਤੇ ਖਜਾਨਾ ਸਿੱਖਾਂ ਦੇ ਹਵਾਲੇ ਕਰ ਦੇਵੇ। ਸ਼ਾਹੀ ਫੌਜਾਂ ਦੀ ਮੁੱਢਲੀ ਜਿੱਤ ਨਾਲ, ਨਿਰਾਸ਼ ਹੋਏ ਫੌਜਦਾਰ ਨੇ ਕੁਝ ਹੌਸਲਾ ਫੜਿਆ। ਉਸ ਨੇ ਜਹਾਦ ਦਾ ਨਾਅਰਾ ਲਾ ਕੇ ਇਕ ਲੱਖ ਮੁਸਲਮਾਨਾਂ ਦੀ ਫੌਜ ਇਕੱਠੀ ਕਰ ਲਈ ਅਤੇ ਸੁਲਤਾਨਪੁਰ ਤੋਂ ਕੂਚ ਕੀਤਾ। ਉਸ ਦੇ ਨਾਲ *5* ਹਜ਼ਾਰ ਘੋੜ-ਸਵਾਰ ਅਤੇ *30,000* ਪਿਆਦੇ ਸਨ। ਖਾਫੀ ਖਾਨ ਅਨੁਸਾਰ ਬੰਦੇ ਕੋਲ *70-80* ਹਜ਼ਾਰ ਤੀਕ ਘੋੜ-ਸਵਾਰ ਤੇ ਪੈਦਲ ਸੈਨਿਕ ਸਨ। ਬੰਦਾ ਤੇਜ਼ੀ ਨਾਲ ਜਲੰਧਰ ਦੁਆਬ ਵੱਲ ਮੁੜਿਆ ਤੇ ਉਨ੍ਹਾਂ ਸਿੱਖਾਂ ਨਾਲ ਆ ਮਿਲਿਆ ਜੋ ਵੈਰੀਆਂ ਦੀ ਵਿਸ਼ਾਲ ਸੈਨਾ ਨੂੰ ਵੇਖਦੇ ਹੋਏ ਰਾਹੋਂ ਨਾਮੀ ਸਥਾਨ ਤੇ ਚਲੇ ਗਏ ਸਨ, ਜੋ ਸੁਲਤਾਨਪੁਰ ਤੋਂ *10-11* ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇੱਥੇ *11-12* ਅਕਤੂਬਰ *1710* ਈ. ਨੂੰ ਘਮਸਾਨ ਦਾ ਯੁੱਧ ਹੋਇਆ ਜਿਸ ਵਿਚ ਅੰਤ ਸਿੱਖਾਂ ਦੀ ਜਿੱਤ ਹੋਈ। ਇਸ ਜਿੱਤ ਦੇ ਫਲਸਰੂਪ ਬਿਸਤ ਜਲੰਧਰ ਦੁਆਬੇ ਦੇ ਸਾਰੇ ਇਲਾਕਿਆਂ ਉੱਤੇ, ਜਿਸ ਵਿਚ ਜਲੰਧਰ ਤੇ ਹੁਸ਼ਿਆਰਪੁਰ ਦੇ ਸ਼ਹਿਰ ਵੀ ਸਨ, ਸਿੱਖਾਂ ਦਾ ਅਧਿਕਾਰ ਹੋ ਗਿਆ।

## ਲਾਹੌਰ ਵਿਚ ਹੈਦਰੀ ਝੰਡਾ

ਆਪਣੀਆਂ ਜਿੱਤਾ ਨਾਲ ਉਤਸ਼ਾਹਿਤ ਸਿੱਖਾਂ ਨੇ ਪੰਜਾਬ ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ। ਅੱਠ

ਹਜ਼ਾਰ ਸਿੱਖ ਅੰਮ੍ਰਿਤਸਰ ਆਏ ਤੇ ਉਨ੍ਹਾਂ ਨੇ ਕਲਾਨੌਰ ਤੇ ਬਟਾਲੇ ਵੱਲ ਚੜ੍ਹਾਈ ਕੀਤੀ। ਪਠਾਨਕੋਟ ਤੇ ਵੀ ਕਬਜ਼ਾ ਕਰ ਲਿਆ। ਲਾਹੌਰ ਦਾ ਸੂਬੇਦਾਰ ਸਈਅਦ ਅਸਲਮ ਖਾਂ ਇੰਨਾ ਡਰ ਗਿਆ ਤੇ ਉਹ ਸ਼ਹਿਰ ਤੋਂ ਬਾਹਰ ਆ ਕੇ ਸਿੱਖਾਂ ਦਾ ਮੁਕਾਬਲਾ ਕਰਨ ਦਾ ਹੌਸਲਾ ਨਾ ਕਰ ਸਕਿਆ। ਆਪਣੇ ਫੌਜਦਾਰ ਨੂੰ ਡਰਿਆ ਵੇਖ ਕੇ ਲਾਹੌਰ ਦੇ ਮੁੱਲਾਵਾਂ ਨੇ ਹਰਾ ਹੈਦਰੀ ਝੰਡਾ ਖੜ੍ਹਾ ਕਰ ਦਿੱਤਾ ਤੇ ਸਿੱਖਾਂ ਵਿਰੁੱਧ ਜਹਾਦ ਦਾ ਨਾਅਰਾ ਮਾਰਿਆ। ਅਮੀਰ ਮੁਸਮਮਾਨਾਂ ਨੇ ਦਿਲ ਖੋਲ੍ਹ ਕੇ ਧਰਮ ਯੁੱਧ ਵਿਚ ਹਿੱਸਾ ਪਾਇਆ। ਛੇਤੀ ਹੀ ਸਿੱਖਾਂ ਨਾਲ ਜੰਗ ਕਰਨ ਲਈ ਵੱਡੀ ਗਿਣਤੀ ਵਿਚ ਮੁਸਲਮਾਨ ਹੈਦਰੀ ਝੰਡੇ ਹੇਠ ਇੱਕਠੇ ਹੋ ਗਏ। ਸਿੱਖਾਂ ਵਿਰੁੱਧ ਭਰਤ ਨਗਰ ਨਾਮੀ ਪਿੰਡ (ਲਾਹੌਰ ਦੇ ਨੇੜੇ) ਵਿਚ ਤੇ ਉਸ ਪਿੱਛੋਂ ਕੋਟਲਾ ਬੇਗਮ ਦੇ ਨੇੜੇ ਮੁਹਿੰਮਾਂ ਭੇਜੀਆਂ ਪਰ ਉਨ੍ਹਾਂ ਨੂੰ ਹਾਰ ਖਾ ਕੇ ਵਾਪਸ ਮੁੜਨਾ ਪਿਆ। ਅੰਤ ਸਿੱਖਾਂ ਨੇ ਭੀਲੋਵਾਲ ਦੇ ਸਥਾਨ ਤੇ ਗਾਜੀਆਂ ਉੱਤੇ ਹੱਲਾ ਬੋਲ ਦਿੱਤਾ ਤੇ ਉਨ੍ਹਾਂ ਨੂੰ ਵੀ ਏਨੀ ਬੁਰੀ ਤਰ੍ਹਾਂ ਕੁਚਲਿਆ ਕਿ ਉਨ੍ਹਾਂ ਦੀਆਂ ਕਤਾਰਾਂ ਵਿਚ ਨਿਰਾਸ਼ਾ ਤੇ ਤਬਾਹੀ ਫੈਲ ਗਈ ਤੇ ਸਿੱਖ ਰਾਵੀ ਤੇ ਬਿਆਸ ਵਿਚਕਾਰਲੇ ਸਾਰੇ ਇਲਾਕੇ ਦੇ ਮਾਲਕ ਬਣ ਗਏ।

## ਸ਼ਾਹੀ ਫੌਜਾਂ ਨਾਲ ਝੜਪ

ਮੁਗਲ ਬਾਦਸ਼ਾਹ ਜੋ ਦੱਖਣ ਤੋਂ ਰਾਜਪੂਤਾਨੇ ਵਿਚ ਗਿਆ ਹੋਇਆ ਸੀ, ਪੰਜਾਬ ਵਿਚ ਸਿੱਖਾਂ ਦੀ ਸਫਲਤਾ ਤੇ ਬਹੁਤ ਹੀ ਚਿੰਤਤ ਸੀ। ਉਸ ਨੇ ਦਿੱਲੀ ਤੇ ਅਵਧ ਦੇ ਸੂਬੇਦਾਰਾਂ, ਮੁਰਾਦਾਬਾਦ, ਇਲਾਹਾਬਾਦ ਦੇ ਫੌਜਦਾਰਾਂ ਤੇ ਨਾਜ਼ਿਮਾਂ ਅਤੇ ਬਰਹਾ ਦੇ ਸਈਦਾ ਨੂੰ ਬੁਲਾਇਆ। ਉਸ ਨੇ ਸਾਰੇ ਸਰਕਾਰੀ ਕਰਮਚਾਰੀਆਂ ਨੂੰ ਦਾੜ੍ਹੀ ਮੁਨਵਾਉਣ ਦਾ ਹੁਕਮ ਦਿੱਤਾ। ਉਹ ਤੇਜ਼ੀ ਨਾਲ ਸਰਹੰਦ ਵੱਲ ਵਧਿਆ। ਸ਼ਾਹੀ ਫੌਜ ਦੇ ਮੁਹਰਲੇ ਦਸਤਿਆਂ ਨੇ ਜੋ ਮਹਾਬਤ ਖਾਨ ਤੇ ਫਿਰੋਜ਼ਪਾਨ ਦੇ ਅਧੀਨ ਸਨ, ਥਾਨੇਸਰ ਤੇ ਤਰਾਵੜੀ ਵਿਚ ਰਾਮ ਸਿੰਘ ਤੇ ਬਿਨੋਦ ਸਿੰਘ ਤੇ ਹਮਲਾ ਕੀਤਾ । ਸਿੱਖ ਹਾਰ ਗਏ ਤੇ ਬਹੁਤ ਗਿਣਤੀ ਵਿਚ ਮਾਰੇ ਗਏ।

ਮੁਗਲ ਬਾਦਸ਼ਾਹ ਬਹਾਦਰ ਸ਼ਾਹ ਬੰਦੇ ਦੀਆਂ ਸ਼ਾਨਦਾਰ ਜਿੱਤਾਂ ਤੋਂ ਪਹਿਲਾਂ ਹੀ ਡਰਿਆ ਹੋਇਆ ਤੇ ਚਿੰਤਾਤੁਰ ਸੀ। ਉਸ ਨੇ ਬੰਦਾ ਬਹਾਦਰ ਤੇ ਉਸ ਦੀ ਫੌਜ ਬਾਰੇ ਅਨੇਕਾਂ ਅਫਵਾਹਾਂ ਵੀ ਸੁਣੀਆਂ ਹੋਈਆਂ ਸਨ। ਇਹ ਗੱਲ ਫੈਲ ਗਈ ਸੀ ਕਿ ਬੰਦੇ ਤੇ ਕੋਈ ਹਥਿਆਰ ਮਾਰ ਨਹੀਂ ਕਰਦਾ। ਉਸ ਦੇ ਮੂੰਹ ਵਿਚੋਂ ਲਾਟਾਂ ਨਿਕਲਦੀਆਂ ਹਨ। ਸ਼ਾਹੀ ਫੌਜਾਂ ਅੱਗੇ ਵੱਧ ਰਹੀਆਂ ਸਨ। ਦਸੰਬਰ ਚਾਰ ਨੂੰ ਸ਼ਾਹੀ ਫੌਜਾਂ ਦਾ ਮੁਕਾਬਲਾ ਸਢੌਰਾ ਵਿਖੇ ਸੀ। ਜਦੋਂ ਸਿੱਖਾਂ ਨੇ ਉਨ੍ਹਾਂ ਉੱਤੇ ਹਮਲਾ ਕੀਤਾ ਤੇ ਇਕ ਵਾਰ ਫਿਰ ਇੰਜ ਲਗਿਆ ਕਿ ਸ਼ਾਹੀ ਫੌਜਾਂ ਮੈਦਾਨ ਛੱਡ ਜਾਣਗੀਆਂ। ਸ਼ਾਮ ਵੇਲੇ ਸਿੱਖਾਂ ਨੇ ਦੇਖਿਆ ਕਿ ਸ਼ਾਹੀ ਫੌਜਾਂ ਕੋਲ ਕਮੁਕ ਪਹੁੰਚ ਗਈ ਹੈ ਤਾਂ ਉਹ ਵਾਪਸ ਲੋਹਗੜ੍ਹ ਵਿਚ ਆ ਗਏ। ਬਾਦਸ਼ਾਹ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਅੰਦਰ ਸਿੱਖਾਂ ਕੋਲ ਰਸਦ ਪਾਣੀ ਦੀ ਕਮੀ ਸੀ। ਕਿਹਾ ਜਾਂਦਾ ਹੈ ਕਿ ਉਹ ਭੁੱਖ ਮਿਟਾਣ ਲਈ ਆਪਣੇ ਘੋੜਿਆਂ ਤੇ ਹੋਰ ਪਸੂਆਂ ਨੂੰ ਵੀ ਖਾ ਗਏ ।ਇਹੋ ਜਿਹੀ ਹਾਲਤ ਵਿਚ ਸਿੱਖਾਂ ਲਈ ਯੁੱਧ ਕਰਨਾ ਸੰਭਵ ਨਹੀਂ ਸੀ। ਇਕ ਸਿੱਖ ਗੁਲਾਬ ਸਿੰਘ ਨੇ ਬੰਦੇ ਨੂੰ ਬਚਾਉਣ ਲਈ ਆਪਣੇ ਜੀਵਨ ਦਾ ਬਲੀਦਾਨ ਕਰਨ ਦਾ ਫੈਸਲਾ ਕੀਤਾ। ਬੰਦਾ ਗੁਲਾਬ ਸਿੰਘ ਨੂੰ ਆਪਣੇ ਭੇਸ ਵਿਚ ਛੱਡ ਕੇ ਕਿਲ੍ਹੇ ਵਿਚੋਂ ਨਿਕਲ ਗਿਆ। ਅਗਲੀ ਸਵੇਰ ਜਦੋਂ ਮਨੀਮ ਖਾਨ ਕਿਲ੍ਹੇ ਅੰਦਰ ਦਾਖਲ ਹੋਇਆ ਤਾਂ ਉਸ ਨੂੰ ਪਤਾ ਲੱਗਾ ਕਿ ਬਾਜ ਤਾਂ ਉੱਡ ਗਿਆ ਹੈ। ਹਮੀਦ ਖਾਨ ਦੀ ਅਗਵਾਈ ਵਿਚ ਬੰਦੇ ਦਾ ਪਿੱਛਾ ਕਰਨ ਲਈ ਸੈਨਾ ਭੇਜੀ ਗਈ।

## ਪਹਾੜੀਆਂ ਵਿਚ ਬੰਦੇ ਦੀ ਮੁਹਿੰਮ

ਕਿਲ੍ਹੇ ਵਿਚੋਂ ਬਚ ਕੇ ਨਿਕਲਣ ਤੋਂ ਬਾਦ ਬੰਦਾ ਪਹਾੜੀਆਂ ਵਿਚ ਪਹੁੰਚ ਗਿਆ। ਸਿੱਖਾਂ ਨੂੰ ਕੀਰਤਪੁਰ

ਪਹੁੰਚਣ ਲਈ ਹੁਕਮਨਾਮੇ ਜਾਰੀ ਕੀਤੇ। ਸਭ ਦਿਸ਼ਾਵਾਂ ਤੋਂ ਸਿੱਖ ਝੁੰਡ ਬਣਾ ਕੇ ਆ ਗਏ ਤੇ ਬੰਦੇ ਨੇ ਕਹਿਲੂਰ ਦੇ ਰਾਜੇ ਭੀਮ ਚੰਦ ਨੂੰ ਈਨ ਮੰਨਣ ਲਈ ਕਿਹਾ । ਉਸ ਦੇ ਵੱਲੋਂ ਨਾਂਹ ਕਰਨ ਤੇ ਉਸ ਦੀ ਰਿਆਸਤ ਤੇ ਹਮਲਾ ਕਰ ਦਿੱਤਾ ਗਿਆ ਤੇ ਉਸ ਦੀ ਫੌਜ ਨਸ਼ਟ ਕਰ ਦਿੱਤੀ ਗਈ। ਇਹ ਦੇਖਦੇ ਮੰਡੀ ਦੇ ਰਾਜਾ ਸਿੱਧ ਸੈਨ, ਕੁਲੂ ਤੇ ਚੰਬੇ ਦੇ ਰਾਜੇ ਵਰਗੇ ਹੋਰ ਪਹਾੜੀ ਸਰਦਾਰਾਂ ਨੇ ਬੰਦੇ ਦੀ ਪ੍ਰਭੂਸੱਤਾ ਕਬੂਲ ਕਰ ਲਈ। ਕੁੱਲੂ ਦੇ ਰਾਜਾ ਉਦੈ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਬੰਦੇ ਨਾਲ ਕਰ ਦਿੱਤੀ ਤੇ ਬਾਅਦ ਵਿਚ ਉਸ ਦੀ ਕੁੱਖ ਤੋਂ ਅਜੈ ਸਿੰਘ ਦਾ ਜਨਮ ਹੋਇਆ। *4* ਜੂਨ *1711* ਨੂੰ ਬੰਦੇ ਨੇ ਜੰਮੂ ਤੇ ਹਮਲਾ ਕੀਤਾ ਤੇ ਰਾਜੇ ਨੂੰ ਬਹਿਰਾਮਪੁਰ ਦੇ ਨਜ਼ਦੀਕ ਹਰਾ ਦਿੱਤਾ। ਰਾਏਪੁਰ ਤੇ ਬਹਿਰਾਮਪੁਰ ਤੇ ਵੀ ਕਬਜ਼ਾ ਹੋ ਗਿਆ।

## ਗੁਰਦਾਸ ਨੰਗਲ ਦਾ ਬਹਾਦਰੀ ਵਾਲਾ ਸੰਘਰਸ਼

ਮੁਹੰਮਦ ਅਮੀਨ ਖਾਂ ਅਤੇ ਰੁਸਤਮ ਖਾਨ ਬੜੀ ਭਾਰੀ ਸ਼ਾਹੀ ਫੌਜ ਨਾਲ ਲੈ ਕੇ ਬੜੀ ਤੇਜੀ ਨਾਲ ਬੰਦੇ ਦਾ ਪਿੱਛਾ ਕਰ ਰਹੇ ਸਨ। ਬੰਦੇ ਨੂੰ ਜੰਮੂ ਵੱਲ ਧੱਕ ਦਿੱਤਾ ਗਿਆ। ਬਹਾਦਰ ਸ਼ਾਹ ਨੇ ਫੁਰਮਾਨ ਜਾਰੀ ਕੀਤਾ ਕਿ ਜਿੱਥੇ ਕਿਤੇ ਵੀ ਸਿੱਖ ਮਿਲਣ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ।ਨਤੀਜੇ ਵਜੋਂ, ਸਿੱਖ ਤੇ ਉਨ੍ਹਾਂ ਦੇ ਹਮਦਰਦਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ। ਮੁਗਲ ਬਾਦਸ਼ਾਹ *18* ਫਰਵਰੀ ਨੂੰ ਮਰ ਗਿਆ। ਉਸ ਦੀ ਮੌਤ ਨਾਲ ਹੀ ਉਤਰਾਧਿਕਾਰੀ ਦੀ ਜੰਗ ਛਿੜ ਗਈ। ਜਿਸ ਵਿਚ ਜਹਾਂਦਾਰ ਖਾਂ ਸਫਲ ਰਿਹਾ, ਪਰੰਤੂ *1713* ਵਿਚ ਫਰੁਖਸੀਅਰ ਨੇ ਉਸ ਨੂੰ ਵੀ ਕੱਢ ਕੇ ਸ਼ਕਤੀ ਆਪਣੇ ਹੱਥਾਂ ਵਿਚ ਲੈ ਲਈ। ਇਸ ਸਮੇਂ ਦੇ ਦੌਰਾਨ ਬੰਦਾ ਮੈਦਾਨਾਂ ਵਿਚ ਉਤਰ ਆਇਆ ਅਤੇ ਸਿੱਖ ਫੇਰ ਉਸ ਦੇ ਆਲੇ-ਦੁਆਲੇ ਜੁੜ ਗਏ ਤੇ ਉਨ੍ਹਾਂ ਨੇ ਦੁਬਾਰਾ ਸਢੌਰਾ ਤੇ ਲੋਹਗੜ੍ਹ ਤੇ ਕਬਜ਼ਾ ਕਰ ਲਿਆ।

ਫਰੁਖਸੀਅਰ ਨੇ ਅਬਦੁਸ ਸਮਦ ਖਾਨ ਨੂੰ ਗਵਰਨਰ ਤੇ ਉਸ ਦੇ ਪੁੱਤਰ ਜ਼ਕਰੀਆ ਖਾਨ ਨੂੰ ਜੰਮੂ ਦਾ ਫੌਜ਼ਦਾਰ ਨਿਯੁਕਤ ਕੀਤਾ। ਉਸ ਨੇ ਸਿੱਖਾਂ ਦਾ ਪੂਰਨ ਖਾਤਮਾ ਕਰਨ ਦਾ ਹੁਕਮ ਜਾਰੀ ਕੀਤਾ। ਲਾਹੌਰ ਦੇ ਗਵਰਨਰ ਨਾਲ ਇਸ ਕੰਮ ਵਿਚ ਬਾਦਸ਼ਾਹ ਵੱਲੋਂ ਭੇਜਿਆ ਮੁਗਲ ਸੈਨਾਪਤੀ ਮੁਹੰਮਦ ਅਮੀਨ ਖਾਨ ਵੀ ਆ ਮਿਲਿਆ। ਮੁਹੰਮਦ ਅਮੀਨ ਖਾਨ ਨੂੰ ਜਲਦੀ ਦਿੱਲੀ ਬੁਲਾ ਲਿਆ ਤੇ ਅਬਦੁਸ ਸਮਦ ਖਾਨ ਨੇ ਬੰਦੇ ਨੂੰ ਫੜਨ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ। ਤਕਰੀਬਨ ਇਕ ਸਾਲ ਦੀ ਚੁੱਪੀ ਤੋਂ ਬਾਅਦ ਬੰਦੇ ਨੇ ਬਟਾਲੇ ਤੇ ਕਲਾਨੌਰ ਤੇ ਕਬਜ਼ਾ ਕਰ ਲਿਆ। ਫਰੁਖਸੀਅਰ ਇਹ ਸੁਣ ਕੇ ਆਪੇ ਤੋਂ ਬਾਹਰ ਹੋ ਗਿਆ ਤੇ ਉਸ ਨੇ ਲਾਹੌਰ ਦੇ ਗਵਰਨਰ ਨੂੰ ਹੁਕਮ ਜਾਰੀ ਕੀਤਾ ਕਿ ਉਹ ਕਾਂਗੜੇ ਤੋਂ ਨਰਸੋਟੇ ਦੇ ਰਾਜੇ ਦੀ ਮਦਦ ਨਾਲ ਬੰਦੇ ਦੇ ਵਿਰੁੱਧ ਕਾਰਵਾਈ ਕਰੇ। ਪਹਿਲੀ ਝੜਪ ਇੰਨੀ ਤਕੜੀ ਸੀ ਕਿ ਬੰਦਾ ਸ਼ਾਹੀ ਫੌਜਾਂ ਤੇ ਜਿੱਤ ਪ੍ਰਾਪਤ ਕਰਨ ਹੀ ਵਾਲਾ ਸੀ, ਪਰੰਤੂ ਉਸਦਾ ਮੋਰਚਾ ਠੀਕ ਥਾਂ ਨਾ ਹੋਣ ਕਰਕੇ ਉਸ ਨੂੰ ਵਾਪਸੀ ਕਰਨੀ ਪਈ ਤੇ ਉਹ ਗੁਰਦਾਸ ਨੰਗਲ ਦੇ ਸਥਾਨ ਤੇ ਪਹੁੰਚ ਗਿਆ। ਆਪਣੀ ਸਥਿਤੀ ਨਾਜ਼ੁਕ ਦੇਖ ਕੇ ਬੰਦੇ ਨੇ ਭਾਈ ਦੁਨੀ ਚੰਦ ਦੇ ਇਹਾਤੇ ਦੇ ਕਬਜ਼ਾ ਕਰ ਲਿਆ। ਉਸ ਦੇ ਦੁਆਲੇ ਖਾਈ ਪੁੱਟ ਕੇ ਪਾਣੀ ਭਰਵਾ ਦਿੱਤਾ ਤੇ ਇੱਥੇ ਦੁਸ਼ਮਣ ਦਾ ਟਾਕਰਾ ਕਰਨ ਦਾ ਫੈਸਲਾ ਕੀਤਾ। ਅਪ੍ਰੈਲ *1715* ਈ. ਵਿਚ ਮੁਗਲਾਂ ਦੀ ਵਿਸ਼ਾਨ ਸੈਨਾ ਨੇ ਹਵੇਲੀ ਦੇ ਚਾਰੇ ਪਾਸੇ ਘੇਰਾ ਪਾ ਲਿਆ। ਬਾਹਰੋਂ ਉਸ ਨੂੰ ਕੁਝ ਵੀ ਭੇਜਿਆ ਨਹੀਂ ਜਾ ਸਕਦਾ ਸੀ। ਅੱਠ ਮਹੀਨਿਆਂ ਤਕ ਘੇਰਾਬੰਦੀ ਜਾਰੀ ਰਹੀ ਅਤੇ ਅੱਠ ਮਹੀਨੇ ਤਕ ਹੀ ਲੜਾਈ ਚਲਦੀ ਰਹੀ। ਸਿੱਖਾਂ ਕੋਲ ਭੋਜਨ ਸਾਮਗਰੀ ਖਤਮ ਹੋ ਗਈ, ਜਿਸ ਕਾਰਣ ਉਹ ਬਹੁਤ ਮੁਸੀਬਤ ਤੇ ਸੰਕਟ ਵਿਚ ਫਸ ਗਏ। ਕਈ ਦਿਨ ਉਹ ਘਾਹ-ਪੱਤੇ, ਘੋੜਿਆਂ ਤੇ ਹੋਰ ਪਸ਼ੂਆਂ ਦਾ ਮਾਸ ਖਾ ਕੇ ਆਪਣੀ ਭੁੱਖ ਮਿਟਾਂਦੇ ਰਹੇ। ਇਹੋ ਜਿਹੀ ਹਾਲਤ ਵਿਚ ਇਸ ਸਮੇਂ ਬੰਦਾ ਬਹਾਦਰ ਅਤੇ ਬਿਨੋਦ ਸਿੰਘ ਵਿਚ ਮੱਤਭੇਦ ਹੋ ਗਿਆ। ਬਿਨੋਦ ਸਿੰਘ ਦਾ ਵਿਚਾਰ ਸੀ ਕਿ ਇਹੋ ਜਿਹੀ ਸਥਿਤੀ ਵਿਚ ਸਿੱਖਾ ਨੂੰ ਆਪਣੀਆਂ ਜਾਨਾਂ ਦੀ ਰੱਖਿਆ ਲਈ ਹਵੇਲੀ ਛੱਡ ਕੇ ਨਿਕਲ

ਜਾਣਾ ਚਾਹੀਦਾ ਹੈ, ਪਰ ਬੰਦਾ ਭੱਜਣ ਦੀ ਥਾਂ ਡੱਟ ਕੇ ਮੁਕਾਬਲਾ ਕਰਨ ਦੇ ਪੱਖ ਵਿਚ ਸੀ। ਇਸ ਤਰ੍ਹਾਂ ਬਿਨੋਦ ਸਿੰਘ ਆਪਣੀ ਸਾਥੀਆਂ ਸਮੇਤ ਗੜ੍ਹੀ ਛੱਡ ਕੇ ਭੱਜ ਨਿਕਲਿਆ, ਜਿਸ ਕਰਕੇ ਸਿੱਖਾਂ ਦੀ ਤਾਕਤ ਹੋਰ ਵੀ ਘਟ ਗਈ। ਭੋਜਨ ਸਮੱਗਰੀ ਦੀ ਅਣਹੋਂਦ ਕਾਰਨ ਸਿੱਖਾਂ ਦੀ ਹਾਲਤ ਦਿਨੋਂ-ਦਿਨ ਹੋਰ ਵਿਗੜਨ ਲੱਗ ਗਈ ਤੇ ਉਹ ਬਿਮਾਰੀ ਤੇ ਭੁੱਖ ਨਾਲ ਮਰਨ ਲੱਗੇ। ਇਹੋ ਜਿਹੀ ਹਾਲਤ ਵਿਚ ਉਨ੍ਹਾਂ ਲਈ ਲੰਮੇ ਸਮੇਂ ਲਈ ਲੜਨਾ ਸੰਭਵ ਨਹੀਂ ਸੀ। ਅਖੀਰ 7 ਦਸੰਬਰ 1715 ਈ. ਨੂੰ ਬੰਦੇ ਨੇ ਆਪਣੇ ਭੁੱਖ ਨਾਲ ਅਧਮੋਏ ਸਾਥੀਆਂ ਸਮੇਤ ਹਥਿਆਰ ਸੁੱਟ ਦਿੱਤੇ ਅਤੇ ਬਾਦਸ਼ਾਹੀ ਫੌਜਾਂ ਕਿਲ੍ਹੇ ਤੇ ਅਧਿਕਾਰ ਕਰਨ ਵਿਚ ਸਫਲ ਹੋਈਆਂ। ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਕੈਦੀ ਬਣਾ ਲਿਆ ਗਿਆ ਅਤੇ ਉਨ੍ਹਾਂ ਦੇ ਹੱਥ ਪੈਰ ਬੰਨ੍ਹ ਕੇ ਸ਼ਾਹੀ ਫੌਜਾਂ ਨਾਲ ਤੌਰ ਲਿਆ।

## ਬੰਦਾ ਸਿੰਘ ਬਹਾਦਰ ਦਾ ਬਲੀਦਾਨ

ਗੁਰਦਾਸ ਨੰਗਲ ਤੋਂ ਬੰਦੇ ਨੂੰ ਲਾਹੌਰ ਲਿਜਾਇਆ ਗਿਆ ਤੇ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਉਸ ਨੂੰ ਸ਼ਹਿਰ ਵਿਚ ਘੁਮਾਇਆ ਗਿਆ। ਦੂਜੇ ਦਿਨ ਜ਼ਕਰੀਆ ਖਾਨ ਦੀ ਸਪੁਰਦਗੀ ਵਿਚ ਕੈਦੀਆਂ ਨੂੰ ਦਿੱਲੀ ਵੱਲ ਤੌਰ ਲਿਆ ਗਿਆ। 19 ਫਰਵਰੀ 1716 ਨੂੰ ਇਹ ਕਾਫਲਾ ਦਿੱਲੀ ਪਹੁੰਚਿਆ। ਬੰਦੇ ਵਾਲਾ ਲੋਹੇ ਦਾ ਪਿੰਜਰਾ ਹਾਥੀ ਦੀ ਪਿੱਠ ਦੇ ਉਪਰ ਰੱਖਿਆ ਗਿਆ ਜਿਸ ਦੇ ਪਿੱਛੇ ਊਠਾਂ ਤੇ ਦੋ-ਦੋ ਕਰਕੇ ਬਾਕੀ ਸਿੱਖ ਕੈਦੀ ਲੱਦੇ ਗਏ। ਉਨ੍ਹਾਂ ਦਾ ਜਲੂਸ ਕੱਢਿਆ ਗਿਆ। ਇਬਰਤ ਨਾਮਾ ਦੇ ਲੇਖਕ ਮਿਰਜਾ ਮੁਹੰਮਦ ਰਹਿਸੀ ਇਸ ਨੂੰ ਤਮਾਸ਼ਾ ਕਹਿੰਦਾ ਸੀ। ਬੰਦੇ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ। ਮਾਰਚ 5, 1716 ਨੂੰ ਸਿੱਖਾਂ ਦੀਆਂ ਸ਼ਹੀਦੀਆਂ ਸ਼ੁਰੂ ਹੋਈਆਂ ਇਸ ਦੇ ਲਈ ਚਬੂਤਰਾ ਕੁਤਵਾਲੀ ਦੀ ਥਾਂ ਨੀਯਤ ਕੀਤੀ ਗਈ।ਬਾਰ ਬਾਰ ਸਿੱਖਾਂ ਨੂੰ ਧਰਮ ਛੱਡ ਦੇਣ ਦੀ ਸੂਰਤ ਵਿਚ ਆਜ਼ਾਦ ਕਰ ਦੇਣ ਦਾ ਵਾਅਦਾ ਕੀਤਾ ਜਾਂਦਾ ਰਿਹਾ।ਪਰ ਸਿੱਖ ਏਨੇ ਪੱਕੇ ਸਨ ਕਿ ਉਨ੍ਹਾਂ ਵਿਚੋਂ ਕੋਈ ਵੀ ਨਹੀਂ ਡੋਲਿਆ। ਸਗੋਂ ਉਹ ਇਕ ਦੂਜੇ ਤੋਂ ਪਹਿਲਾਂ ਮਰਨ ਲਈ ਆਪਸ ਵਿਚ ਲੜ ਰਹੇ ਸਨ। ਇਰਵਿਨ ਨੇ ਕਿਹਾ ਹੈ, ਸਭ ਚਿੰਤਕ ਇਸ ਗੱਲ ਤੇ ਸਹਿਮਤ ਹਨ ਕਿ ਸਿੱਖ ਅਦਭੁੱਤ ਸਬਰ ਅਤੇ ਦ੍ਰਿੜ੍ਹਤਾ ਨਾਲ ਆਪਣੀ ਮੌਤ ਨੂੰ ਮਿਲੇ। ਉਨ੍ਹਾਂ ਦੀ ਆਪਣੇ ਨੇਤਾ ਪ੍ਰਤੀ ਸ਼ਰਧਾ ਤੇ ਵਫਾਦਾਰੀ ਹੈਰਾਨਕੁੰਨ ਸੀ। ਮੌਤ ਦਾ ਕੋਈ ਭੈਅ ਨਹੀਂ ਸੀ ਤੇ ਖੁਸ਼ੀ ਨਾਲ ਜਲਾਦ ਨੂੰ ਕਹਿ ਰਹੇ ਸਨ, ਓ ਮੁਕਤੀ ਪਹਿਲਾਂ ਮੈਨੂੰ ਮਾਰ।ਇਸ ਤਰ੍ਹਾਂ ਉਹ ਮੌਤ ਨੂੰ ਮੁਕਤੀ ਕਹਿ ਰਹੇ ਸਨ।

ਪਰੰਤੂ ਬੰਦੇ ਦੇ ਫਾਂਸੀ ਹਾਲੀ ਪਿੱਛੇ ਪਾ ਦਿੱਤੀ ਗਈ। ਖਿਆਲ ਕੀਤਾ ਜਾਂਦਾ ਹੈ ਕਿ ਮੁਗਲ ਅਫਸਰ ਉਸ ਤੋਂ ਪਿਛਲੇ ਪੰਜ ਸਾਲ ਵਿਚ ਇਕੱਠੇ ਕੀਤੇ ਖਜ਼ਾਨੇ ਦੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਸਨ। ਬਹੁਤ ਹੀ ਕੋਸ਼ਿਸ਼ਾਂ ਦੇ ਬਾਵਜੂਦ ਉਹ ਉਸ ਤੋਂ ਕੋਈ ਸੁਰਾਗ ਨਾ ਲੱਭ ਸਕੇ। ਅਖੀਰ 19 ਜੂਨ 1716 ਨੂੰ ਉਸ ਨੂੰ 26 ਸਾਥੀਆਂ ਸਮੇਤ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਕੋਲ ਖਵਾਜ਼ਾ ਕੁਤਬਦੀਨ ਬਖਤਿਆਰ ਕਾਕੀ ਦੀ ਮਜ਼ਾਰ ਕੋਲ ਲਿਜਾਇਆ ਗਿਆ। ਆਮ ਵਾਂਗ ਉਸ ਨੂੰ ਇਸਲਾਮ ਜਾਂ ਮੌਤ ਵਿਚੋਂ ਇਕ ਚੁਣਨ ਲਈ ਕਿਹਾ ਗਿਆ। ਬੰਦੇ ਨੇ ਆਸ ਮੁਤਾਬਿਕ ਮੌਤ ਕਬੂਲੀ, ਉਸ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਉਸ ਦੀ ਗੋਦੀ ਵਿਚ ਲਿਟਾ ਕੇ ਉਸ ਨੂੰ ਆਪਣੇ ਪੁੱਤਰ ਨੂੰ ਆਪ ਮਾਰਨ ਦਾ ਹੁਕਮ ਦਿੱਤਾ ਤੇ ਕਨਿੰਘਮ ਅਨੁਸਾਰ ਉਸ ਨੇ ਫੌਰਨ ਉਸ ਨੂੰ ਮਾਰ ਦਿੱਤਾ। ਪਰੰਤੂ ਹਰੀਸੀ ਤੇ ਐਲਫਿਸਟਨ ਇਸ ਵਿਚਾਰ ਦੇ ਹਨ ਕਿ ਬੰਦੇ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਬੱਚੇ ਦੇ ਟੁਕੜੇ-ਟੁਕੜੇ ਕਰਕੇ ਉਸ ਦਾ ਦਿਲ ਬੰਦੇ ਦੇ ਮੂੰਹ ਵਿਚ ਤੁੰਨਿਆ ਗਿਆ। ਇਸ ਤੋਂ ਬਾਅਦ ਪਹਿਲਾਂ ਬੰਦਾ ਦਾ ਸੱਜਾ ਹੱਥ ਤੇ ਪੈਰ ਕੱਟੇ ਗਏ। ਫੇਰ ਉਸ ਦੀ ਖੱਬੀ ਅੱਖ ਕੱਢ ਦਿੱਤੀ ਗਈ। ਉਸ ਦੀ ਚਮੜੀ ਨੂੰ ਗਰਮ ਤੇ ਲਾਲ ਸੁਰਖ ਸ਼ਲਾਖਾਂ ਨਾਲ ਛਲਣੀ ਕਰ ਦਿੱਤਾ ਗਿਆ ਤੇ ਅੰਤ ਉਸ ਦਾ ਸਿਰ ਵੱਢਿਆ ਗਿਆ ਤੇ ਬੰਦਾ ਅਖੀਰ ਤੀਕ ਸ਼ਾਂਤ ਰਿਹਾ।

## ਆਮ ਸਫਲਤਾਵਾਂ

ਗੁਰੂ ਗੋਬਿੰਦ ਸਿੰਘ ਜੀ ਦੀ ਮੌਤ ਤੋਂ ਬਾਦ ਬੰਦਾ ਸਿੰਘ ਬਹਾਦਰ ਸਿੱਖਾਂ ਵਿਚ ਏਕਤਾ ਦਾ ਪ੍ਰਤੀਕ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਬ ਤੋਂ ਜਾਣ ਦੇ ਬਾਅਦ ਜੋ ਤੱਤ ਖਿੰਡ ਗਏ ਸਨ ਬੰਦੇ ਨੇ ਉਨ੍ਹਾਂ ਨੂੰ ਇਕੱਠਾ ਕੀਤਾ। ਉਸ ਦੀ ਯੋਗ ਤੇ ਵੀਰਤਾ ਭਰੀ ਕਮਾਨ ਥੱਲੇ ਸਿੱਖ ਬਹੁਤ ਹੀ ਔਖੀਆਂ ਹਾਲਤਾਂ ਵਿਚ ਵੀ ਇਕੱਠੇ ਰਹੇ। ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕਣ ਤੋਂ ਬਾਅਦ ਬੰਦਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਿਸ਼ਨ ਪ੍ਰਤੀ ਸਦਾ ਹੀ ਵਫਾਦਾਰ ਰਿਹਾ ਤੇ ਆਖਰੀ ਸਾਹ ਲੈਣ ਤੀਕ ਉਸ ਨੇ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਦੀ ਪੂਰਤੀ ਲਈ ਯਤਨ ਕੀਤੇ।

ਉਸ ਨੇ ਸਿੱਕੇ ਅਤੇ ਮੋਹਰਾ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਜਾਰੀ ਕੀਤੇ। ਉਸ ਨੇ ਪੱਕੀ ਤਰ੍ਹਾਂ ਸਿੱਖ ਰਹਿਤ ਦੀ ਪਾਲਣਾ ਕੀਤੀ। ਉਸ ਨੇ ਨਾ ਕਦੇ ਵਾਲ ਕਟਵਾਏ, ਨਾ ਤੰਮਾਕੂ ਪੀਤਾ, ਨਾ ਹਲਾਲ ਕੀਤਾ ਮਾਸ ਖਾਧਾ ਅਤੇ ਨਾ ਹੀ ਬਿਗਾਨੀ ਔਰਤ ਦਾ ਸੰਗ ਕੀਤਾ। ਸਿੱਖੀ ਦੇ ਸਿਧਾਂਤਾਂ ਵਿਚ ਉਸ ਦੇ ਉੱਚੇ ਵਿਸ਼ਵਾਸ ਨੇ ਉਸ ਦੇ ਸਾਥੀਆਂ ਨੂੰ ਬਹੁਤ ਹੀ ਔਖੇ ਸਮੇਂ ਰਸਤਾ ਦਿਖਾਇਆ। ਕਲਾਨੌਰ ਵਿਖੇ ਅਪ੍ਰੈਲ *1711* ਵਿਚ ਉਸ ਨੇ ਮੁਸਲਮਾਨਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਧਰਮ ਵਿਚ ਦਖਲ ਨਹੀਂ ਦਿੱਤਾ ਜਾਵੇਗਾ ਤੇ ਸਗੋਂ ਉਨ੍ਹਾਂ ਨੂੰ ਨਮਾਜ ਤੇ ਅਜਾਨ ਦੀ ਭੀ ਆਗਿਆ ਦਿੱਤੀ ਗਈ। ਲਗਭਗ *50000* ਮੁਸਲਮਾਨ ਉਸ ਦੀ ਫੌਜ ਵਿਚ ਭਰਤੀ ਹੋ ਗਏ। ਉਨ੍ਹਾਂ ਨੂੰ ਪੂਰੀ ਤਰ੍ਹਾਂ ਤਨਖਾਹ ਦਿੱਤੀ ਗਈ ਤੇ ਉਹ ਬੰਦੇ ਦੇ ਨਾਲ ਆਪਣੇ ਦੀਨੀ ਭਰਾਵਾਂ ਦੇ ਖਿਲਾਫ ਲੜੇ। ਉਸ ਨੇ ਸਿੱਖ ਧਰਮ ਦਾ ਪ੍ਰਚਾਰ ਕੀਤਾ, ਪਰੰਤੂ ਦੂਜੇ ਧਰਮਾਂ ਦੇ ਲੋਕਾਂ ਨੂੰ ਵੀ ਧਾਰਮਿਕ ਆਜ਼ਾਦੀ ਦਿੱਤੀ।

ਬੰਦਾ ਇਕ ਬੇਮਿਸਾਲ ਸੈਨਿਕ ਆਗੂ ਹੀ ਨਹੀਂ ਸੀ, ਸਗੋਂ ਇਕ ਚੰਗਾ ਪ੍ਰਸ਼ਾਸਕ ਵੀ ਸੀ। ਭਾਵੇਂ ਉਹ ਆਪਣੇ ਰਾਜਕਾਲ ਦੇ ਬਹੁਤ ਥੋੜ੍ਹੇ ਸਮੇਂ ਵਿਚ ਕੋਈ ਪ੍ਰਬੰਧਕੀ ਢਾਂਚਾ ਤਾਂ ਨਾ ਉਸਾਰ ਸਕਿਆ, ਪਰੰਤੂ ਮੁਖਲਿਸਪੁਰ ਦੇ ਪ੍ਰਸ਼ਾਸਨ ਲਈ ਉਸਨੇ ਕਈ ਠੋਸ ਨਿਯਮਾਂ ਨੂੰ ਅਪਣਾਇਆ ਤੇ ਲਾਗੂ ਕੀਤਾ। ਜਿਤਿਆ ਹੋਇਆ ਇਲਾਕਾ ਉਸ ਨੇ ਸਾਥੀਆਂ ਵਿਚ ਵੰਡ ਦਿੱਤਾ। ਜ਼ਿੰਮੀਦਾਰਾਂ ਦਾ ਖਾਤਮਾ ਉਸ ਦੇ ਪ੍ਰਸ਼ਾਸਨ ਦੀ ਅਦੁੱਤੀ ਮਿਸਾਲ ਸੀ। ਉਹ ਸੁਧਾਰਕ ਵੀ ਸੀ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਉਸ ਨੇ ਜ਼ਿੰਮੀਦਾਰੀ ਦਾ ਖਾਤਮਾ ਕੀਤਾ ਅਤੇ ਉਸ ਦੀ ਥਾਂ ਕਿਸਾਨਾਂ ਦੀ ਮਾਲਕੀ ਦਾ ਪ੍ਰਬੰਧ ਲਾਗੂ ਕੀਤਾ ਜਿਸ ਨੂੰ ਆਧੁਨਿਕ ਸਮਿਆਂ ਤਕ ਵੀ ਇਕ ਵਧੀਆ ਮਾਲੀ ਸੁਧਾਰਕ ਦੇ ਤੌਰ ਤੇ ਜਾਣਿਆ ਜਾਂਦਾ ਹੈ।

ਬੰਦੇ ਨੇ ਸੀਮਿਤ ਸਾਧਨਾਂ ਨਾਲ ਇਕ ਬਹੁਤ ਵੱਡੀ ਫੌਜ ਬਣਾਈ। ਉਸ ਦੇ ਫੌਜੀ ਪ੍ਰਬੰਧ ਵਧੀਆ ਸਨ, ਜਿਨ੍ਹਾਂ ਕਾਰਨ ਉਸ ਨੇ ਮੈਦਾਨੇ ਜੰਗ ਵਿਚ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਉਹ ਆਪ ਅੱਗੇ ਹੋ ਕੇ ਲੜਾਈ ਵਿਚ ਭਾਗ ਲੈਂਦਾ ਸੀ ਤੇ ਉਸ ਨੇ ਆਪਣੇ ਸਾਥੀਆਂ ਨੂੰ ਨੇਕ ਕਾਰਜਾਂ ਲਈ ਲੜਨਾ ਸਿਖਾਇਆ। ਉਸ ਦਾ ਹੌਸਲਾ ਤੇ ਬਹਾਦਰੀ ਇਤਿਹਾਸ ਵਿਚ ਆਪਣਾ ਸਾਨੀ ਨਹੀਂ ਰਖਦੇ। ਡਾ. ਗੰਡਾ ਸਿੰਘ ਕਹਿੰਦਾ ਹੈ, ਉਸ ਨੇ ਭਾਰੀ ਜਿੱਤਾਂ ਜਿੱਤੀਆਂ। ਉਸ ਨੇ ਲੋਕਾਂ ਨੂੰ ਮਹਿਸੂਸ ਕਰਵਾ ਦਿੱਤਾ ਕਿ ਇਕ ਅਸਾਧਾਰਣ ਪ੍ਰਤਿਭਾ ਵਾਲਾ ਵਿਅਕਤੀ ਉਠਿਆ ਹੈ ਤੇ ਸਦੀਆਂ ਦੇ ਜ਼ੁਲਮ ਦਾ ਬਦਲਾ ਲੈ ਰਿਹਾ ਹੈ ਤੇ ਉਸ ਨੇ ਸਭ ਪਾਸੇ ਇਕ ਤਰਤੀਬ ਦਿੱਤੀ ਹੈ। ਸਿੱਖਾਂ ਦੇ ਏਕੇ ਵਿਚੋਂ ਉਸ ਨੇ ਗਰੀਬਾਂ, ਲਤਾੜਿਆਂ ਸ਼ੋਸ਼ਿਤਾਂ ਲਈ ਇਕ ਨਿਆਂ ਪ੍ਰਬੰਧ ਈਜ਼ਾਦ ਕੀਤਾ। ਉਹ ਪਾਪੀਆਂ, ਅਪਰਾਧੀਆਂ ਤੇ ਅਨਿਆਈ ਹਾਕਮਾਂ ਤੇ ਅਫਸਰਾਂ ਦਾ ਪੱਕਾ ਦੁਸ਼ਮਣ ਸੀ।

ਬੰਦਾ ਉਨ੍ਹਾਂ ਜੇਤੂਆਂ ਵਿਚੋਂ ਸੀ ਜਿਸ ਨੇ ਇਹ ਦਿਖਾ ਦਿੱਤਾ ਕਿ ਸਿੱਖ ਰਾਜ ਦੀ ਸਥਾਪਨਾ ਹੋ ਸਕਦੀ ਹੈ। ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ, ਸਿੱਖਾਂ ਵਿਚ ਬੰਦਾ ਹੀ ਅਜਿਹਾ ਵਿਅਕਤੀ ਸੀ, ਜਿਸ ਨੇ ਕੌਮੀ ਰਾਜ ਸਥਾਪਤ ਕਰਨ ਦੀ ਗੱਲ ਸੋਚੀ। ਉਸ ਨੇ ਮੁਗਲਾਂ ਦੀ ਸ਼ਕਤੀ ਨੂੰ ਕੁਚਲਣ ਲਈ ਲੜਾਈਆਂ ਹੀ ਨਹੀਂ ਲੜੀਆਂ ਸਗੋਂ ਉਸ ਦੀਆਂ ਸ਼ਾਖਾਵਾਂ ਤੇ ਜੜ੍ਹਾਂ ਨੂੰ ਨਸ਼ਟ ਕਰਨ ਲਈ ਲੜਿਆ। ਇਸ ਲਈ ਉਸ ਨੇ ਮੁਗਲ ਸਰਕਾਰ ਦੇ

ਅਧਿਕਾਰੀ ਹਟਾ ਕੇ ਉਨ੍ਹਾਂ ਦੀ ਥਾਂ ਆਪਣੇ ਅਧਿਕਾਰੀ ਤੈਨਾਤ ਕੀਤੇ।

ਬੰਦੇ ਦੀ ਜ਼ਿੰਦਗੀ ਦੇ ਮੁੱਖ ਉਦੇਸ਼ਾਂ ਵਿਚੋਂ ਇਕ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਬੱਚਿਆਂ ਦੀ ਘਿਨਾਉਣੀ ਮੌਤ ਦਾ ਬਦਲਾ ਲੈਣਾ ਸੀ। ਉਸ ਨੇ ਆਪਣੇ ਪੈਰੋਕਾਰਾਂ ਦੇ ਮਨਾਂ ਵਿਚ ਜੋਸ਼ ਭਰ ਦਿੱਤਾ ਕਿ ਮੁਗਲ ਫੌਜ ਦੇ ਸੁਰੱਖਿਅਤ ਤੇ ਸੰਗਠਿਤ ਸਿਪਾਹੀ ਵੀ ਉਸ ਦਾ ਸਾਹਮਣਾ ਨਾ ਕਰ ਸਕੇ। ਮੁਢਲੀਆਂ ਜਿੱਤਾਂ ਤੋਂ ਬਾਅਦ ਉਸ ਨੇ ਸ਼ਾਹੀ ਸਤਾ ਭੀ ਕਾਇਮ ਕੀਤੀ ਤੇ ਜ਼ੁਲਮ ਕਰਨ ਵਾਲਿਆਂ ਤੇ ਵਹਿਸ਼ੀਆਂ ਨੂੰ ਚੰਗੀ ਤਰ੍ਹਾਂ ਸਜ਼ਾ ਦਿੱਤੀ ਗਈ ਤੇ ਤਬਾਹ ਕਰ ਦਿੱਤਾ ਗਿਆ।

ਬੰਦੇ ਦੀ ਜੋਸ਼ੀਲੀ ਲੀਡਰਸ਼ਿਪ ਵਿਚ ਸਿੱਖਾ ਨੇ ਜ਼ਬਰ ਦੇ ਵਿਰੁੱਧ ਲੜਨਾ ਸਿਖਿਆ ਤੇ ਉਸ ਨੇ ਉਹਨਾਂ ਵਿਚ ਰਾਜਨੀਤਿਕ ਜਾਗ੍ਰਿਤੀ ਲਿਆਂਦੀ। ਉਸ ਨੇ ਮੁਗਲ ਸ਼ਾਸਨ ਦੇ ਖਿਲਾਫ ਸਫਲਤਾ ਨਾਲ ਲੜਾਈਆਂ ਲੜ ਕੇ ਲੋਕਾਂ ਨੂੰ ਮੁਗਲ ਸਰਕਾਰ ਨੂੰ ਆਪ-ਹੁਦਰੇ ਤੇ ਧਾਰਮਿਕ ਤੰਗ ਨਜ਼ਰੀਏ ਵਾਲੇ ਸ਼ਾਸਨ ਦੇ ਖਿਲਾਫ ਸਫਲਤਾ ਨਾਲ ਲੜ ਕੇ ਲੋਕਾਂ ਨੂੰ ਮੁਗਲ-ਭੈਅ ਨੂੰ ਤਬਾਹ ਕਰਨਾ ਸਿਖਾਇਆ। ਲੜਾਈ ਦੇ ਮੈਦਾਨ ਵਿਚ ਬੰਦਾ ਬਹੁਤ ਹੀ ਦਲੇਰ ਤੇ ਸਭ ਤੋਂ ਬਹਾਦਰ ਸੀ ਤੇ ਆਪਣੇ ਉਦੇਸ਼ ਲਈ ਜਾਨ ਦੇਣ ਤੋਂ ਗੁਰੇਜ਼ ਨਹੀਂ ਕੀਤਾ। ਉਸ ਨੇ ਪੰਜਾਬ ਦੇ ਲੋਕਾਂ ਵਿਚ ਮੁਕਤੀ ਦੀ ਭਾਵਨਾ ਪੈਦਾ ਕੀਤੀ। ਉਸ ਨੇ ਅਣ-ਮਨੁੱਖੀ ਤਸੀਹੇ ਸਹੇ। ਉਸ ਦੇ ਸਰੀਰ ਨੂੰ ਟੁਕੜੇ-ਟੁਕੜੇ ਕਰ ਦਿੱਤਾ ਗਿਆ ਪਰੰਤੂ ਉਸ ਨੇ ਆਉਣ ਵਾਲੀਆਂ ਨਸਲਾ ਵਿਚ ਲੋਕਾਂ ਦੇ ਲਈ ਕੁਰਬਾਨੀ ਦੇਣ ਦੀ ਇਕ ਅਦੁੱਤੀ ਮਿਸਾਲ ਪੈਦਾ ਕਰ ਦਿੱਤੀ। ਉਸ ਨੇ ਰਾਜਿਆਂ ਵਰਗੀ ਜਿੰਦਗੀ ਦੇ ਲਾਲਚ ਨੂੰ ਠੁਕਰਾ ਦਿੱਤਾ, ਪਰੰਤੂ ਇਸਲਾਮ ਕਬੂਲ ਨਹੀਂ ਕੀਤਾ। ਡਾ. ਗੰਡਾ ਸਿੰਘ ਅਨੁਸਾਰ ਉਸ ਦੀਆਂ ਸਭ ਸਫਲਤਾਵਾਂ ਲੜਾਈ ਦੇ ਮੈਦਾਨ ਵਿਚ ਹੀ ਨਹੀਂ ਸਨ, ਉਸ ਨੇ ਲੋਕਾਂ ਦੇ ਮਨਾਂ ਵਿਚ ਕ੍ਰਾਂਤੀ ਦੀ ਅੱਗ ਬਾਲ ਦਿੱਤੀ ਜਿਸ ਨੂੰ ਕਿ ਇਤਿਹਾਸ ਅਕਸਰ ਅੱਖੋ ਪਰੋਖੇ ਕਰ ਦਿੰਦਾ ਹੈ। ਆਮ ਸਾਧਾਰਨ ਲੋਕਾਂ ਵਿਚ ਜ਼ੁਲਮ ਤੇ ਜਬਰ ਦਾ ਟਾਕਰਾ ਕਰਨ ਅਤੇ ਕੰਮ ਲਈ ਜੀਣ ਤੇ ਮਰਨ ਦੀ ਭਾਵਨਾ ਭਰ ਦਿੱਤੀ। ਬੰਦੇ ਦੇ ਸਾਥੀਆਂ ਵਲੋਂ ਕਾਇਮ ਕੀਤੀ ਉਦਾਹਰਣ ਸਿੱਖਾਂ ਦੇ ਆਉਣ ਵਾਲੇ ਮੁਸ਼ਕਲਾਂ ਭਰੇ ਤੇ ਹਨੇਰੇ ਦਿਨਾਂ ਵਿਚ ਇਕ ਚਾਨਣ ਮੁਨਾਰਾ ਬਣੀ ਰਹੀ। ਕੌਮੀ ਰਾਜ ਦੇ ਸਿਧਾਂਤ ਜੋ ਬੜੀ ਦੇਰ ਤੋਂ ਮਰ ਚੁੱਕਿਆ ਸੀ, ਇਕ ਵਾਰ ਫੇਰ ਜਿਊਣੀ ਆਸ ਬਣ ਗਿਆ ਭਾਵੇਂ ਕੁੱਝ ਦੇਰ ਲਈ ਨਿਰਦਈ ਸਜ਼ਾਵਾਂ ਤੇ ਫਾਂਸੀਆਂ ਕਾਰਣ ਦਬ ਗਿਆ ਪਰੰਤੂ ਇਹ ਧੂਣੀ ਦੀ ਅੱਗ ਵਾਂਗ ਅੰਦਰੋ-ਅੰਦਰ ਧੁਖਦਾ ਰਿਹਾ ਤੇ ਚਾਲੀ ਸਾਲ ਬਾਦ ਇਹ ਲਟ-ਲਟ ਕਰਕੇ ਦੁਬਾਰਾ ਕਦੀ ਨਾ ਬੁਝਣ ਲਈ ਬਲ ਪਿਆ।

ਬੰਦਾ ਸਿੰਘ ਬਹਾਦਰ ਨੇ ਉਹ ਕੰਮ ਪੂਰਾ ਕੀਤਾ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਰੂ ਕੀਤਾ ਸੀ। ਉਹ ਮੁਸ਼ਕਿਲ ਝੱਲਣ ਤੇ ਜਬਰ ਤੇ ਜ਼ੁਲਮ ਨੂੰ ਸਹਿ ਜਾਣ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਕਸ਼ੇ ਕਦਮ ਤੇ ਚਲਿਆ। ਜਿਵੇ ਕਿ ਡਾ. ਜੀ. ਸੀ. ਨਾਰੰਗ ਜ਼ੋਰ ਦੇ ਕੇ ਕਹਿੰਦਾ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ਼ਗਿਰਦਾਂ ਦਾ ਧਿਆਨ ਹਲ ਵਾਹੁਣ ਵੱਲੋਂ ਹਟਾ ਕੇ ਤਲਵਾਰ ਵੱਲ ਮੋੜਿਆ ਅਤੇ ਜੇਕਰ ਨਿਆਂ ਤੇ ਨੇਕੀ ਕਿਸੇ ਵੀ ਤਰ੍ਹਾਂ ਬਹਾਲ ਨਾ ਹੋ ਸਕੇ ਤਾਂ ਖ਼ੂਨ ਖਰਾਬੇ ਤੇ ਲੜਾਈ ਤੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ ਸੀ। ਉਨ੍ਹਾਂ ਨੇ ਬੀਜ ਬੀਜੇ ਸਨ ਜਿਸ ਦੀ ਫਸਲ ਬੰਦੇ ਨੇ ਕੱਟੀ। ਗੁਰੂ ਜੀ ਨੇ ਨਿਯਮ ਬਣਾਏ ਤੇ ਬੰਦੇ ਨੇ ਉਨ੍ਹਾਂ ਤੇ ਅਮਲ ਕਰਵਾਇਆ ਤੇ ਕਰਿਆ। ਮੁਗਲ ਨਿਰੰਕੁਸ਼ਤਾ ਵਲੋਂ ਪੈਦਾ ਕੀਤੇ ਭੈਅ ਦੇ ਬੰਧਨਾਂ ਨੂੰ ਤੋੜਿਆ ਅਤੇ ਬੰਦੇ ਨੇ ਉਨ੍ਹਾਂ ਦੀ ਅਜਿੱਤਤਾ ਦਾ ਗੌਰਵ ਚੂਰ-ਚੂਰ ਕਰ ਦਿੱਤਾ। ਸਦੀਆਂ ਦੀ ਗੁਲਾਮੀ ਤੋਂ ਬਾਅਦ ਹਿੰਦੂਆਂ ਨੇ ਬੰਦੇ ਦੇ ਅਧੀਨ ਫਿਰ ਮਹਿਸੂਸ ਕੀਤਾ ਕਿ ਉਹ ਹਾਲੀ ਵੀ ਲੜ ਕੇ ਜਿੱਤ ਪ੍ਰਾਪਤ ਕਰ ਸਕਦੇ ਹਨ ਤੇ ਜਦੋਂ ਬੰਦਾ ਸਿੰਘ ਬਹਾਦਰ ਮਰਿਆ ਤਾਂ ਗੁਰੂ ਗੋਬਿੰਦ ਸਿਘ ਜੀ ਦਾ ਸੁਪਨਾ ਬਹੁਤ ਹੱਦ ਤਕ ਪੂਰਤੀ ਦੇ ਨੇੜੇ ਸੀ।

## ਅਧਿਐਨ ਦੀਆਂ ਪੁਸਤਕਾਂ


| | | |
|---|---|---|
| 1 | ਬੰਦਾ ਸਿੰਘ ਬਹਾਦਰ | ਡਾ. ਗੰਡਾ ਸਿੰਘ |
| 2 | ਏ ਸ਼ਾਰਟ ਹਿਸਟਰੀ ਆਫ ਸਿੱਖਸ | ਤੇਜਾ ਸਿੰਘ, ਗੰਡਾ ਸਿੰਘ |
| 3 | ਟਰਾਂਸਫਾਰਮੇਸ਼ਨ ਆਫ ਦਾ ਸਿੱਖਇਜ਼ਮ | ਡਾ. ਜੀ. ਸੀ. ਨਾਰੰਗ |
| 4 | ਦਾ ਹਿਸਟਰੀ ਆਫ ਪੰਜਾਬ | ਐਸ. ਐਮ. ਲਤੀਫ |
| 5 | ਹਿਸਟਰੀ ਆਫ ਸਿੱਖਸ | ਕਨਿੰਘਮ |
| 6. | ਹਿਸਟਰੀ ਆਫ ਸਿੱਖਸ | ਖੁਸ਼ਵੰਤ ਸਿੰਘ |
| 7. | ਹਿਸਟਰੀ ਆਫ ਸਿੱਖਸ | ਮੈਕ ਗਰੈਗਰ |
| 8. | ਏ ਸ਼ਾਰਟ ਹਿਸਟਰੀ ਆਫ਼ ਦਾ ਸਿੱਖਸ | ਸੀ. ਐਚ. ਪੈਨ |


.

Type Setting :
Department of Distance Education, Punjabi University, Patiala.